# ਦੋ ਬਟਾ ਇਕ

**ਵਿਅੰਗ ਤੇ ਨਿਬੰਧ**

**ਜਨਮੇਜਾ ਸਿੰਘ ਜੌਹਲ**

**ਏਸ਼ੀਆ ਵਿਜ਼ਨਜ**

**2020**

**160 ਰੁਪਏ**

# ਕੀ ਕਿੱਥੇ


5 ਮੁਆਫ਼ੀਨਾਮਾ

7 ਆਰ ਪਾਰ ਦੀਆਂ

9 ਚਲ ਭਗਤਾ ਹੋ ਜਾ ਵਲੈਤੀਆ

12 ਇੱਕ ਭੱਠੀ ਵਾਲੀ ਹੋਰ

15 'ਭੋਗ ਤੇ ਵਿਸ਼ੇਸ਼' ਨਹੀਂ

18 ਕਰੋੜਪਤੀ ਅਮੀਰ ਨਹੀਂ ਹੁੰਦੇ

21 ਹਮਰਾਹੀ ਦਾ ਝੋਲਾ

24 ਜ਼ਹਿਰਾਂ, ਜ਼ਹਿਰਾਂ, ਜ਼ਹਿਰਾਂ

26 ਤਾਰੇ ਗੀਤ ਸੁਣਦੇ ਸੌਂ ਗਏ

27 ਕੱਕਾ ਕਬੂਤਰ-ਕੱਕਾ ਕਨੇਡਾ

30 ਭੋਗ ਵਾਲੀ ਫੋਟੋ

32 ਕੌਡੀ, ਕੌਡੀ ਹੋਗੇ ਮਿੱਤਰੋ!

34 ਕਿ-ਕ-ਕੇ

37 ਧੂੰਆਂ ਧੂੰਆਂ ਹੋਈ ਕਿਸਾਨੀ

40 ਕੂੜੇ ਦੀ ਸਿਆਸਤ

43 ਕੁੱਕੂ ਕੱਟ

45 ਪੰਜਾਬੀ ਸਾਹਿੱਤ ਦੇ ਮਰਾਸੀ

48 ਇੰਦਰ ਨਾਗੌਰੀ

52 ਖਤਰੇ ਤੋਂ ਬਾਹਰ ਹੈ ਪੰਜਾਬੀ ਭਾਸ਼ਾ - ਪੰਜਾਬੀ ਭਾਸ਼ਾ ਕਦੇ ਨਹੀਂ ਮਰੇਗੀ

58 ਨੈਸ਼ਨਲ ਸ਼ੂ ਪਾਰਟੀ

60 ਸਵਰਗ ਦੀ ਸੈਰ

62 ਤਖਾਣ ਦਾ ਕੁੱਤਾ

65 ਆਪੋ ਆਪਣਾ ਟੂੱਲ

67 ਆਫਟਰ ਇਫੈਕਟਸ

71 ਰੱਬ ਦੀ ਬਖਸ਼ਿਸ਼

73 ਭੁੱਖੇ ਮਾਰਤੇ ਚੋਣ ਕਮਿਸ਼ਨ ਨੇ
75 ਰੱਬ ਦਾ ਬੰਦਾ
77 ਪਹਿਲੀ ਮੁਲਾਕਾਤ
81 ਮੂਹਰਲੀ ਸੀਟ
83 ਬੱਸ ਸਟਾਪ ਦੀ ਤਲਾਸ਼
86 ਚੰਗਾ ਹੋਇਆ ਉਹ ਮਰ ਗਿਆ
88 ਪ੍ਰਧਾਨਗੀ ਮੰਡਲ
91 ਦਿੱਲੀਓਂ ਮਨਜ਼ੂਰਸ਼ੁਦਾ
93 ਵੱਡਾ ਫੁੱਲ
95 ਹਾਤੇ ਵਿਚ ਕਵੀ ਦਰਬਾਰ
97 ਭਗਤ ਸਿੰਘ ਤੇ ਹੀਰ
99 ਤੇ ਪਛਾਣ ਆ ਗਈ
101 ਸਾਹਿੱਤ ਦਾ ਕਾਨੂੰਨ
103 ਨਵੀਂ ਸਾਹਿੱਤਕ ਪ੍ਰਥਾ ਦੀ ਸ਼ੁਰੂਆਤ
105 ਪੇਂਡੂ-ਮੇਲ ਦਾ ਰੂਟ
107 ਵਿਚਾਰੀ ਸਾਹਿੱਤ ਸਭਾ
109 ਲੇਖਕ ਏਕਤਾ-ਜ਼ਿੰਦਾਬਾਦ
111 ਆਮ ਲੇਖਕ ਦੀ ਅਰਜੋਈ
113 ਸ਼ਾਇਰ ਦੇ ਘਰ ਚੋਰੀ
115 ਫਟੋਚੀਏ
117 ਮੂੰਹ ਨੂੰ ਮੋਕ
119 ਸਭਿਆਚਾਰਕ ਮੋਹਰੀ
121 ਰੁਕਿਆ ਹੋਇਆ ਮਕਤਾ
125 ਮਿਸ਼ਰਾ ਜੀ
128 ਸਜਣਾ ਉਹ ਵਾਹਿਗੁਰੂ ਨਹੀਂ.......
130 ਮੱਖਾਂ ਤੂੰ ਨੀਂ ਗਿਆ ਲਾਹੌਰ?
132 ਸਫਲਤਾ ਦੀ ਕੁੰਜੀ

134 ਤੋਪ ਦੀ ਸਲਾਮੀ

136 ਜਾਂ ਤਾਂ ਮੱਘਦਾ ਸੂਰਜ ਬਣਜਾ

138 ਅਹੁਦੇਦਾਰੀਆਂ-ਕ੍ਰਿਤਾਂ ਮਾਰੀਆਂ

140 ਲਕਸ਼ਮਣ ਰੇਖਾ

141 ਅਜ ਦੇ ਬੀਰਬਲ

143 ਚੂਹੇ ਦਾ ਬੁੱਤ

# ਮੁਆਫ਼ੀਨਾਮਾ

ਭਾਂਵੇਂ ਲਿਖਣਾ ਮੇਰੀ ਮਜ਼ਬੂਰੀ ਨਹੀਂ, ਫੇਰ ਵੀ ਪਤਾ ਹੀ ਨਹੀਂ ਲੱਗਦਾ ਕਦੋਂ ਕੋਈ ਵਿਚਾਰ ਆਉਂਦਾ ਹੈ ਤੇ ਕਿਸੇ ਲੇਖ, ਨਿਬੰਧ ਜਾਂ ਕਵਿਤਾ ਦਾ ਰੂਪ ਧਾਰਨ ਕਰ ਲੈਂਦਾ ਹੈ। ਹੱਥਲੀ ਕਿਤਾਬ ਵੀ ਪਿਛਲੇ 15 ਸਾਲ ਵਿੱਚ ਵੱਖ-ਵੱਖ ਸਮੇਂ ਤੇ ਫੁੱਟੇ ਹੋਏ ਜਵਾਲਾਮੁਖੀ ਹੀ ਹਨ। ਜਦ ਵੀ ਕਿਸੇ ਘਟਨਾ ਜਾਂ ਵਰਤਾਰੇ ਨੇ ਮੇਰੇ ਅੰਦਰ ਖੱਲਬਲੀ ਮਚਾਈ, ਤਦ ਹੀ ਸ਼ਬਦਾਂ ਦੇ ਸਮੂਹ ਨੇ ਮੈਨੂੰ ਕੁੱਝ ਸ਼ਾਂਤੀ ਬਖਸ਼ੀ। ਸਾਰੇ ਹੀ ਨਿਬੰਧ 'ਫਸਟ ਪਰਸਨ' ਹਨ। ਕਿਤੇ ਵੀ, ਕੁਝ ਵੀ, ਸਿਰਫ ਲਿਖਤ ਖਾਤਰ ਨਹੀਂ ਹੈ। ਸੱਚ ਦੇ ਬਹੁਤ ਨੇੜੇ ਹਨ ਤੇ ਕੋਸ਼ਿਸ਼ ਸਿਰਫ ਇੰਨੀ ਕੁ ਕੀਤੀ ਹੈ ਕਿ ਕਿਸੇ ਤੇ ਜਾਤੀ ਹਮਲਾ ਨਾ ਹੋਵੇ, ਪਰ ਘਟਨਾਵਾਂ ਸਾਂਝੀਆਂ ਹਨ

ਪੰਜਾਬੀ ਵਿੱਚ ਵਿਅੰਗ, ਹਾਸਾ ਤੇ ਨਿਬੰਧ ਦਾ ਸਬੰਧ ਬਹੁਤ ਨਿਖੇੜ ਕੇ ਦੇਖਣਾ ਮੁਸ਼ਕਲ ਹੋ ਜਾਂਦਾ ਹੈ ਪਰ ਇਹ ਤਿੰਨੇ ਅਲੱਗ ਅਲੱਗ ਵਿਧਾਵਾਂ ਹਨ। ਨਿਬੰਧ ਤੀਸਰੀ ਧਿਰ ਦੀ ਗੱਲ ਕਰਦਾ ਕਰਦਾ ਵਿਸ਼ਾਲ ਰੂਪ ਲੈ ਲੈਂਦਾ ਹੈ । ਵਿਅੰਗ ਚੋਬ ਕਰਦਾ ਹੋਇਆ ਜ਼ਖਮੀ ਵੀ ਕਰਦਾ ਹੈ ਤੇ ਤੀਸਰੀ ਧਿਰ ਨੂੰ ਹਸਾਉਂਦਾ ਵੀ ਹੈ। ਹਾਸਾ ਤੀਸਰੀ ਧਿਰ ਦੀ ਅਗਿਆਨਤਾ ਦਾ ਪ੍ਰਤੀਕ ਹੋ ਨਿੱਬੜਦਾ ਹੈ। ਇਸ ਕਿਤਾਬ ਵਿੱਚ ਇਹਨਾਂ ਵਿੱਚੋਂ ਪਹਿਲੇ ਦੋ ਰੰਗ ਹੀ ਹਨ। ਇਹਨਾਂ ਦੇ ਵਿਸ਼ੇ ਰੋਚਿਕ ਵੀ ਹਨ ਤੇ ਨੀਰਸ ਵੀ। ਉਮੀਦ ਹੈ ਇਹ ਕਿਤਾਬ ਕਿਤੇ ਨਾ ਕਿਤੇ ਤੁਹਾਡੇ ਦਿਲ ਨੂੰ ਦਿਮਾਗ ਨਾਲ ਜੋੜੇਗੀ।

ਪਹਿਲੇ ਸੰਸਕਰਣ ਨੂੰ ਪਸੰਦ ਕਰਨ ਲਈ ਸਭ ਦਾ ਧੰਨਵਾਦ । ਦੂਸਰੇ ਸੰਸਕਰਣ ਵਿਚ ਪਾਠਕਾਂ ਦੇ ਸੁਝਾਵਾਂ ਅਨੁਸਾਰ ਸੋਧਾਂ ਵੀ ਕੀਤੀਆਂ ਗਈਆਂ ਹਨ।

-ਜਨਮੇਜਾ ਸਿੰਘ ਜੌਹਲ
98159-45018

**First Edition :**
**1st January 2002 (1700 copy)**
Second Edition :
**1st July 2005 (2000 copy)**
**3rd Edition 2016 (1000 copy)**
**This Enlaged Edition 2020 (3500 copy)**

**ਧੰਨਵਾਦੀ ਹਾਂ ਉਹਨਾਂ ਸਾਰੇ ਸੱਜਣਾਂ ਦਾ ਜੋ ਅਚੇਤ ਹੀ ਮੇਰੇ ਲੇਖਾਂ ਦੇ ਪਾਤਰ ਬਣ ਗਏ**

**ਇਹਨਾਂ ਰਚਨਾਵਾਂ ਦੇ ਸਾਰੇ ਪਾਤਰ ਭਰਪੂਰ ਜੀਵਨ ਅਨੰਦ ਲੈਂਦੇ ਕਿਰਦਾਰ ਹਨ/ਸਨ। ਜੇਕਰ ਇਹਨਾਂ ਕਲਪਨਾ ਦੀਆਂ ਉਡਾਣਾਂ ਨਾਲ ਕਿਸੇ ਨੂੰ ਦਿਲੋਂ ਠੇਸ ਪਹੁੰਚੇ ਤਾਂ ਉਹ ਆਪਣੇ ਅੰਦਰ ਇਕ ਝਾਤੀ ਮਾਰ ਲਵੇ, ਸ਼ਾਇਦ ਜੀਵਨ ਹੋਰ ਅਨੰਦਮਈ ਹੋ ਸਕੇ ।**

# ਆਰ ਪਾਰ ਦੀਆਂ

ਜੇ ਮੈਂ ਮਨੁੱਖੀ ਜਾਮੇ ਵਿਚ ਇਸ ਧਰਤੀ ਤੇ ਆਇਆ ਤਾਂ, ਤਾਹੀਂ ਪਤਾ ਲਗਾ ਕਿ ਇਹ ਧਰਤੀ ਸਮਾਜਾਂ ਵਿਚ ਵੰਡੀ ਪਈ ਹੈ ਤੇ ਸਮਾਜ ਨੂੰ ਅਗਾਂਹ ਲੋਕਾਂ ਨੇ ਆਪੋ ਆਪਣੀ ਜਾਇਦਾਦ ਬਣਾਇਆ ਹੋਇਆ ਹੈ। ਇਸ ਜਾਇਦਾਦ ਬਦਲੇ ਉਹ ਇਕ ਦੂਜੇ ਨਾਲ ਰੁੱਸਦੇ ਹਨ, ਲੜਦੇ ਹਨ, ਪਿਆਰ ਕਰਦੇ ਹਨ ਤੇ ਸੱਚ-ਝੂਠ ਬੋਲਦੇ ਹਨ। ਛੋਟੀਆਂ ਛੋਟੀਆਂ ਨਿੱਤ ਦੀਆਂ ਗੱਲਾਂ, ਆਖਰ ਮਨੁੱਖ ਦੀਆਂ ਆਦਤਾਂ ਬਣ ਜਾਂਦੀਆਂ ਹਨ। ਇਹ ਆਦਤਾਂ ਹੋਰ ਖੂਬਸੂਰਤੀਆਂ ਅਤੇ ਭੈੜਾਂ ਨੂੰ ਜਨਮ ਦੇਂਦੀਆਂ ਹਨ। ਫੇਰ ਇਹਨਾਂ 'ਚੋਂ ਪੈਦਾ ਹੁੰਦੀਆਂ ਹਨ ਦੋਸਤੀਆਂ ਤੇ ਦੁਸ਼ਮਣੀਆਂ। ਗੁੱਟਾਂ ਦੇ ਗਠਨ ਕੀਤੇ ਜਾਂਦੇ ਹਨ। ਗੁੱਟਾਂ ਦੇ ਗੁੱਟ ਗੁੱਠੇ ਲਾਏ ਜਾਂਦੇ ਹਨ ਜਾਂ ਫਿਰ ਅਸਮਾਨੇ ਚੜ੍ਹਾਏ ਜਾਂਦੇ ਹਨ।

ਰੋਟੀ ਦੀ ਲੋੜ-ਪੂਰਤੀ ਜਿਹਨਾਂ ਦੀ ਹੋ ਜਾਂਦੀ ਹੈ, ਉਹਨਾਂ ਦੀ ਜਿਨਸੀ ਤੇ ਜ਼ਿਹਨੀ ਭੁੱਖ ਵੱਧ ਜਾਂਦੀ ਹੈ। ਕਈ ਤਾਂ ਸਾਧੂ ਬਣ ਜੰਗਲਾਂ ਵਿਚ ਜਾਕੇ ਰੱਬ ਨੂੰ ਹੀ ਜੱਫ਼ਾ ਮਾਰਨਾ ਚਾਹੁੰਦੇ ਹਨ। ਜਿਹਨਾਂ ਵਿਚ ਘਰੋਂ ਨਿਕਲਣ ਦੀ ਹਿੰਮਤ ਨਹੀਂ ਉਹ ਆਲੇ ਦੁਆਲੇ ਆਪਣੀਆਂ ਹੀ ਮੋਮਬੱਤੀਆਂ ਜਗਦੀਆਂ ਵੇਖਣੀਆਂ ਚਾਹੁੰਦੇ ਹਨ। ਇਸ ਸਾਰੇ ਕਾਸੇ ਲਈ ਉਹ ਕੀ ਕੀ ਹੱਥ-ਕੰਡੇ ਵਰਤਦੇ ਹਨ, ਇਹ ਸਭ ਅਣਕਿਆਸਾ ਹੋ ਸਕਦਾ ਹੈ। ਇਹ ਸਭ ਕੁਝ ਕਿਸੇ ਇਕ ਸ਼ਹਿਰ ਜਾਂ ਖਿੱਤੇ ਵਿਚ ਹੀ ਨਹੀਂ ਹੋ ਰਿਹਾ ਹੁੰਦਾ। ਇਹ ਤਾਂ ਹਰ ਵਕਤ ਹਰ ਥਾਂ ਵਾਪਰਦਾ ਰਹਿੰਦਾ ਹੈ। ਝੁੰਡਾਂ ਦੇ ਝੁੰਡ ਇਸ ਪ੍ਰਕ੍ਰਿਆ ਵਿਚੋਂ ਲੰਘ ਗਏ ਹਨ ਤੇ ਕਈ ਲੰਘ ਜਾਣਗੇ।

ਤੁਸੀਂ ਪੁੱਛ ਸਕਦੇ ਹੋ ਕਿ ਇਸ ਤਰ੍ਹਾਂ ਤਾਂ ਸਮਾਜ ਨਿਘਾਰ ਵਲ ਜਾ ਰਿਹਾ ਹੋਵੇਗਾ? ਨਹੀਂ ਜਨਾਬ! ਇਹ ਲੋਕ ਤਾਂ ਰੱਬ ਦੇ ਭੇਜੇ ਹੋਏ ਸਮਾਜ ਦੇ ਸੇਵਾਦਾਰ ਹਨ। ਜੇਕਰ ਇਹ ਇਸ ਤਰ੍ਹਾਂ ਦੀਆਂ ਅਨੈਤਿਕ ਤੇ ਲਲਚਾਈਆਂ ਹਰਕਤਾਂ ਨਾ ਕਰਨ ਤਾਂ ਸਮਾਜ ਸੁਚੇਤ ਕਿਵੇਂ ਰਹੇਗਾ। ਕਿਵੇ ਂ ਗੁਣਾਤਮਕ ਦ੍ਰਿਸ਼ਟੀ ਵਾਲੇ ਲੋਕ ਆਪਣੀਆਂ ਛੋਟੀਆਂ ਛੋਟੀਆਂ ਗ਼ਲਤੀਆਂ ਸੁਧਾਰਨਗੇ। ਜੇਕਰ ਇਹ ਲੋਕ ਗਧਿਆਂ ਤੇ ਕਾਠੀਆਂ ਪਾਕੇ ਘੋੜੇ ਦਾ ਭੁਲੇ

ਖਾ ਨਾ ਪਾਉਣਗੇ ਤਾਂ ਅਸਲੀ ਘੋੜੇ ਕਿੰਜ ਦੁੜੰਗੇ ਲਾਉਣਗੇ। ਜੇਕਰ ਮੱਧ-ਸੋਚ ਦੇ ਲੋਕਾਂ ਨੂੰ ਤੁਸੀਂ ਤਾੜ ਦਿਓਗੇ ਤਾਂ ਉਹ ਵੱਧ ਖਤਰਨਾਕ ਹੋ ਸਕਦੇ ਹਨ। ਮੂਲ ਕਲਾ ਤੇ ਰਚਨਾਤਮਿਕਤਾ ਨੇ ਤਾਂ ਦਗਣਾ ਹੀ ਹੈ। *ਭਾਂਬੜ ਕਦੇ ਦਗਦੇ ਨਹੀਂ*, ਤਾਹੀਓਂ ਉਹ ਸਾੜਦੇ ਹਨ। ਭਾਂਬੜ, ਲੋੜੀਂਦਾ ਸੇਕ ਤੇ ਰੌਸ਼ਨੀ ਦੇਰ ਤਕ ਨਹੀਂ ਪੈਦਾ ਕਰ ਸਕਦੇ।

ਇਸ ਕਿਤਾਬ ਵਿਚਲੀ ਸਮੱਗਰੀ ਇਸੇ ਧਾਰਨਾ ਨਾਲ ਲਿਖੀ ਗਈ ਹੈ। ਇਥੇ ਕਿਸੇ ਇਕ ਦਾ ਵਿਰੋਧ ਜਾਂ ਪੱਖ ਪੂਰਨਾ ਨਹੀਂ ਕੀਤਾ ਗਿਆ। ਇਹੋ ਜਿਹੇ ਚਿਹਰੇ ਤੁਹਾਨੂੰ ਹਰ ਥਾਂ ਮਿਲ ਜਾਣਗੇ। ਹਰ ਉਮਰ, ਹਰ ਵਰਗ ਵਿਚ ਮਿਲ ਜਾਣਗੇ। ਹਰ ਨਾਮ ਵਿਚ, ਹਰ ਕਿੱਤੇ ਵਿਚ ਮਿਲ ਜਾਣਗੇ। ਮੇਰੀ ਨਿਰੋਲ ਭਾਵਨਾ ਹਮੇਸ਼ਾ ਇਹਨਾਂ ਕਿਰਦਾਰਾਂ ਤੋਂ ਸਿੱਖਣ ਦੀ ਰਹੀ ਹੈ। ਕਈ ਵਾਰੀ ਜਾਣਬੁੱਝ ਕਿ ਨੁਕਸਾਨ ਕਰਵਾ ਕਿ ਵੀ ਸਿੱਖਿਆ ਹੈ। ਮੈਨੂੰ ਇਹਨਾਂ ਲੋਕਾਂ ਨਾਲ ਨਫ਼ਰਤ ਨਹੀਂ ਪਿਆਰ ਹੈ, ਜੇ ਸੱਚੀ ਪੁੱਛੋਂ ਤਾਂ ਹਮਦਰਦੀ ਹੈ ਜੋ ਕਿ ਮੇਰੇ ਨੁਕਸ ਮੈਨੂੰ ਬਹੁਤ ਥੋੜੀ ਕੀਮਤ ਲੈਕੇ ਦੱਸ ਦੇਂਦੇ ਹਨ। ਔਗੁਣ ਰਹਿਤ ਤਾਂ ਮੈਂ ਨਹੀਂ ਹਾਂ ਪਰ ਇਹਨਾਂ ਕਿਰਦਾਰਾਂ ਦੀ ਬਦੌਲਤ ਕੁਝ ਔਗੁਣ ਘੱਟ ਜ਼ਰੂਰ ਗਏ ਹਨ ਜਾਂ ਕਹਿ ਲਵੋ ਕਿ ਘੱਟੋ ਘੱਟ ਉਹਨਾਂ ਔਗੁਣਾਂ ਪ੍ਰਤੀ ਸੁਚੇਤ ਜ਼ਰੂਰ ਹੋਇਆ ਹਾਂ।

ਮੇਰੀ ਸਲਾਹ ਹੈ ਕਿ ਅਗਰ ਤੁਹਾਨੂੰ ਕੋਈ ਇਹੋ ਜਿਹਾ ਕਿਰਦਾਰ ਮਿਲੇ ਤਾਂ ਉਸਨੂੰ ਸਮਝੋ ਤੇ ਸੋਚੋ ਕਿ ਤੁਸੀਂ ਕੀ ਨਹੀਂ ਕਰਨਾ ਹੈ। ਭਾਵੇ ਂ ਉਸਨੂੰ ਬਣਦਾ ਮਾਣ-ਸਨਮਾਨ ਤਾਂ ਦਿਓ ਪਰ ਇਕ ਗੱਲ ਦਾ ਹਮੇਸ਼ਾ ਖਿਆਲ ਰੱਖੋਂ, ਸਜ਼ਾ ਕਦੇ ਨਾ ਦਿਓ ।

ਨਹੀਂ ਤਾਂ ਉਹਨਾਂ ਨੇ ਆਪਣੇ ਦੁਆਲੇ ਦੂਰਦ੍ਰਿਸ਼ਟੀ ਦੀ ਘਾਟ ਕਾਰਨ ਵਾਹੀਆਂ ਮੋਟੀਆਂ ਕਾਲੀਆਂ ਲੀਕਾਂ ਦੇ ਘੇਰੇ ਕਦੇ ਵੀ ਨਹੀਂ ਤੋੜਨੇ ।

*ਤੇ ਇਹ ਸਾਡੀ ਹਾਰ ਹੋਵੇਗੀ।*

-ਜਨਮੇਜਾ ਸਿੰਘ ਜੌਹਲ

**2920, ਗੁਰਦੇਵ ਨਗਰ, ਲੁਧਿਆਣਾ, ਪੰਜਾਬ**

# ਚਲ ਭਗਤਾ ਹੋ ਜਾ ਵਲੈਤੀਆ

'ਵਲੈਤ' ਮੁੱਢੋਂ ਤਾਂ ਫਾਰਸੀ ਦਾ ਸ਼ਬਦ ਹੈ ਜਿਸਦੇ ਸਹਿੰਦੇ ਅਰਥ ਹਨ 'ਬੇਗਾਨੀ ਧਰਤੀ' ਜਾਂ 'ਰੁਜ਼ਗਾਰ ਦੀ ਧਰਤੀ'। ਕਈ ਹੋਰ ਫਾਰਸੀ ਸ਼ਬਦਾਂ ਵਾਂਗ ਵਲੈਤ ਸ਼ਬਦ ਵੀ ਪੰਜਾਬੀ ਦਾ ਹੋਕੇ ਰਹਿ ਗਿਆ ਹੈ। ਵਲੈਤ ਨੇ ਜਦੋਂ ਰੰਗ ਦਿਖਾਏ ਤਾਂ ਫੇਰ ਸਾਰਾ ਦੁਆਬਾ ਵਲੈਤੀਆ ਹੋ ਗਿਆ। 1947 ਦੀ ਵੰਡ ਤੋਂ ਬਾਅਦ ਜ਼ਮੀਨਾਂ ਅਲਾਟ ਕਰਨ ਵਿੱਚ ਹੋਈ ਹੇਰਾਫੇਰੀ ਨੇ ਬਾਰੋਂ ਆਏ ਪੰਜਾਬੀਆਂ ਦੀਆਂ ਮੁਹਾਰਾਂ ਵਲੈਤ ਵੱਲ ਮੋੜ ਦਿੱਤੀਆਂ। ਬਾਰ ਵਿਚ ਮੁਰੱਬਿਆਂ ਦੇ ਮਾਲਕ, ਕਨਾਲਾਂ, ਜੋਗੇ ਰਹਿ ਗਏ ਸਨ। ਫੇਰ ਭਲਾ ਇਹ ਕਿਉਂ ਨਾ ਦੂਜੇ ਮੁਲਕਾਂ ਵਲ ਵਹੀਰਾਂ ਘੱਤਦੇ? ਕੋਈ ਫਿਜ਼ੀ, ਕੋਈ ਮਲੇਸ਼ੀਆ, ਕੋਈ ਕੋਈ ਅਫਰੀਕਾ ਤੇ ਬਹੁਤ ਬਰਤਾਨੀਆ ਜਾ ਵਸੇ। ਵਾਊਚਰਾਂ ਤੇ ਗਏ ਇਹ ਲੋਕ ਉਥੋਂ ਦੇ ਪੱਕੇ ਵਸਨੀਕ ਬਣ ਗਏ। 60ਵੇਂਆਂ ਦੇ ਅੱਧੋਂ ਬਾਅਦ ਜੋ ਮੁੜ ਆਏ, ਪੱਕੇ ਜਾਂ ਅਸਥਾਈ, ਆਪਣੇ ਘਰਾਂ ਦੇ ਮੂਹਰੇ.... ਸਿੰਘ ਵਲੈਤੀਆ ਲਿਖਣ ਲੱਗ ਪਏ। ਦੁਆਬੇ ਦੇ ਹਰ ਪਿੰਡ ਦੇ ਵਿਚ ਕਈ ਦਰਵਾਜੇ ਇੰਜ 'ਵਲੈਤੀਆ' ਨਾਮ ਵਾਲੇ ਲਭ ਪੈਂਦੇ ਸਨ। ਸਮੇਂ ਨਾਲ ਇਹ ਰਿਵਾਜ ਖ਼ਤਮ ਹੁੰਦਾ ਗਿਆ। ਬਜ਼ੁਰਗ ਰਬ ਨੂੰ ਪਿਆਰੇ ਹੁੰਦੇ ਗਏ। ਟੱਬਰਾਂ ਦੇ ਟੱਬਰ ਵਲੈਤ ਪੱਕੇ ਵਸ ਗਏ। ਨਵੀਂ ਪੀੜ੍ਹੀ ਨੇ ਕੰਨੀਂ ਮੁੰਦਰਾਂ ਤੱਕ ਪਾਉਂਦੀਆਂ ਸ਼ੁਰੂ ਕਰ ਦਿੱਤੀਆਂ। ਅੱਜ ਦੇ ਇਹ ਵਲੈਤੀਏ ਤਾਂ ਇਹ ਵੀ ਨਹੀਂ ਜਾਣਦੇ ਕਿ 'ਵਲੈਤ' ਸ਼ਬਦ ਦੀ ਵੀ ਕੋਈ ਹੋਂਦ ਹੈ। ਪਰ ਇਸ ਵਿੱਚ ਇਹਨਾਂ ਦਾ ਵੀ ਕੀ ਕਸੂਰ? ਵੀਜ਼ੇ ਦੀਆਂ ਸਖਤਾਈਆਂ ਤੇ ਪਰਿਵਾਰਾਂ ਦਾ ਧਰੁਵੀਕਰਣ ਨਵੇਂ ਵਲੈਤੀਏ ਪੈਦਾ ਕਰਨ ਦੇ ਵਿਚ ਵੱਡੀਆਂ ਰੁਕਾਵਟਾਂ ਹਨ। ਇਕ ਖੁਸ਼ਕ ਜਿਹਾ ਮਾਹੌਲ ਪੈਦਾ ਹੋ ਗਿਆ ਹੈ। ਨਾ ਤਾਂ ਵਲੈਤ ਜਾਣ ਦਾ ਚਾਅ ਹੈ ਤੇ ਨਾ ਹੀ ਵਲੈਤੋਂ ਆਉਣ ਵਾਲਿਆਂ ਨੂੰ ਵਲੈਤੀਏ ਅਖਵਾਉਣ ਦਾ ਟਸ਼ਨ ਹੈ। ਇਹੋ ਜਿਹੇ ਮਾਹੌਲ ਵਿੱਚ ਜੇ ਕਿਤੇ ਕੋਈ ਬੰਦਾ ਵਲੈਤੀਆ ਬਨਣਾ ਚਾਹੇ ਤਾਂ ਸਮਝੋ ਆਨੰਦ ਦੀ ਨਵੀਂ ਸੀਮਾ ਪੈਦਾ ਹੁੰਦਾ ਹੈ। ਮੇਰਾ ਇਕ ਚੰਗਾ ਜਾਣਕਾਰ ਤੇ ਮੈਂ ਘਰੋਂ ਤੁਰ ਪਏ ਇੰਗਲੈਂਡ ਦੇ ਦੌਰੇ ਤੇ। ਮੇਰੀ ਇਹ ਪਿਛਲੇ 36 ਸਾਲਾਂ ਵਿੱਚ ਚੌਥੀ ਵਾਰੀ ਸੀ। ਪਹਿਲੋਂ 1970 ਵਿੱਚ ਫੇਰ 1990 ਵਿੱਚ, ਫੇਰ 1994 ਵਿੱਚ ਤੇ ਹੁਣ 2006 ਵਿੱਚ। 12 ਸਾਲ ਦੇ ਵਕਫੇ ਬਾਅਦ ਇਸਨੂੰ ਪਹਿਲੀ ਵਾਰ ਕਹਿ ਲੈਣਾ ਠੀਕ

ਹੋਵੇਗਾ। ਮੇਰਾ ਜਾਣਕਾਰ ਇਕ ਇਹੋ ਜਿਹਾ 'ਸਿੰਘ' ਸੀ ਜੋ ਸਮਾਜਿਕ ਤੌਰ ਤੇ ਤਾਂ 'ਸੁਰਜੀਤ' ਸੀ ਪਰ ਤੁਰਨ ਫਿਰਨ ਜਾਂ ਸੈਰ ਸਪਾਟੇ ਦੇ ਪੱਖੋਂ 'ਭਗਤ' ਹੀ ਸੀ। ਲੁਦੇਹਾਣੇ ਸ਼ਹਿਰੋਂ ਬਾਹਰ ਉਸਨੇ ਕਦੇ ਘੱਟ ਹੀ ਰਾਤ ਕੱਟੀ ਸੀ। 'ਲੁਦੇਹਾਣਾ' 'ਤੇ 'ਲੰਡਨ' ਇੱਕੋ ਰਾਸ਼ੀ ਦੇ ਸ਼ਹਿਰ ਹਨ ਤੇ ਇਹਨਾਂ ਦਾ ਮਿਲਦਾ ਵੀ ਕਈ ਕੁਝ ਹੈ। ਇਹ ਦੋਵੇਂ ਸ਼ਹਿਰ ਬੇਹਿਸਾਬੇ ਫੈਲੇ ਹਨ ਤੇ ਨਿਰਮਲ ਨਹੀਂ ਹਨ। ਦੋਹਾਂ ਸ਼ਹਿਰਾਂ ਵਿੱਚ ਕੋਈ ਕਿਸੇ ਦਾ ਆਪਣਾ ਲੱਭ ਪਏ, ਸਮਝੋ ਲਾਟਰੀ ਨਿਕਲ ਆਈ। ਜਹਾਜ਼ ਦੋ ਘੰਟੇ ਲੇਟ ਸੀ। ਗੁਰੂ ਦੀ ਨਗਰੀ ਤੋਂ ਪਹਿਲੀ ਵਾਰ ਜ਼ਹਾਜ਼ ਚੜ੍ਹ ਰਹੇ ਸਾਂ। ਭਗਤ ਜੀ ਬੜੇ ਹੀ ਘਬਰਾ ਰਹੇ ਸਨ। ਥੋੜ੍ਹੇ ਥੋੜ੍ਹੇ ਸਮੇਂ ਬਾਅਦ ਘਰੇ ਫੋਨ ਕਰ ਰਹੇ ਸਨ। ਉਹਨਾਂ ਦੇ ਅੰਦਰ ਟਿਕਾਅ ਜਿਹਾ ਨਹੀਂ ਸੀ। ਘਰੋਂ ਬਾਹਰ ਰਹਿਣ ਦਾ ਅਹਿਸਾਸ ਪਹਿਲੀ ਵਾਰ ਹੋ ਰਿਹਾ ਸੀ। ਉਹਨਾਂ ਵੱਲੋਂ ਨਿੱਕੇ ਨਿੱਕੇ ਸਵਾਲ ਸਿਰਫ ਦਿਲ ਨੂੰ ਬੰਨਣ ਲਈ ਹੀ ਕੀਤੇ ਜਾ ਰਹੇ ਸਨ। ਮੇਰੇ ਨਾਲ ਛੋਟੇ ਛੋਟੇ ਫਿਕਰਾਂ ਦਾ ਜ਼ਿਕਰ ਸਿਰਫ ਮਨ ਨੂੰ ਧਰਵਾਸਾ ਦੇਣ ਦੀ ਖਾਤਰ ਸਨ।

ਏਅਰਪੋਰਟ ਦੀ ਬਸ ਵਿੱਚੋਂ ਉੱਤਰ ਕੇ ਜਦੋਂ ਜਹਾਜ਼ ਦੀ ਪਹਿਲੀ ਪਾਉੜੀ ਚੜ੍ਹੀ ਤਾਂ ਮੇਰੇ ਮੂੰਹੋਂ ਅਚਾਨਕ ਨਿਕਲ ਗਿਆ, 'ਲੈ ਭਗਤਾ, ਚੁੱਕ ਲਾ ਪੈਰ ਪੰਜਾਬ ਦੀ ਧਰਤੀ ਤੋਂ ਤੇ ਵਧਾ ਲੈ ਕਦਮ ਵਲੈਤ ਵੱਲ' ਸਚ ਮੰਨਿਓ ਇਕ ਵਾਰੀ ਤਾਂ ਉਸ ਦੇ ਕਦਮ ਖਲੋ ਹੀ ਗਏ। ਕੀ ਸੱਚੀ ਮੁੱਚੀਂ ਹੁਣ ਉਸਦੇ ਪੈਰ ਪੰਜਾਬ ਦੀ ਧਰਤੀ ਤੇ ਨਹੀਂ ਹਨ? ਦਿਸਹੱਦਿਆਂ ਨੂੰ ਮੰਜ਼ਲ ਸਮਝ ਜਹਾਜ਼ ਨੇ ਪੜਾਵਾਂ ਨੂੰ ਸਰ ਕੀਤਾ। ਸਾਰੀ ਰਾਤ ਦੀ ਥਕਾਨ, ਘਰ ਦੀ ਯਾਦ ਤੇ ਅਣਦੇਖੀ ਧਰਤੀ ਤੇ ਮਾਰੀ ਦੁਨੀਆਂ ਦੇ ਸਾਂਝੇ ਸੂਰਜ ਦੀ ਰੌਸ਼ਨੀ ਨੇ ਜਦੋਂ ਝਲਕ ਦਿੱਤੀ ਤਾਂ 'ਭਗਤ' ਦਾ ਮਨ ਖਿਲ ਉਠਿਆ। ਜਹਾਜ਼ ਨੇ ਆਪਣਾ ਕਰਮ ਨਿਭਾਅ ਦਿੱਤਾ। ਹੱਥ ਵਿਚ ਸਟੈਂਪ ਲਗਾ ਪਾਸਪੋਰਟ ਫੜੀ, ਗਲ ਵਿਚ ਬੈਗ ਲਮਕਾਈ, ਚਿਹਰੇ ਤੇ ਮੁਸਕਾਨ ਲੈਕੇ ਜਦੋਂ 'ਭਗਤ' ਇਮੀਗਰੇਸ਼ਨ ਦੇ ਕਾਊਂਟਰ ਤੋਂ ਬਾਹਰ ਆਇਆ ਤਾਂ ਮੇਰੇ ਕੋਲੋਂ ਫੇਰ ਸਹਿਜ ਸੁਭਾਅ ਕਹਿ ਹੋ ਗਿਆ,

'ਚਲ ਭਗਤਾ, ਹੋ ਜਾ ਵਲੈਤੀਆ। '

ਮੇਰੇ ਚੇਤਿਆਂ ਵਿਚ ਵਸਿਆ 'ਵਲੈਤੀਆ' ਸ਼ਬਦ ਸ਼ਾਇਦ ਆਪਣਾ ਵਜੂਦ ਲੱਭ ਰਿਹਾ ਸੀ। ਹੁਣ ਜਦ ਮੈਂ ਵਾਪਸ ਆਪਣੇ ਸ਼ਹਿਰ ਪਹੁੰਚਾਂਗਾ ਤਾਂ

ਮੈਨੂੰ ਪੂਰੀ ਉਮੀਦ ਹੋਵੇਗੀ ਕਿ ਭਗਤ ਨੇ ਆਪਣੇ ਘਰ ਦੇ ਬਾਹਰ ਫੱਟੀ ਉੱਤੇ 'ਭਗਤ ਵਲੈਤੀਆ' ਜਰੂਰ ਲਿਖਿਆ ਹੋਵੇਗਾ। ਜੇਕਰ ਨਹੀਂ ਵੀ ਲਿਖੇਗਾ ਤਾਂ ਘੱਟੋ ਘੱਟ ਮੇਰੇ ਸੁਪਨੇ ਜਰੂਰ ਇਹ ਫੱਟੀ ਦੇਖ ਲੈਣਗੇ ਇਕ ਰਾਤ। ***

# ਇੱਕ ਭੱਠੀ ਵਾਲੀ ਹੋਰ

ਛੋਟੇ ਹੁੰਦੇ ਕਿਸੇ ਨੇ ਇਕ ਕਹਾਣੀ ਸੁਣਾਈ ਸੀ, 'ਅੱਖੇ ਇੱਕ ਬੰਦੇ ਦਾ ਨਾਮ 'ਬੁੱਧੂ' ਸੀ, ਉਹ ਕੋਈ ਕੰਮ-ਕਾਰ ਨਹੀਂ ਸੀ ਕਰਦਾ, ਸਾਰਾ ਦਿਨ ਐਧਰ ਉਧਰ ਤੁਰੇ ਫਿਰਦੇ ਰਹਿਣਾ ਜਾਂ ਕਿਸੇ ਨਾਲ ਲੜ ਪੈਣਾ। ਘਰਦੇ ਵੀ ਉਸ ਤੋਂ ਤੰਗ ਸਨ ਤੇ ਇਕ ਦਿਨ ਉਹ ਗੁੱਸਾ ਖਾ ਕਿ ਪਿੰਡੋਂ ਤੁਰ ਗਿਆ। ਤੁਰਦੇ-ਤੁਰਦੇ ਜਦ ਤਕਾਲਾਂ ਹੋ ਗਈਆਂ ਤਾਂ ਉਸਨੂੰ ਜ਼ੋਰ ਦੀ ਭੁੱਖ ਲੱਗੀ। ਪਰ ਰੋਟੀ ਕਿੱਥੋਂ ਖਾਵੇ? ਪਿੰਡ ਦੇ ਇਕ ਖੁੱਲ੍ਹੇ ਥਾਂ ਉਸਨੇ ਇੱਕ ਝੀਊਰੀ ਦਾਣੇ ਭੁੰਨਦੀ ਦੇਖੀ। ਉਸਨੇ ਝੀਊਰੀ ਨੂੰ ਆਖਿਆ ਕਿ ਉਹ ਭੱਠੀ ਨੂੰ ਝੋਕਾ ਦੇਣ ਵਿਚ ਉਸਦੀ ਮੱਦਦ ਕਰ ਸਕਦਾ ਹੈ ਜੇਕਰ ਉਹ ਉਸਨੂੰ ਕੁਝ ਭੁੱਜੇ ਦਾਣੇ ਦੇ ਦੇਵੇ। ਝੀਊਰੀ ਮੰਨ ਗਈ ਕਿਉਂਕਿ ਉਸ ਕੋਲ ਉਸ ਵੇਲੇ ਕਾਫ਼ੀ ਚੁੰਗਾਂ ਸਨ। ਬੁੱਧੂ ਨੇ ਝੋਕਾ ਲਾਉਣਾ ਸ਼ੁਰੂ ਕਰ ਦਿੱਤਾ। ਕਦੇ-ਕਦੇ ਕੋਈ ਖਿੱਲ ਭੁੜਕ ਕਿ ਉਸ ਵੱਲ ਆ ਡਿਗਦੀ ਤਾਂ ਉਹ ਚੁੱਕ ਕਿ ਖਾ ਲੈਂਦਾ। ਇਕ ਵੇਰ ਇਕ ਖਿੱਲ ਕੁਝ ਦੂਰ ਜਾ ਡਿੱਗੀ। ਬੁੱਧੂ ਝੋਕਾ ਛੱਡ ਕਿ ਉਹ ਖਿੱਲ ਲੱਭਣ ਲੱਗ ਪਿਆ। ਝੀਊਰੀ ਗਰਮ-ਗਰਮ ਦਾਤੀ ਬੁੱਧੂ ਦੇ ਲਾ ਕਿ ਬੋਲੀ, ''ਵੇ ਬੁੱਧੂਆ, ਝੋਕਾ ਲਾ, ਖਿੱਲਾਂ ਫੇਰ ਚੁੱਗੀਂ। '' ਬੁੱਧੂ ਇੱਕ ਦਮ ਉੱਠ ਕਿ ਖੜ੍ਹ ਗਿਆ ਤੇ ਬੋਲਿਆ,''ਬੇਬੇ ਪਹਿਲੋਂ ਇਹ ਦਸ ਤੈਨੂੰ ਮੇਰਾ ਨਾਮ ਕੀਹਨੇ ਦੱਸਿਆ?''......

..ਕਹਾਣੀ ਸ਼ਾਇਦ ਅੱਗੇ ਹੋਰ ਵੀ ਸੀ।

ਮੇਰੇ ਬਾਲ ਮਨ ਤੇ ਇਸਦਾ ਕਾਫੀ ਅਸਰ ਹੋਇਆ ਕਿ ਵੱਡੇ ਤੇ ਸਿਆਣੇ ਲੋਕ ਤੁਹਾਡੇ ਬਾਰੇ ਆਪੇ ਜਾਣ ਜਾਂਦੇ ਹਨ। ਉਹਨਾਂ ਕੋਲੋਂ ਕੁਝ ਵੀ ਛੁਪਾਇਆ ਨਹੀਂ ਜਾ ਸਕਦਾ। ਇਸ ਗੱਲ ਦੀ ਪ੍ਰੋੜਤਾ ਲਈ ਮੈਂ ਕਈ ਵਾਰੀ ਪਿੰਡ ਦੀ ਭੱਠੀ ਇੰਵੇਂ ਹੀ ਖਿੱਲਾਂ ਚੁਗਣ ਗਿਆ ਕਿ ਦੇਖਾਂ, ਇਹ ਝੀਊਰੀ ਮੇਰਾ ਨਾਮ ਬੁੱਝਦੀ ਹੈ ਕਿ ਨਹੀਂ? ਪਰ ਹਰ ਵਾਰੀ, 'ਵੇ ਪੁੱਤਰਾ' ਜਾਂ 'ਵੇ ਦੋਹਤਿਆ' ਤੋਂ ਇਲਾਵਾ ਉਸਨੇ ਕੁਝ ਨਾ ਕਿਹਾ। ਮੈਨੂੰ ਲੱਗਦਾ ਸੀ ਕਿ ਇਹ ਝੀਊਰੀ ਹਾਲੇ ਸਿਆਣੀ ਨਹੀਂ ਹੋਈ, ਇਹ ਤਾਂ ਬਸ ਰਿਸ਼ਤੇ ਹੀ ਦਸ ਸਕਦੀ ਹੈ, ਨਾਮ ਨਹੀਂ।

40 ਸਾਲ ਬਾਅਦ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੀ ਰੀਝ ਨਾਲ ਗੂੜ ਮਾਲਵੇ ਦੇ ਇਕ ਪਿੰਡ ਗਿਆ। ਪੰਜਾਬੀ ਸਭਿਆਚਾਰਕ ਪਿੰਡ ਦੀ

ਸਥਾਪਨਾ ਕਰਨ ਦੇ ਇਰਾਦੇ ਨਾਲ ਕਈ ਥਾਵਾਂ ਤੋਂ ਪੁਰਾਣਾ ਸਾਮਾਨ ਇਕੱਠਾ ਕਰ ਰਿਹਾ ਸੀ। ਇੱਕ ਪਿੰਡ ਤੋਂ ਸੰਦੂਕ ਤੇ ਹੋਰ ਤਰਖਾਣਾਂ ਸਾਮਾਨ ਇਕੱਠਾ ਕਰਕੇ ਇੱਕ ਟੈਂਪੂ ਲੁਧਿਆਣੇ ਤੋਰ ਕਿ ਆਪਣੀ ਗੱਡੀ ਤੇ ਵਾਪਸ ਤੁਰ ਪਿਆ। ਟੈਂਪੂ ਨੇ ਪਿੰਡਾਂ ਦੇ ਰਾਹਾਂ ਥਾਈਂ ਹੋਕੇ ਜਾਣਾ ਸੀ। ਇਸ ਲਈ ਸੋਚਿਆ ਟੈਂਪੂ ਦੇ ਮਗਰ ਮਗਰ ਚਲਿਆ ਜਾਵੇ। ਪਿੰਡਾਂ ਦੀਆਂ ਫਿਰਨੀਆਂ ਦੇ ਕੱਚੇ-ਪੱਕੇ ਮੋੜ ਕੱਟਦਿਆਂ ਟੈਂਪੂ ਅੱਗੇ ਨਿਕਲ ਗਿਆ ਤੇ ਅਸੀਂ ਪਿੱਛੇ ਰਹਿ ਗਏ।

ਇਕ ਪਿੰਡ ਦੇ ਬਾਹਰਵਾਰ ਖੁੱਲ੍ਹੀ ਜਿਹੀ ਥਾਂ ਇੱਕ ਦਮ ਗੱਡੀ ਦੀਆਂ ਬਰੇਕਾਂ ਲੱਗ ਗਈਆਂ। ਇੱਕ ਬੇਬੇ ਇੱਥੇ ਭੱਠੀ ਲਾਈ ਦਾਣੇ ਭੁੰਨ ਰਹੀ ਸੀ। ਭੁੱਲੇ ਵਿਸਰੇ ਭੁੱਜੇ ਦਾਣਿਆਂ ਦੇ ਸੁਆਦ ਨੇ ਅੱਗੇ ਨਾ ਤੁਰਨ ਦਿੱਤਾ। ਓਪਰੇ ਬੰਦਿਆਂ ਵਾਂਗ ਅਸੀਂ ਭੱਠੀ ’ਤੇ ਪਹੁੰਚ ਗਏ। ਸਮਝ ਨਹੀਂ ਸੀ ਲੱਗ ਰਹੀ ਕਿ ਕਿਵੇਂ ਗੱਲ ਕਰੀਏ। ਬੇਬੇ ਨੇ ਜਦ ਸਾਨੂੰ ਦੇਖਿਆ ਤਾਂ ਬੋਲੀ, ‘ਦੱਸੋ ਭਾਈ’,

‘ਕੁਸ ਨਹੀ ਬੇਬੇ, ਬਸ ਆਹ ਭੱਠੀ ਦੇ ਫੋਟੋ ਜਿਹੇ ਖਿੱਚਣੇ ਆਂ।
’

‘ਬੇ ਭਾਈ ਤੁਸੀਂ ਕਿਤੇ ਲੁੱਟਣ ਆਲੇ ਤਾਂ ਨਹੀਂ, ਐਂ ਈ ਬੰਦੇ ਆਥਣੇ ਭੇਤ ਲੈਂਦੇ ਆ ਤੇ ਨ੍ਹੇਰੇ ਹੋਏ ਲੁੱਟਦੇ ਆ’,

‘ਬੇਬੇ ਅਸੀਂ ਤੈਨੂੰ ਲੁੱਟਣ ਆਲੇ ਲੱਗਦੇ ਆਂ। ’

‘ਕਾਹਨੂੰ ਪੁੱਤ, ਮੈਂ ਤਾਂ ਊਈਂ ਲਾਗਲੇ ਪਿੰਡਾਂ ਦੀਆਂ ਗੱਲਾਂ ਸੁਣ ਸੁਣ ਡਰੀ ਹੋਈ ਆਂ। ’

ਮੈਂ ਕਈ ਫੋਟੋਆਂ ਖਿੱਚੀਆਂ ਤੇ ਬੇਬੇ ਦਾਣੇ ਭੁੰਨਦੀ ਰਹੀ। ਫੇਰ ਉਸਨੇ ਆਖਿਆ ‘ਬਹਿ ਜੋ ਹੁਣ’ ਤੇ ਭੁੱਜੇ ਦਾਣਿਆਂ ਦੀ ਇੱਕ ਛਾਨਣੀ ਸਾਡੇ ਵੱਲ ਕਰਕੇ ਬੋਲੀ,‘ਆ ਕਾਹਦੇ ’ਚ ਪਾਓਗੇ?’ ਭਾਵੇਂ ਇਹ ਸਾਡੇ ਦਿਲ ਦੀ ਗੱਲ ਸੀ, ਪਰ ਇੰਜ ਬਿਨਾਂ ਕਹੇ ਤੋਂ ਦਾਣੇ ਮਿਲਣੇ ਬੜਾ ਸੁਖਦ ਤੇ ਹੈਰਾਨੀ ਭਰਿਆ ਲੱਗਿਆ। ਮੈਂ ਰੁਮਾਲ ਕੱਢ ਕਿ ਵਿਛਾ ਦਿੱਤਾ ਤੇ ਉਸ ਦਾਣੇ ਪਾ ਦਿੱਤੇ। ਮੈਂ ਮਲਕੜੇ ਜਿਹੇ ਇਕ ਦਸ ਦਾ ਨੋਟ ਉਸਦੀ ਝੋਲੀ ਵਿਚ ਰੱਖ ਦਿੱਤਾ। ‘ਇਹ ਕੀ?’ ਉਸ ਨੇ ਪੁੱਛਿਆ। ‘ਕੁਝ ਨਹੀਂ ਬਸ ਐਵੇਂ ਮੱਥਾ ਈ ਟੇਕਿਆ। ’ ਮੇਰੇ ਮੂੰਹੋਂ ਨਿਕਲ ਗਿਆ।

''ਬੁਧੂਆ ਮੈਂ ਕੋਈ ਥੋਨੂੰ ਦਾਣੇ ਵੇਚੇ ਆ ?''

ਮੈਂ ਬਿਨਾਂ ਬੋਲੇ ਉੱਠ ਕਿ ਖੜ੍ਹਾ ਹੋ ਗਿਆ ਤੇ ਸੋਚਿਆ, 'ਇਹ ਝੀਊਰੀ ਵੀ ਸਿਆਣੀ ਹੈ, ਇਸਨੂੰ ਰਿਸ਼ਤਿਆਂ ਦਾ ਵੀ ਪਤਾ, ਕਿਉਂਕਿ ਸਹੀ ਨਾਮ ਇਹ ਵੀ ਨਹੀਂ ਦਸ ਸਕਦੀ। ' 40 ਸਾਲ ਪਹਿਲੋਂ ਚੱਲੀ ਰੀਲ ਇੱਕ ਵਾਰੀ ਫੇਰ ਮੇਰੀਆਂ ਅੱਖਾਂ ਮੂਹਰੇ ਪੂਰੀ ਘੁੰਮ ਗਈ। 'ਬੁੱਧੂਆ' ਹੁਣ ਇਕ ਨਾਮ ਨਹੀਂ ਸੀ ਰਿਹਾ, ਇੱਕ ਰਿਸ਼ਤਾ ਬਣ ਚੁੱਕਾ ਸੀ। ***

# 'ਭੋਗ ਤੇ ਵਿਸ਼ੇਸ਼' ਨਹੀਂ

ਚਾਰ ਛਿੱਲੜ ਜੇਬ 'ਚ ਹੋਣ ਤਾਂ ਕੋਈ ਮੁਸ਼ਕਲ ਨਹੀਂ ਤੁਹਾਡੇ ਕਿਸੇ ਨਜ਼ਦੀਕੀ ਮਾਂ, ਪਿਉ, ਭਰਾ, ਭੈਣ, ਪਤੀ, ਪਤਨੀ, ਪੁੱਤਰ, ਧੀ, ਨੂੰਹ ਜਾਂ ਜਵਾਈ ਆਦਿ ਦੀ ਉਮਰ ਪੂਰੀ ਹੋਣ ਤੇ ਕਿਸੇ ਅਖਬਾਰ, ਰਸਾਲੇ ਆਦਿ ਵਿਚ 'ਭੋਗ ਤੇ ਵਿਸ਼ੇਸ਼' ਛਪਵਾਉਣਾ। ਇਹ ਪ੍ਰਕਿਰਿਆ ਉਸੇ ਦਿਨ ਸ਼ੁਰੂ ਹੋ ਜਾਂਦੀ ਹੈ ਜਦੋਂ ਕਿਸੇ ਅਮੀਰ ਦੇ ਰਿਸ਼ਤੇਦਾਰ ਦੀ ਮੌਤ ਦੀ ਪਹਿਲੀ ਖਬਰ ਹੱਥੋਂ ਹੱਥੀਂ ਇਕ ਦੂਜੇ ਕੋਲ ਪਹੁੰਚਦੀ ਹੈ। ਮੌਤ ਦੀ ਸਚਾਈ ਨੂੰ ਕਮਾਈ ਵਿਚ ਬਦਲਣ ਦੇ ਚਾਹਵਾਨ, ਭਾਵੁਕਤਾ ਦਾ ਫਾਇਦਾ ਉਠਾ, ਸਮਰਥਾ ਅਨੁਸਾਰ ਆਪੋ ਆਪਣੇ ਅਦਾਰਿਆਂ ਲਈ ਇਸ਼ਤਿਹਾਰਾਂ ਵਾਸਤੇ ਫਿਕਰਮੰਦ ਹੋ ਕੇ ਉਪਰਾਲੇ ਕਰਨ ਲਗ ਪੈਂਦੇ ਹਨ। ਇਸ਼ਤਿਹਾਰ ਲਾਉਣ ਦੀ ਦੌੜ ਵਿਚ 'ਭੋਗ ਤੇ ਵਿਸ਼ੇਸ਼' ਲਿਖਣ ਦੀ 'ਪੈਕਜ ਡੀਲ' ਵੀ ਹੋ ਜਾਂਦੀ ਹੈ। ਜਿਸ ਬਜ਼ੁਰਗ ਨੇ ਕਦੇ ਸਾਰੀ ਉਮਰ ਕਿਸੇ ਨੂੰ ਦੁਆਨੀ ਨਾ ਦਿੱਤੀ ਹੋਵੇ ਉਹ ਮਹਾਂ-ਦਾਨੀ ਗਰਦਾਨਿਆ ਜਾਂਦਾ ਹੈ। ਜਿਸ ਔਰਤ ਨੇ ਸੱਸ ਹੋਣ ਦੇ ਸਾਰੇ ਫਰਜ਼ ਨਿਭਾਏ ਹੋਣ ਉਸਨੂੰ 'ਨਿਮਰਤਾ ਦਾ ਚਸ਼ਮਾ' ਲਿਖ ਦਿੱਤਾ ਜਾਂਦਾ ਹੈ। ਜਿਸ ਨੇ ਕੰਮ ਕਾਰ ਕਰਦੇ ਹਰ ਇਕ ਦੇ ਪੈਸੇ ਮਾਰੇ ਹੋਣ ਉਹ 'ਚਾਨਣ ਮੁਨਾਰਾ' ਬਣਾ ਦਿੱਤਾ ਜਾਂਦਾ ਹੈ। ਸਾਰੀ ਉਮਰ ਪੈਸੇ ਲੈਕੇ ਹੀ ਸਰਕਾਰੀ ਕੰਮਾਂ ਵਿਚ ਦਲਾਲੀ ਕੀਤੀ ਹੋਵੇ, ਉਸ ਵਰਗਾ 'ਇਮਾਨਦਾਰ' ਸਾਰੀ ਦੁਨੀਆਂ ਵਿਚ ਲੇਖਕ ਨੂੰ ਹੋਰ ਕੋਈ ਨਹੀਂ ਲੱਭਦਾ।

ਇੰਜ ਪੈਸੇ ਵਾਲੇ ਕੋਲੋਂ ਪੈਸੇ ਦੀ ਖਿੱਚ ਧੂਹ ਕਰਨ ਦਾ ਉਪਰਾਲਾ ਚਲਦਾ ਰਹਿੰਦਾ ਹੈ। ਇੰਜ ਥੋੜ੍ਹੇ ਜਿਹੇ ਪੈਸੇ ਖਰਚ ਕਿ ਗਏ ਮਨੁੱਖ ਦੀ ਆਤਮਾ ਨਾਲ ਝੂਠੀ ਸੱਚੀ ਹਮਦਰਦੀ ਦੇ ਪਾਤਰ ਇਹ ਨਜ਼ਦੀਕੀ ਵੀ ਬਣ ਜਾਂਦੇ ਹਨ। ਜ਼ਿਆਦਾ ਅਮੀਰ ਲੋਕ ਤਾਂ ਅਖਬਾਰਾਂ ਦੇ ਕੋਰੇ ਸਫਿਆਂ ਦੀ ਹਿੱਕ ਪੂਰੀ ਤਰ੍ਹਾਂ ਕਾਲੀ ਕਰ ਦੇਂਦੇ ਹਨ। ਪਰ ਕਦੇ ਕਦੇ ਇਹੋ ਜਿਹੇ ਲੋਕ ਵੀ ਇਸ ਦੁਨਿਆਂ ਤੇ ਆਉਂਦੇ ਹਨ ਜੋ ਉਹ ਸਭ ਕੁਝ ਹੁੰਦੇ ਹਨ ਜੋ 'ਭੋਗ ਤੇ ਵਿਸ਼ੇਸ਼' ਲੇਖ ਵਾਲੇ ਲਿਖਾਰੀ ਲਿਖਦੇ ਹਨ। ਇਹੋ ਜਿਹੇ ਲੋਕ ਨਾ ਤਾਂ ਜਿਉਂਦੇ ਜੀਅ ਹੀ ਕਿਸੇ ਤੇ ਭਾਰ ਹੁੰਦੇ ਹਨ ਤੇ ਨਾ ਹੀ ਇਸ ਦੁਨੀਆਂ ਤੋਂ ਜਾਕੇ। ਕਈ ਸਾਲ (1994) ਪਹਿਲੋਂ ਮਾਲਵੇ ਦੇ ਇਕ ਪਿਛੜੇ ਜਿਹੇ ਪਿੰਡ ਵਿਚ ਕਿਸੇ ਘਰ

ਆਪਣੇ ਭਰਮਣ ਦੇ ਦੌਰਾਨ ਰਿਹਾ ਸੀ। ਉਥੇ ਘਰ ਦੀ ਬਜ਼ੁਰਗ ਔਰਤ ਦੋਵੇਂ ਹੱਥ ਰਬ ਵਲ ਕਰਕੇ ਹਰ ਗੱਲ ਕਰਦੀ ਸੀ। ਉਸ ਦੀਆਂ ਗੱਲਾਂ ਤੇ ਸਿਆਣਪਾਂ ਵਿੱਚੋਂ ਮਿੱਟੀ ਦੀ ਖੁਸ਼ਬੂ ਆਉਂਦੀ ਸੀ। ਕੋਰੀ ਅਨਪੜ੍ਹ ਇਸ ਔਰਤ ਦੇ ਪਿਆਰ ਤੇ ਸੂਝ 'ਚੋਂ ਮੈਨੂੰ ਕਈ ਕੁਝ ਲਭਾ ਜਿਸਨੇ ਮੈਨੂੰ ਸਦਾ ਹੀ ਨਸ਼ੇਆਈ ਰੱਖਿਆ। ਸਮੇਂ ਨਾਲ ਇਹ ਥੋੜਚਿਰਾ ਰਿਸ਼ਤਾ ਭੁੱਲ ਭੁਲਾ ਗਿਆ।

ਪਿਛਲੇ ਸਾਲੀਂ ਇਹੋ ਯਾਦ ਫੇਰ ਤਾਜ਼ਾ ਹੋ ਗਈ ਜਦੋਂ ਫੇਰ ਮਾਲਵੇ ਦੇ ਹੀ ਇਕ ਪਿੰਡ ਵਿਚ ਉਸੇ ਔਰਤ ਜਿਹੀ ਇਕ ਹੋਰ ਸੁੱਚੀ ਰੂਹ ਨਾਲ ਮਿਲਾਪ ਹੋਇਆ। ਪਰ ਇਹ ਪਿੰਡ ਦੀ ਪਹਿਲੀ ਪੜ੍ਹੀ ਲਿਖੀ (5 ਜਮਾਤਾਂ ਪਾਸ) ਨੂੰਹ ਸੀ। ਪਿੰਡ ਵਿਚ ਉਸਨੇ ਲਗਭਗ 50 ਸਾਲ ਗੁਜ਼ਾਰੇ। ਪਿੰਡ ਦੀਆਂ ਧੀਆਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ। ਪਿੰਡ ਵਿਚ ਲਾਇਬਰੇਰੀ ਬਣਾਈ। ਸਾਰੇ ਪਿੰਡ ਦੇ ਦੁੱਖ ਸੁੱਖ ਵਿਚ ਖੜੀ। ਰਾਜਨੀਤੀ ਦੀ ਲਾਲਸਾ ਤਿਆਗ ਕਿ ਆਪਣੇ ਆਲੇ ਦੁਆਲੇ ਵਿਚ ਇਕ ਨਰੋਈ ਸੋਚ ਭਰੀ। ਮੈਨੂੰ ਲੱਗਾ ਕਿ ਇਹ ਮੇਰੇ ਲਈ ਦੂਸਰੀ ਪ੍ਰੇਰਣਾ ਹੈ ਜੋ ਪਹਿਲੀ ਦੇ ਖਤਮ ਹੋਣ ਤੋਂ ਪਹਿਲੋਂ ਹੀ ਲੜੀ ਵਾਂਗ ਜੁੜ ਗਈ। ਉਸਦੀਆਂ ਗੱਲਾਂਬਾਤਾਂ ਵਿੱਚ ਪੰਜਾਬੀਅਤ ਡੁੱਲ੍ਹ ਡੁੱਲ੍ਹ ਪੈਂਦੀ। ਉਸਦੇ ਦੱਸੇ ਹੋਏ ਦੇਹ ਅਰੋਗੀ ਦੇ ਦੇਸੀ ਫਾਰਮੂਲੇ ਕਈਆਂ ਦੀ ਜੂਨ ਸਵਾਰ ਗਏ। ਖਾਰੇ ਪਾਣੀ ਦੀ ਧਰਤੀ ਤੇ ਉਹ ਮਿੱਠੇ ਪਾਣੀ ਦੀ ਅਮੁੱਕ ਨਹਿਰ ਸੀ। ਫੇਰ ਇਕ ਦਿਨ ਉਹੋ ਹੀ ਸੁਨੇਹਾ ਮਿਲਿਆ ਜਿਸਦੀ ਹਰ ਕੋਈ ਇੰਤਜ਼ਾਰ ਨਹੀਂ ਕਰਦਾ। ਭੋਗ ਦਾ ਦਿਨ ਮੁਕਰਰ ਸੀ। ਆਪਣੇ ਰੁਝੇਵਿਆਂ ਨੂੰ ਦਿਲੋ ਦਿਮਾਗ ਦੀਆਂ ਨੁੱਕਰਾਂ 'ਚ ਬੰਦ ਕਰਕੇ ਵਕਤ ਸਿਰ ਪਹੁੰਚ ਗਿਆ। ਧਾਰਮਿਕ ਰਸਮਾਂ ਰਵਾਇਤ ਮੁਤਾਬਕ ਹੁੰਦੀਆਂ ਰਹੀਆਂ ਪਰ ਨਾ ਲੰਮੇ ਚੌੜੇ ਭਾਸ਼ਨ ਸਨ ਤੇ ਨਾ ਹੀ ਸਿਫਤਾਂ ਦੀਆਂ ਝੜੀਆਂ। ਉਥੇ ਬੈਠੇ ਲੋਕਾਂ ਨੂੰ ਇਹਨਾਂ ਦੀ ਲੋੜ ਵੀ ਨਹੀਂ ਸੀ। ਉਹ ਤਾਂ ਸਭ ਉਹੀ ਸਨ ਜੋ ਉਸਨੂੰ ਜਾਣਦੇ ਸਨ। ਜਿਸਦੇ ਬੋਲ ਉਹਨਾਂ ਨੂੰ ਯਾਦ ਸਨ। 'ਭੋਗ ਤੇ ਵਿਸ਼ੇਸ਼' ਲਈ ਕੋਈ ਲੁਕਵੀਂ ਜਾਣਕਾਰੀ ਨਹੀਂ ਸੀ। ਤੇ ਨਾ ਹੀ ਸਧਾਰਣ ਪਰਿਵਾਰ ਕੋਲ 'ਭੋਗ ਤੇ ਵਿਸ਼ੇਸ਼' ਲਈ ਸਾਧਨ ਸਨ। ਜਦੋਂ ਵਾਪਸੀ ਦਾ ਸਫਰ ਸ਼ੁਰੂ ਕੀਤਾ ਤਾਂ ਪਿੰਡ ਦੇ ਬਾਹਰ ਆ ਕੇ ਸਵਾਰੀ ਰੋਕ ਲਈ। ਮੇਰੇ ਨਾਲ ਦੇ ਸਾਥੀ ਨੇ ਰੁੱਕਣ ਦਾ ਕਾਰਣ ਪੁੱਛਿਆ। ਪਤਾ ਨਹੀਂ ਮੈਂ ਬੋਲ ਕਿ ਦੱਸਿਆ ਕਿ ਆਪਣੇ ਹੀ ਆਪ ਨੂੰ ਕਹਿ ਗਿਆ। 'ਮੈਂ ਤਾਂ ਉਹ ਰਾਹ

ਲੱਭਦਾਂ ਜਿਹੜਾ ਸ਼ਾਇਦ ਇੱਥੋਂ ਉਸ ਪਿੰਡ ਨੂੰ ਜਾਂਦਾ ਹੋਵੇ ਜਿੱਥੋਂ ਮੇਰੇ ਲਈ ਸਿਆਣਪਾਂ ਦਾ ਸਿਲਸਿਲਾ ਸ਼ੁਰੂ ਹੋਇਆ ਸੀ। ਨਾ ਤਾਂ ਮੈਨੂੰ ਹੁਣ ਉਸਦਾ ਰਾਹ ਪਤਾ ਸੀ ਤੇ ਨਾ ਹੀ ਇਹ ਪਤਾ ਕਿ ਕੀ ਉਸਦੇ 'ਭੋਗ ਤੇ ਵਿਸ਼ੇਸ਼' ਛਾਪਣ ਦੀ ਲੋੜ ਵੀ ਹੈ ਜਾਂ ਨਹੀਂ। ਬਸ ਗੱਡੀ ਦੇ ਪਹੀਏ ਨੇ ਜਿਉਂ ਜਿਉਂ ਰਫਤਾਰ ਫੜੀ, ਭੋਗ ਦੀ ਗੱਲ ਵੀ ਟਰੈਫਿਕ ਦੀ ਧੂੜ ਵਿਚ ਰੱਲ ਗੱਡ ਹੋ ਗਈ।

***

# ਕਰੋੜਪਤੀ ਅਮੀਰ ਨਹੀਂ ਹੁੰਦੇ

ਪੈਸੇ ਦੀ ਕੀਮਤ ਸਮੇਂ ਦੇ ਨਾਲ ਨਾਲ ਬਦਲਦੀ ਰਹਿੰਦੀ ਹੈ। ਪਿਛਲੀ ਸਦੀ ਦੇ ਛੇਵੇਂ, ਸੱਤਵੇਂ ਦਹਾਕੇ ਵਿਚ ਮਹਿੰਗਾਈ ਉਤੇ ਇਕ ਗਾਣਾ ਹੁੰਦਾ ਸੀ, ਜਿਸ ਵਿਚ ਟਾਂਚ ਨਾਲ ਕਿਹਾ ਗਿਆ ਸੀ, 'ਸੋਨਾ ਹੋ ਗਿਆ, ਇੱਕ ਸੋ ਚਾਲੀ' ਇੱਕ ਸੌ ਚਾਲੀ ਰੁਪਏ ਤੋਲਾ ਜੇ ਅੱਜ ਸੋਨਾ ਹੋਵੇ ਤਾਂ ਲੋਕ ਲੜ ਲੜ ਮਰ ਜਾਣ। ਅੱਜ ਇੱਕ ਸੋ ਚਾਲੀ ਨੂੰ ਦੋ ਸੋ ਨਾਲ ਹੀ ਜਰਬ ਆਈ ਹੋਈ ਹੈ। 30-40 ਸਾਲਾਂ ਵਿਚ ਦੋ ਸੋ ਗੁਣਾ ਕੀਮਤ ਵਧ ਗਈ ਹੈ। ਇਸੇ ਤਰ੍ਹਾਂ ਬਾਕੀ ਚੀਜ਼ਾਂ ਨਾਲ ਵੀ ਹੋਇਆ ਹੈ, ਚਾਂਦੀ ਦੇ ਗਹਿਣੇ ਗਰੀਬੀ ਦੀ ਨਿਸ਼ਾਨੀ ਗਿਣੇ ਜਾਂਦੇ ਸਨ, ਪਰ ਅੱਜ ਚਾਂਦੀ ਵੀ 80,000 ਰੁਪਏ ਕਿੱਲੋ ਦੇ ਨੇੜੇ ਤੇੜੇ ਹੋਈ ਫਿਰਦੀ ਹੈ। 1972 ਵਿਚ ਨਵੀਂ ਫੀਏਟ ਕਾਰ 20,000 ਰੁਪਏ ਵਿਚ ਆ ਜਾਂਦੀ ਸੀ, ਅੱਜ ਕਾਰ ਦੇ ਚਾਰ ਟਾਇਰ ਹੀ ਇੰਨ੍ਹੇ ਰੁਪਏ ਖਾ ਜਾਂਦੇ ਹਨ। ਹਰ ਚੀਜ਼ ਦੀ ਕੀਮਤ ਵੱਧੀ ਹੈ। ਹੁਣ ਜੇਕਰ ਕੀਮਤ ਵੱਧੀ ਹੈ ਤਾਂ ਇਸਦਾ ਮਤਲਬ ਹੈ ਕਿ ਇਹ ਮਹਿੰਗੀਆਂ ਚੀਜ਼ਾਂ ਖਰੀਦੀਆਂ ਵੀ ਜਾਂਦੀਆਂ ਹੋਣਗੀਆਂ। ਜੇਕਰ ਸੁਨਿਆਰੇ ਦੀ ਆਮਦਨ ਵਧੀ ਹੈ ਤਾਂ ਖਰਚੇ ਵੀ ਵੱਧੇ ਹਨ। ਕੱਪੜਾ, ਅਨਾਜ ਵੀ ਉਸੇ ਹਿਸਾਬ ਵੱਧਿਆ ਹੈ। ਸਾਰਿਆਂ ਲਈ ਹੀ ਮੁਨਾਫੇ ਵੱਧੇ ਹਨ ਤੇ ਸਾਰਿਆਂ ਲਈ ਹੀ ਖਰਚੇ ਵੱਧੇ ਹਨ। ਕਦੇ ਕਦੇ ਮੈਨੂੰ ਇੰਜ ਲੱਗਦਾ ਹੈ ਕਿ ਅਸੀਂ ਹੇਠਲੀ ਪੌੜੀ ਤੇ ਬੈਠੇ ਬੈਠੇ, ਉਤਲੀਆਂ ਪੌੜੀਆਂ ਤੇ ਆ ਗਏ ਹਾਂ। ਉਹੋ ਹੀ ਪੈਸਾ ਸਾਡੇ ਵਿਚ ਘੁੰਮੀ ਜਾ ਰਿਹਾ ਹੈ। ਨਾ ਸਾਡਾ ਆਦਿ ਬਦਲਿਆ ਹੈ ਨਾ ਸਾਡਾ ਅੰਤ। ਮਿਸਾਲ ਦੇ ਤੌਰ ਤੇ ਫਲਾਂ, ਸਬਜ਼ੀਆਂ ਨੇ ਪੌਦਿਆਂ ਨੂੰ ਲੱਗਣਾ ਘੱਟ ਨਹੀਂ ਕੀਤਾ। ਉਹਨਾਂ ਕਦੇ ਜਵਾਬ ਨਹੀਂ ਦਿੱਤਾ ਕਿ ਸਾਡੀ ਕੀਮਤ ਵੱਧਾ ਦੇਵੋ, ਤਾਂ ਹੀ ਅਸੀਂ ਲੱਗਾਂਗੇ। ਉਹਨਾਂ ਨੇ ਤਾਂ ਕੁਦਰਤ ਦੇ ਕਿਸੇ ਅਸੂਲ ਨੂੰ ਭੰਗ ਨਹੀਂ ਕੀਤਾ। ਅਸੀਂ ਹੀ ਹਾਂ ਜੋ ਲਾਲਸਾ ਤੇ ਲਾਲਚ ਦੇ ਲਈ ਇਹਨਾਂ ਮੁਫਤ ਮਿਲਣ ਵਾਲੀਆਂ ਨਿਆਮਤਾਂ ਨੂੰ ਮਹਿੰਗੇ ਸਸਤੇ ਕਰਦੇ ਰਹਿੰਦੇ ਹਾਂ। ਮੈਂ ਤੁਹਾਨੂੰ ਇੱਕ ਮਿਸਾਲ ਦੇਂਦਾ ਹਾਂ। ਸਾਡੇ ਘਰ ਗਿੰਨੀ ਪਿੱਗ (ਨਿੱਕੇ ਖਰਗੋਸ਼ ਨੁਮਾ ਜਾਨਵਰ) ਰੱਖੇ ਹੋਏ ਸਨ। ਉਹਨਾਂ ਨੂੰ ਸਾਰਾ ਸਾਲ ਪਾਲਕ, ਗਾਜਰਾਂ ਜਾਂ ਖੀਰੇ ਚਾਹੀਦੇ ਸਨ। ਇਹ ਨਿੱਤ ਦਿਨ ਦਾ ਖਰਚਾ ਹੈ। ਇਸ ਲਈ ਮੈਨੂੰ ਲਗਭਗ ਰੋਜ਼ ਸਬਜੀਆਂ ਵਾਲਿਆਂ ਕੋਲ ਜਾਣਾ ਪੈਂਦਾ। ਉਹ ਕਦੇ ਰੇਟ ਨਹੀਂ

ਘੱਟ ਕਰਦੇ। ਉਹਨਾਂ ਦੇ ਬਹਾਨੇ ਬੜੇ ਅਜੀਬ ਹਨ।

* ਦੇਖੋਂ, ਸਰਦਾਰ ਜੀ ਗਰਮੀ ਕਿੰਨ੍ਹੀਂ ਪੈ ਰਹੀ ਹੈ।

* ਆਹ ਤਾਂ ਅੱਜ ਮੀਂਹ ਕਰਕੇ ਮਹਿੰਗੇ ਹੋ ਗਏ

*ਪਿੱਛੇ ਜੀ ਪਹਾੜ ਵਿਚ ਸੋਕਾ ਹੀ ਬਹੁਤ ਹੈ।

* ਸਰਦੀ ਦੇ ਕਰਕੇ ਇਹ ਤਾਂ ਜੀ ਮਹਿੰਗੇ ਹੋ ਹੀ ਜਾਂਦੇ ਹਨ।

* ਲਓ ਜੀ ਵਰਤਾਂ ਦੇ ਦਿਨਾਂ ’ਚ ਮਹਿੰਗੇ ਨੀ ਹੋਣੇ ਤਾਂ ਫੇਰ ਕਦ ਹੋਣੇ।

* ਵਿਆਹਾਂ ਦਾ ਸੀਜ਼ਨ ਹੈ ਜੀ, ਸ਼ੁਕਰ ਕਰੋ ਮਿਲ ਗਏ।

* ਦੁਸਿਹਰੇ ਤੋਂ ਦੀਵਾਲੀ ਤੱਕ ਤਾਂ ਰੇਟ ਨਾ ਪੁੱਛੋ ਜੀ।

* ਸਰਦਾਰ ਜੀ ਬਿਜਲੀ ਸਪਲਾਈ ਆਉਂਦੀ ਨਹੀਂ, ਮਹਿੰਗੇ ਭਾਅ ਦੇ ਡੀਜ਼ਲ ਇੰਜਣ ਚਲਾ ਕੇ ਪਾਲਣੇ ਪੈਂਦੇ ਹਨ।

ਗੱਲ ਕੀ ! ਜੋ ਵੀ ਮੌਸਮ ਹੈ ਜਾਂ ਦਿਨ, ਉਹੀ ਗਾਹਕ ਲਈ ਮਹਿੰਗਾਈ ਦਾ ਕਾਰਣ ਹੈ। ਇੰਜ ਸਾਰੇ ਕਿੱਤਿਆਂ ਵਿਚ ਲਗਭਗ ਇਹੀ ਕੁਝ ਹੋ ਰਿਹਾ ਹੈ। ਇਹ ਪੈਸੇ ਦਾ ਬੇਲੋੜਾ ਪਸਾਰ ਹਰ ਥਾਂ ਪਸਰ ਰਿਹਾ ਹੈ। ਵਿਦਿਆ ਦੇਣਾ ਹੁਣ ਭਾਵਨਾ ਨਹੀਂ, ਮੋਟਾ ਵਪਾਰ ਬਣ ਗਈ ਹੈ। ਏਨੇ ਪੈਸੇ ਖਰਚ ਕਿ ਵੀ ਵਿਦਿਆ ਨਾਲ ਬੋਧਿਕਤਾ ਨਹੀਂ ਵਧਾਈ ਜਾ ਰਹੀ। ਚੰਗੇ ਨਤੀਜੇ ਦਿਖਾਉਣ ਲਈ ਨਕਲ ਦਾ ਸਹਾਰਾ ਲਿਆ ਜਾ ਰਿਹਾ ਹੈ। ਅਸੀਂ ਆਪਣੀ ਮੂਲ ਨੀਂਹ ਹੀ ਕੱਚੀ ਇੱਟ ਦੀ ਬਣਾਈ ਜਾ ਰਹੇ ਹਾਂ। ਮਨੁੱਖ ਇਹ ਭੁੱਲ ਹੀ ਗਿਆ ਹੈ ਕਿ ਉਹ ਇਸ ਧਰਤੀ ਤੇ ਜਿਊਣ ਲਈ ਆਇਆ ਹੈ, ਪੈਸੇ ਕਮਾਉਣ ਲਈ ਨਹੀਂ। ਅਗਲੀਆਂ ਪੀੜੀਆਂ ਲਈ ਪੈਸੇ ਇਕੱਠੇ ਕਰਦਾ ਕਰਦਾ ਇਨਸਾਨ ਆਪਣੀ ਜਿੰਦਗੀ ਤਾਂ ਬਰਬਾਦ ਜਾਂ ਕਿਸੇ ਕਿੱਤੇ ਵਿਚ ਕੈਦ ਹੀ ਕਰ ਲੈਂਦਾ ਹੈ, ਨਾਲ ਹੀ ਨਾਲ ਆਪਣੀ ਅਗਲੀ ਪੀੜੀ ਨੂੰ ਨਿਕੰਮੀ ਵੀ ਕਰ ਦੇਂਦਾ ਹੈ। ਫੇਰ ਜੋ ਅੱਜ ਇਹ ਪਰਿਵਾਰਾਂ ਵਿਚ ਹੋ ਰਹੇ ਗਹਿਰੇ ਜ਼ਖ਼ਮ ਅਸੀਂ ਦੇਖਦੇ ਹਾਂ, ਇਸੇ ਦਾ ਨਤੀਜਾ ਹੈ। ਮੇਰੇ ਕੋਲ ਇਕ ਦਿਨ ਇਕ ਬੜਾ ਹੀ ਅਮੀਰ ਨਾਮੀ ਬੰਦਾ ਆਇਆ। ਉਹ ਬਹੁਤ ਚਿੰਤਤ ਸੀ ਕਿ ਉਸਦਾ ਕੰਮ ਜਲਦੀ ਹੋ ਜਾਵੇ। ਮੈਂ ਉਸਨੂੰ ਜਦੋਂ ਕਾਰਣ ਪੁੱਛਿਆ ਤਾਂ ਉਸ ਨੇ ਕਿਹਾ ਕਿ ਹੁਣ ਉਸਦੀ ਆਪਣੇ ਪੁੱਤਰਾਂ ਨਾਲ ਨਹੀਂ ਬਣਦੀ। ਉਹ ਘਰ ਦੇ ਇਕ ਕਮਰੇ ਵਿਚ ਇਕੱਲਾ ਹੀ ਰਹਿ ਰਿਹਾ ਹੈ ਤੇ ਉਸਨੂੰ ਲੱਗਦਾ ਹੈ ਕਿ ਉਸ ਨੇ ਜਲਦੀ ਹੀ ਮਰ ਜਾਣਾ ਹੈ।

ਮੈਂ ਕਿਹਾ ਕਿ ਤੁਸੀ ਜਲਦੀ ਨਹੀਂ ਮਰਨਾ, ਜਿੰਨੀ ਦੇਰ ਤੁਸੀਂ ਆਪਣੇ ਪਾਪਾਂ ਦਾ ਹਿਸਾਬ ਨਹੀਂ ਚੁਕਾਉਂਦੇ, ਤੁਸੀਂ ਇਸ ਦੁਨੀਆਂ 'ਚੋਂ ਨਹੀਂ ਜਾ ਸਕਦੇ। ਉਹ ਠਠੰਬਰ ਗਿਆ ਤੇ ਪੁੱਛਿਆ ਕਿ ਉਸ ਨੇ ਕੋਈ ਪਾਪ ਨਹੀਂ ਕੀਤਾ। ਉਸ ਨੇ ਸਗੋਂ ਗਰੀਬੀ 'ਚੋਂ ਉੱਠ ਕਿ ਚੰਗੇ ਪੈਸੇ ਕਮਾਏ ਹਨ। ਚੰਗੀ ਜਾਇਦਾਦ ਬਣਾਈ ਹੈ। ਬੱਚਿਆਂ ਨੂੰ ਹਰ ਸ਼ੈਅ ਦਿੱਤੀ ਹੇ। ਬਣਿਆਂ ਬਣਾਇਆ ਵਪਾਰ ਦਿੱਤਾ ਹੈ। ਇਹ ਪਾਪ ਕਿਵੇਂ ਹੋਇਆ? ਮੈਂ ਆਖਿਆ, ਇਹੋ ਤਾਂ ਪਾਪ ਕੀਤਾ, ਤੁਸੀਂ ਸਭ ਕੁਝ ਦਿੱਤਾ ਪਰ ਉਹਨਾਂ ਨੂੰ ਆਪਣੇ ਆਪ ਦੁਨੀਆਂ ਨਾਲ ਜੂਝ ਕੇ, ਮਾਣ ਨਾਲ ਖੜ੍ਹੇ ਹੋਣ ਦਾ ਮੌਕਾ ਨਹੀਂ ਦਿੱਤਾ। ਤੁਸੀਂ ਉਹਨਾਂ ਤੋਂ ਉਹ ਖੁਸ਼ੀ ਖੋਹ ਲਈ ਜੋ ਉਹਨਾਂ ਨੇ ਸਾਰੀ ਜਿੰਦਗੀ ਇਹ ਕਹਿ ਕੇ ਲੈਣੀ ਸੀ। ਮੈਂ ਸੈਲਫਮੇਡ ਹਾਂ। ਉਹਨਾਂ ਨੂੰ ਮੁਸ਼ਕਲਾਂ ਨਾਲ ਲੜਨ ਦੀ ਸਿੱਖਿਆ ਹੀ ਨਹੀਂ ਮਿਲੀ, ਇਸੇ ਲਈ ਉਹਨਾਂ ਲਈ ਮਨੁੱਖੀ ਰਿਸ਼ਤੇ ਭਾਵੁਕਤਾ ਰਹਿਤ ਹਨ। ਉਹਨਾਂ ਲਈ ਦੂਸਰਾ ਮਨੁੱਖ ਸਿਰਫ ਵਸਤੂ ਹੈ, ਚਾਹੇ ਉਹ ਬਾਪ ਹੀ ਕਿਉਂ ਨਾ ਹੋਵੇ? ਉਸਨੂੰ ਮੇਰੀ ਗੱਲ ਸਮਝ ਲੱਗ ਰਹੀ ਸੀ ਪਰ ਹੁਣ ਉਸਦਾ ਸਮਾਂ ਹੀ ਨਹੀਂ ਸੀ ਕਿ ਉਹ ਕੁਝ ਕਰ ਸਕਦਾ।

ਅੱਧੀ ਸਦੀ ਪਹਿਲੋਂ ਲੱਖਪਤੀ ਹੋਣਾ ਇਕ ਸੁਪਨਾ ਸੀ। ਫੇਰ ਚੱਪਾ ਸਦੀ ਪਹਿਲੋਂ ਕਰੋੜਪਤੀ ਹੋਣਾ ਵੱਡੀ ਗੱਲ ਸੀ, ਅੱਜ ਜੇ ਚੋਣਾਂ 'ਚ ਖੜੇ ਕਿਸੇ ਉਮੀਦਵਾਰ ਵਲੋਂ ਆਪਣੀ ਜਾਇਦਾਦ 500 ਕਰੋੜ ਵੀ ਦੱਸੀ ਜਾਂਦੀ ਹੈ ਤਾਂ ਲੋਕਾਂ ਨੂੰ ਬਾਹਲੀ ਹੈਰਾਨੀ ਨਹੀਂ ਹੁੰਦੀ। ਸਗੋਂ ਜਿਹਨਾਂ ਨੇ ਸਿਰਫ ਇਕ, ਦੋ ਕਰੋੜ ਹੀ ਦੱਸੇ ਹੁੰਦੇ ਹਨ, ਉਹਨਾਂ ਤੇ ਸ਼ੱਕ ਕਰਦੇ ਹਨ ਕਿ 'ਇਹ ਕੀ ਚੋਣਾਂ ਲੜਨਗੇ'। ਅੱਜ ਸ਼ਹਿਰਾਂ ਦੇ ਕਿਸੇ ਵੀ ਹਿੱਸੇ ਵਿਚ ਇਕ ਕਰੋੜ ਦੇ ਨਾਲ 1000 ਗਜ਼ ਦਾ ਪਲਾਟ ਵੀ ਨਹੀਂ ਖਰੀਦਿਆ ਜਾ ਸਕਦਾ। ਹੁਣ ਤਾਂ ਲੱਗਦਾ ਹੈ ਕਿ ਅਰਬਪਤੀ ਦੀ ਕੋਈ ਗੱਲ ਨਹੀਂ ਕਰੇਗਾ। ਖਰਬਪਤੀ ਕੋਈ ਹੋਵੇਗਾ, ਇਹ ਸੁਪਨਾ ਵੀ ਸ਼ੁਰੂ ਹੋ ਚੁੱਕਾ ਹੈ। ਇਹ ਦੌੜ ਕਿੱਥੇ ਜਾਕੇ ਖੜ੍ਹੇਗੀ? ਜਾਂ ਫੇਰ ਸਾਰਾ ਕੁਝ ਹੀ ਢਹਿ ਢੇਰੀ ਹੋ ਜਾਵੇਗਾ। ਇਹ ਤਾਂ ਭਵਿਖ ਹੀ ਨਿਰਧਾਰਤ ਕਰੇਗਾ, ਤਦ ਤੱਕ ਆਪਾਂ ਤਾਂ ਅਰਾਮ ਨਾਲ ਸੌਂਦੇ ਹਾਂ।

***

# ਹਮਰਾਹੀ ਦਾ ਝੋਲਾ

ਆਵੇਗਾ ਹਮਰਾਹੀ ਯਾਰੋ ਹੋ ਕੇ ਫੁੱਲ ਤਿਆਰ
ਭੂਰਾ ਬੈਗ ਤੇ ਚਿੱਟਾ ਝੋਲਾ, ਖਰੜੇ ਵਿਚ ਤਿਆਰ

ਇੰਝ ਹੀ ਮਿਲਦਾ ਰਿਹਾ ਹੈ, ਪੰਜਾਬੀ ਬੋਲੀ ਦਾ ਤੇ ਧਰਾਤਲ ਦਾ ਖੋਜੀ ਪੰਜਾਬੀ ਲੇਖਕ ਆਤਮ ਹਮਰਾਹੀ। ਸਵੈ ਵਿਸ਼ਵਾਸ਼ ਤੇ ਦ੍ਰਿੜ੍ਹਤਾ ਨਾਲ ਭਰਪੂਰ ਆਪਣੇ ਪੇਂਡੂ ਲੁਹਾਰ ਹੋਣ ਤੇ ਬਹੁਤ ਮਾਣ ਕਰਦਾ ਸੀ। ਕੰਮ ਕਰਨ ਨੂੰ ਚੀੜ੍ਹਾ ਹੋਣ ਦੀ ਹੱਦ ਤੱਕ ਪਹੁੰਚ ਜਾਂਦਾ ਸੀ। ਉਸਦੀ ਖੋਜੀ ਨਜ਼ਰ ਤੇ ਪਾਰਖੂ ਯਾਦਦਾਸ਼ਤ ਕਮਾਲ ਦੀ ਸੀ। ਦੂਰ ਦ੍ਰਿਸ਼ਟੀ ਭਵਿੱਖ ਦੇ ਨਾਲ ਨਾਲ ਅਤੀਤ ਦੀਆਂ ਡੂੰਘਾਈਆਂ ਵੀ ਨਾਪਦੀ ਸੀ। ਮੇਰੇ ਨਾਲ ਉਸਦਾ ਵਾਹ ਕਈ ਕਾਰਣਾਂ ਕਰਕੇ ਸੀ। ਪਰ ਸਭ ਤੋਂ ਵੱਧ ਇਸ ਕਰਕੇ ਸੀ ਕਿ ਉਸਦੇ ਭੇਦਾਂ ਨੂੰ ਸਾਂਭਣ ਵਾਲਾ, ਉਸ ਨੂੰ ਮੇਰੇ ਸਿਵਾਅ ਕੋਈ ਹੋਰ ਨਹੀਂ ਸੀ ਲੱਭਦਾ।

ਕੋਈ ਹੋਰ ਉਸਦੇ ਦੁੱਖਾਂ ਨੂੰ ਸੁਣ ਕਿ ਉਸਨੂੰ ਤਰਕ ਦੀ ਸਲਾਹ ਵੀ ਤਾਂ ਨਹੀਂ ਦੇਂਦਾ ਸੀ। ਹਮਰਾਹੀ ਤੇ ਅਕਸਰ ਦੂਸਰੇ ਇਲਜ਼ਾਮ ਲਗਾਉਂਦੇ ਹਨ ਕਿ ਉਹ ਪੈਸੇ ਲੈਕੇ ਪੀ.ਐਚ.ਡੀ. ਕਰਵਾਉਂਦਾ ਹੈ। ਪਹਿਲੋਂ ਮੈਨੂੰ ਵੀ ਬੁਰਾ ਲੱਗਿਆ ਸੀ। ਹਮਰਾਹੀ ਨੇ ਸਵਾਲ ਕੀਤਾ। ਮੈਂ ਕਦੋਂ ਜਾਂਦਾ ਹਾਂ ਵਿਦਿਆਰਥੀ ਲੱਭਣ? ਇਹਨਾਂ ਨੂੰ ਕੌਣ ਭੇਜਦਾ ਹੈ? ਜੇਕਰ ਇਹਨਾਂ ਦੇ ਗਾਇਡ ਨਲਾਇਕ ਹਨ, ਤਾਂ, ਤਾਂ ਹੀ ਇਹ ਮੇਰੇ ਕੋਲ ਆਉਂਦੇ ਹਨ। ਮੈਂ ਕਿਸੇ ਵਿਦਿਆਰਥੀ ਨੂੰ ਹੱਥ ਨਾਲ ਲਿਖ ਕੇ ਨਹੀਂ ਦੇਂਦਾ। ਉਹਨਾਂ ਕੋਲੋਂ ਹੀ ਖੋਜ ਸਮੱਗਰੀ ਇਕੱਠੀ ਕਰਵਾਉਂਦਾ ਹਾਂ ਤੇ ਉਹਨਾਂ ਨੂੰ ਹੀ ਲਿਖਣ ਲਈ ਗਾਇਡ ਕਰਦਾ ਹਾਂ। ਨਾ ਹੀ ਮੈਂ ਕਿਸੇ ਥੀਸਸ ਦੀ ਸਕਰੀਨਿੰਗ ਕਮੇਟੀ ਵਿਚ ਬੈਠਦਾ ਹਾਂ, ਨਾ ਹੀ ਮੈਂ ਵਾਇਵਾ ਲੈਂਦਾ ਹਾਂ। ਮੇਰਾ ਨਾਮ ਤਾਂ ਕਿਤੇ ਵੀ ਨਹੀਂ ਹੁੰਦਾ। ਮੈਂ ਤਾਂ ਸਿਰਫ ਵਿਦਿਆਰਥੀ ਦੇ ਨਲਾਇਕ ਗਾਇਡ ਦੀ ਥਾਂ, ਪਰਉਪਕਾਰ ਕਰਦਾ ਹਾਂ ਤੇ ਮੈਂ ਆਪਣਾ ਬਣਦਾ ਸਮੇਂ ਦਾ ਇਵਜ਼ਾਨਾ ਲੈ ਲੈਂਦਾ ਹਾਂ। ਪਰ ਉਹ ਅਸਲੀ ਗਾਇਡ ਬਿੰਨ੍ਹਾਂ ਕੰਮ ਕੀਤੇ ਲੱਖਾਂ ਰੁਪਏ ਯੂਨੀਵਰਸਿਟੀਆਂ ਤੋਂ ਤਨਖਾਹ ਦੇ ਰੂਪ ਵਿਚ ਬਟੋਰ ਲੈਂਦੇ ਹਨ। ਦੱਸੋ ਮੈਂ ਗਲਤ ਹਾਂ ਕਿ ਉਹ ਜੋ ਮੇਰੇ ਕੋਲ ਵਿਦਿਆਰਥੀ ਭੇਜਦੇ ਹਨ। ਮੇਰੀ ਜੀਅ ਜਾਨ ਨਾਲ ਕੀਤੀ ਮਿਹਨਤ ਦਾ ਨਤੀਜਾ ਹੈ ਕਿ ਕਿਸੇ ਵੀ ਥੀਸਸ ਵਿਚ ਨੁਕਸ ਨਹੀਂ ਲੱਭਿਆ ਹੈ ਤੇ ਸਭ ਵਿਦਿਆਰਥੀ

ਵਾਇਵਾ ਵੀ ਪਾਸ ਕਰ ਗਏ। ਮੇਰੇ ਕਰਕੇ 70–80 ਵਿਦਿਆਰਥੀਆਂ ਦਾ ਭਵਿੱਖ ਧੁੰਧਲਾ ਹੋਣੋਂ ਬਚ ਗਿਆ।

ਮੇਰਾ ਦਿਲ ਕਰਦਾ ਸੀ ਕਿ ਮੈਂ ਉਹਨਾਂ ਯੂਨੀਵਰਸਿਟੀ ਦੇ ਉਚ ਅਹੁਦਿਆਂ ’ਤੇ ਬੈਠੇ ਪ੍ਰੋਫੈਸਰਾਂ ਬਾਰੇ ਵੀ ਦਸਾਂ ਪਰ ਇੰਝ ਕਰਨ ਨਾਲ ਦੂਸ਼ਣਬਾਜ਼ੀ ਦਾ ਦੌਰ ਸ਼ੁਰੂ ਹੋ ਜਾਵੇਗਾ। ਮੈਂ ਬਸ ਜਦੋਂ ਹੁਣ ਇਹਨਾਂ ਪ੍ਰੋਫੈਸਰ ਨੁਮਾ ਅਧਿਕਾਰੀਆਂ ਨੂੰ ਵੇਖਦਾ ਹਾਂ ਤਾਂ ਸਿਰਫ ਮੁਸਕਰਾ ਛੱਡਦਾ ਹਾਂ, ਇਹਨਾਂ ਦੇ ਖੋਖਲੇਪਨ ’ਤੇ। ਕਦੇ ਕਦੇ ਲੱਗਦਾ ਹੈ ਕਿ ਇਹ ਆਪਣੇ ਆਪ ਨੂੰ ਕਿੰਨਾਂ ਧੋਖਾ ਦੇਈ ਜਾ ਰਹੇ ਹਨ।

ਗੱਲ ਤਾਂ ਹਮਰਾਹੀ ਦੇ ਝੋਲੇ ਦੀ ਸੀ। ਉਸਦੇ ਝੋਲੇ ਵਿਚ 3–4 ਖਰੜੇ ਹਮੇਸ਼ਾ ਰਹਿੰਦੇ। ਕਿਸੇ ਦਾ ਮੁੱਖ ਬੰਦ ਤੇ ਕਿਸੇ ਦੀ ਸੋਧ ਸੁਧਾਈ ਤੇ ਕਿਸੇ ਦੀ ਆਰਡਰ ਅਨੁਸਾਰ ਲਿਖਾਈ। ਹਮਰਾਹੀ ਦੇ ਝੋਲੇ ਵਿੱਚ ਕਦੇ ਕਦੇ ਬੜੇ ਕੰਮ ਦੇ ਕਾਗਜ਼ ਨਿਕਲਦੇ। ਇਕ ਦਿਨ ਹਮਰਾਹੀ ਜੀ 10 ਕੁ ਵਜੇ ਆ ਧਮਕੇ। ‘ਸੁਆਮੀ’ ਅੱਜ ਇੱਕ ਜਰੂਰੀ ਸਲਾਹ ਕਰਨੀ ਹੈ। ਅਸਲ ਵਿਚ ਮੈਂ ਅਜ ਗੁੱਸਾ ਖਾ ਬੈਠਾ ਤੇ ਕਿਸੇ ਹੋਰ ਜਾਤ ਬਰਾਦਰੀ ਵਾਲੇ ਦਾ ਨਾਮ ਲੈ ਬੈਠਾ। ਉਹ ਤਾਂ ਕੇਸ ਕਰਨ ਨੂੰ ਫਿਰੇ, ਬੜੀ ਮੁਸ਼ਕਲ ਨਾਲ ਗੱਲ ਆਈ ਗਈ ਕੀਤੀ। ਮੈਨੂੰ ਸਮਝ ਨਹੀਂ ਲੱਗਦੀ ਯਾਰ ਇਸ ਸਾਰੇ ਤੋਂ ਬੰਦਾ ਕਿਵੇਂ ਬਚ ਸਕਦਾ ਹੈ? ਬਿਨਾਂ ਮਾੜੀ ਨੀਅਤ ਦੇ ਵੀ ਕਈ ਵਾਰੀ ਜਾਤਾਂ ਦੇ ਨਾਮ ਬੋਲ ਹੋ ਜਾਂਦੇ ਹਨ। ਕੋਈ ਹਲ ਕੱਢਣਾ ਪਊ। ਫੇਰ ਆਪੇ ਹੀ ਬੋਲੇ, ਬੜਾ ਸੌਖਾ ਹੈ ਆਪਾਂ ਜਾਤਾਂ ਦੇ ਨੰਬਰ ਰੱਖ ਦਈਏ। ਇਸ ਤਰ੍ਹਾਂ ਬੰਦਾ ਕਾਨੂੰਨੀ ਤੌਰ ’ਤੇ ਬਚ ਵੀ ਜਾਵੇਗਾ ਤੇ ਗੱਲ ਵੀ ਬੁਰੀ ਨਹੀਂ ਲੱਗੇਗੀ। ਹਾਸਾ ਠੱਠਾ ਵੀ ਹੋ ਜਾਵੇਗਾ ਤੇ ਕੋਈ ਬੇਇਜ਼ਤੀ ਵੀ ਮਹਿਸੂਸ ਨਹੀਂ ਕਰੇਗਾ। ਇਸ ਤਰ੍ਹਾਂ ਸ਼ੁਰੂ ਹੋਇਆ ਨਵਾਂ ਨੰਬਰੀਕਰਣ। ਜੋ ਲਿਸਟ ਬਣੀ ਭਾਵੇਂ ਉਹ ਪੂਰੀ ਨਹੀਂ ਸੀ ਪਰ ਕੁਝ ਇਸ ਪ੍ਰਕਾਰ ਸੀ:

ਨਾ..=90, ਭਾ..=55, ਝ..=86, ਤਰ...= 33 ਟੀ, ਲੁ...=33 ਐੱਲ, ਰਾਜ ਮਿ....=33 ਆਰ, ਛੀ...= 56, ਚ...=40, ਚ...=44, ਸੁਿ.....=16, ਕੰ...=31, ਸੈ..=36, ਬੌ....=22, ਸੈਂ..=37, ਵਣ....=32, ਗੱਲ ਜੱਟ ’ਤੇ ਆ ਕੇ ਅੜ ਗਈ। ਮੈਂ ਆਖਿਆ ਇਹ ਤਾਂ ਸੌਖਾ ਹੀ ਹੈ, ਜੱਟ ਬਰਾਬਰ ਜ਼ੀਰੋ। ‘ਵਾਹ ਸੁਆਮੀ ਵਾਹ, ਜ਼ੀਰੋ ਕਮਾਲ ਹੈ। ਜੇ ਇਹ ਸੱਜੇ ਪਾਸੇ

ਲਾ ਦਿਓ, ਦੂਸਰੇ ਨੂੰ ਦਸ ਗੁਣਾ ਤਾਕਤਵਾਰ ਕਰ ਦੇਵੇ ਤੇ ਜੇ ਖੱਬੇ ਪਾਸੇ ਲਾ ਦਿਉ ਤਾਂ ਪੁਆਇੰਟਾਂ ’ਚ ਕਰ ਦਊ।

ਹਮਰਾਹੀ ਦੇ ਝੋਲੇ ਦੇ ਕਿੱਸੇ ਅਮੁੱਕ ਹਨ ਪਰ ਕਾਗਜ਼ ਤੇ ਪੈਨ ਨੂੰ ਚਲਾਉਣ ਦੀ ਇਕ ਸੀਮਾ ਹੁੰਦੀ ਹੈ। ਸੋ ਬਾਕੀ ਫਿਰ ਕਦੇ ਸਹੀ।

***

# ਜ਼ਹਿਰਾਂ, ਜ਼ਹਿਰਾਂ, ਜ਼ਹਿਰਾਂ

ਪੰਜਾਬੀ ਵੀ ਕਮਾਲ ਦੀ ਕੌਮ ਹਨ, ਜਿਸ ਰਾਹ ਤੁਰ ਪੈਣ ਉਸ ਨੂੰ ਜਦ ਤੱਕ ਪੁੱਟ ਕਿ ਮਿੱਟੀ ਨਹੀਂ ਕਰ ਦੇਣ, ਪਿੱਛੇ ਨਹੀਂ ਹਟਦੇ। ਕੁਝ ਇਹੋ ਜਿਹਾ ਹੀ ਪੰਜਾਬੀ ਗਾਇਕੀ ਨਾਲ ਹੋਇਆ ਹੈ। ਹਰ ਛੋਟੇ ਤੋਂ ਲੈਕੇ ਵੱਡੇ ਗਾਇਕ ਨੂੰ ਵਹਿਮ ਹੋ ਗਿਆ ਕਿ ਗਾਇਕੀ ਤਾਂ ਕੁੱਛ ਨਹੀਂ, ਮਾਰੋ ਚਾਰ ਟਪੂਸੀਆਂ ਤੇ ਰੱਖ ਕਿ ਲੱਖ ਦਾ ਰੇਟ, ਬਣ ਜਾਓ ਹੀਰੋ। ਗਾਇਕੀ ਇਕ ਸਾਧਨਾ ਹੈ, ਨਿੱਠ ਕਿ ਸਿੱਖਣ ਵਾਲੀ ਕਲਾ ਹੈ। ਵਰਿਆਂ ਬੱਧੀ ਤਪੱਸਿਆ ਦਾ ਨਾਮ ਹੈ। ਜਿਨਾਂ ਛੁਪੇ ਰਹੋਗੇ ਉਨਾਂ ਹੀ ਸੁਰ ਨਿਤਰੇਗਾ, ਸੰਵਰੇਗਾ ਤੇ ਦੇਰ ਤੱਕ ਰਹੇਗਾ। ਪਰ ਕੌਣ ਸਮਝਾਏ ਇਹਨਾਂ ਅੱਗ ਤੋਂ ਵੀ ਕਾਹਲੇ ਗਾਇਕਾਂ ਨੂੰ? ਇਹਨਾਂ ਦਾ ਗੁਰੂ ਕੋਈ ਹੈ ਨਹੀਂ, ਜੇਕਰ ਅੱਜ ਇਕ ਵੀ ਗਾਇਕਾਂ ਦਾ ਗੁਰੂ ਹੁੰਦਾ ਤਾਂ ਇਹਨਾਂ ਭੁੜਕਦੇ ਗਾਇਕਾਂ ਦੇ ਟੰਬੇ ਮਾਰਦਾ। ਹੁਣ ਤਾਂ ਸਗੋਂ ਕਈ ਗੁਰੂ ਤਾਂ ਆਪ ਹੀ ਟੱਪਣ ਲੱਗ ਪਏ ਹਨ। ਪੈਸੇ ਨੇ ਪੰਜਾਬੀ ਸੰਗੀਤ ਮਾਰ ਦਿੱਤਾ ਹੈ। ਬਸ 302 ਦਾ ਮੁਕੱਦਮਾ ਹੀ ਦਰਜ ਹੋਣਾ ਬਾਕੀ ਹੈ। ਕੰਪਨੀਆਂ (ਤੱਥਾ ਕੱਥ) ਨੇ ਗਾਇਕਾਂ ਨੂੰ ਰੱਜ ਕਿ ਗੁੰਮਰਾਹ ਕੀਤਾ ਹੈ। ਸੰਗੀਤ ਪੱਖੋਂ ਤਾਂ ਕਿਸੇ ਨੂੰ ਵੀ ਢੋਲ (ਡਰੰਮ) ਦੀ ਠਾਹ ਠੂਹ ਤੋਂ ਅੱਗੇ ਵਧਣ ਹੀ ਨਹੀਂ ਦਿੱਤਾ। ਸਗੋਂ ਗੀਤਾਂ ਦੇ ਬੋਲਾਂ ਨੂੰ ਏਸ ਹੇਠਲੇ ਪੱਧਰ ’ਤੇ ਸੁੱਟ ਲਿਆ ਕਿ ਹੁਣ ਤਾਂ ਉਹਨਾਂ ਨੂੰ ਉਠਾ ਕਿ ਉਹਨਾਂ ਦੀ ਕੰਡ ਵੀ ਨਹੀਂ ਝਾੜੀ ਜਾ ਸਕਦੀ। ਉਤੋਂ ‘ਕਮਾਲ’ ਹੈ, ‘ਵਿਸ਼ਵ ਪ੍ਰਸਿੱਧ’ ਆਦਿ ਦੇ ਤਖੱਲਸ ਦੇਕੇ ਗਾਇਕਾਂ ਦੀ ਜ਼ਮੀਰ ਵੀ ਮਾਰ ਦਿੱਤੀ ਹੈ। ਡੂਇਡਾਂ, ਟੱਪੇ, ਸਵਈਏ, ਛੰਦ ਤੇ ਬਾਕੀ ਸਿਨਫ਼ਾਂ ਤਾਂ ਖਤਮ ਹੀ ਹੋ ਗਈਆਂ ਹਨ। ਗੀਤ ਵਿਚਲਾ ਮਨੁੱਖਤਾ ਦਾ ਦਰਦ ਤੇ ਅਹਿਸਾਸ, ਲੱਕ ਮਿਨਣ ਤੱਕ ਹੀ ਸੀਮਤ ਹੋ ਗਿਆ ਹੈ। ਗਾਇਕਾਂ ਦੇ ਸਨਮਾਨ ਤੇ ਸਨਮਾਨ ਹੋ ਰਹੇ ਹਨ। ਇਹ ਸਮਝ ਨਹੀਂ ਲੱਗਦੀ ਕਿ ਧੀਆਂ ਪੁੱਤਰਾਂ ਦੇ ਕੱਪੜੇ ਲਾਹੁਣ ਵਾਲਿਆਂ ਦੇ ਗਲਾਂ ਵਿਚ ਕੱਪੜੇ ਕਿਉਂ ਪਾਏ ਜਾ ਰਹੇ ਹਨ। ਰੌਲੇ ਰੱਪੇ ਨੂੰ ਪੰਜਾਬੀ ਸੰਗੀਤ ਬਣਾ ਦਿੱਤਾ ਗਿਆ ਹੈ। ਸੱਚ ਪੁੱਛੋ ਤਾਂ ਇਹਨਾਂ ਨੇ ਪੰਜਾਬੀ ਗੀਤਾਂ ਦੀ ਇੰਨ੍ਹੀ ਕੁ ਮਿੱਟੀ ਪੁੱਟ ਦਿੱਤੀ ਹੈ ਕਿ ਹੁਣ ਧਰਤੀ ਹੇਠਲੇ ਸੱਪ ਵੀ ਨਿਕਲ ਕਿ ਚੰਗੇ ਭਲੇ ਸੰਜੀਦਾ ਗਾਇਕਾਂ ਦੇ ਗਲਾਂ ਵਿਚ ਪੈ ਗਏ ਹਨ। ਪੰਜਾਬੀ ਗਾਇਕੀ ਅੱਜ ਚੁੱਪ ਹੋ ਗਈ ਹੈ, ਸ਼ੋਰ ਦਾ ਜ਼ੋਰ ਹੈ। ਵਪਾਰਕ ਮੰਦਾ ਵੀ ਸ਼ੁਰੂ ਹੋ ਚੁੱਕਾ ਹੈ। ਸ਼ਾਇਦ

ਚੰਗੀ ਲੇਖਣੀ ਅਤੇ ਸੁਰਾਂ ਦੇ ਦਿਨ ਮੁੜ ਆਉਣ। ਆਸ ਨਾਲ ਬੈਠੇ ਹਾਂ।

***

# ਤਾਰੇ ਗੀਤ ਸੁਣਦੇ ਸੌਂ ਗਏ

ਡੱਬ ਖੜੱਬੇ ਚੰਦ ਨੇ ਹਾਲੇ 60 ਸਾਲ ਪੁਰਾਣੇ ਪਿੱਪਲ ਦੇ ਪੱਤਿਆਂ ਵਿਚੋਂ ਝਾਕਿਆ ਹੀ ਸੀ ਕਿ ਪੰਜਾਬੀ ਸਾਹਿੱਤ ਅਕਾਦਮੀ ਦੇ ਵਿਹੜੇ ਵਿਚ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਪੁਤਰ ਜਸਦੇਵ ਯਮਲੇ ਦੀ ਤੂੰਬੀ ਨੂੰ ਚਾਅ ਚੜ੍ਹ ਗਿਆ, ਤੇ ਨਾਲ ਗੂੰਜੀ ਜਸਦੇਵ ਦੀ ਹੀ ਅਵਾਜ਼:

ਜੀਮ ਜਿਉਂਦਿਆਂ ਦੀ ਕੋਈ ਨਾਹੀਂ ਸਾਰ ਲੈਂਦਾ
ਤੁਰ ਗਿਆਂ ਤੋਂ ਮਿੱਤਰ ਬਣਾਂਵਦੇ ਦੇ ਨੇ

ਬਾਵਰੀ ਹੋਈ ਤੂੰਬੀ ਨੂੰ ਪਤਾ ਨਹੀ ਕਿਵੇਂ ਯਮਲੇ ਦੀ ਯਾਦ ਆ ਗਈ ਤੇ ਅਲਗ-ਰਾਗਾਂ ਵਿਚ ਪੰਜ ਗੀਤਾਂ ਨੂੰ ਤੂੰਬੀ ਦੀ ਇੱਕੋ ਤਾਰ ਨੇ ਗਾ ਦਿਤਾ।

ਉਪਰ ਅਸਮਾਨ ਵਿਚੋਂ ਭਾਦੋਂ ਦੇ ਬਦਲ ਛੂ ਮੰਤਰ ਹੋ ਗਏ ਤੇ ਚਾਰੇ ਪਾਸੇ ਤਾਰਿਆਂ ਨੇ ਝੁਰਮਟ ਪਾ ਦਿੱਤਾ। ਸ਼ਾਇਦ ਉਹ ਵੀ ਜਸਦੇਵ ਕੋਲੋਂ ਪੁਛਣਾ ਚਾਹੁੰਦੇ ਸਨ: ਦਸ ਮੈ ਕੀ ਪਿਆਰ ਵਿਚੋਂ ਖੱਟਿਆ, ਤੇਰੇ ਨੀ ਕਰਾਰਾ ਮੈਨੂੰ ਪਟਿਆ। ਇਸੇ ਤਰਾਂ, ਇਕ ਪਾਸੇ ਵੀਡੀਓ ਦੀ ਤੇਜ਼ ਰੋਸ਼ਨੀ ਵਿਚ ਰਾਤ ਦੇ ਪਤੰਗੇ ਸੜ ਰਹੇ ਸਨ ਤੇ ਦੂਸਰੇ ਪਾਸੇ ਅਕਾਦਮੀ ਦੇ ਸੱਦੇ ਤੇ ਆਏ 150 ਦੇ ਕਰੀਬ ਲੇਖਕ ਦੋਸਤ ਮਿੱਤਰ ਯਮਲੇ ਦੇ ਸਦਾ ਬਹਾਰ ਗੀਤਾਂ ਦੇ ਬੋਲਾਂ ਦੀ ਮਿਸ਼ਰੀ ਦੇ ਘੋਲ ਵਿਚ ਡੁੱਬਦੇ ਜਾ ਰਹੇ ਸਨ।

ਅੰਤ ਵਿਚ ਯਮਲੇ ਦੇ ਪੋਤੇ ਸੁਰੇਸ਼ ਨੇ ਵਿਰਾਸਤ ਦਾ ਤਖ਼ਤ ਸਾਂਭਿਆਂ ਤੇ ਆਪਣੀ ਮਿੱਠੀ ਅਵਾਜ਼ ਦਾ ਜਾਦੂ ਅਜਿਹਾ ਬਖੇਰਿਆ, ਕਿ, ਆਪਣੇ ਸਕੂਟਰਾਂ, ਕਾਰਾਂ ਤੇ ਤੁਰੇ ਲੇਖਕ ਕਦੋਂ ਆਪਣੇ ਘਰੋਂ ਘਰੀ ਪਹੁੰਚ ਗਏ, ਪੂਰਨ ਸੰਗੀਤ ਵਿਚ ਗੜੂਚੇ। ਪਤਾ ਹੀ ਨਾ ਲਗਾ।

***

# ਕੱਕਾ ਕਬੂਤਰ-ਕੱਕਾ ਕਨੇਡਾ

1990 ਦੀ ਇਕ ਸਰਦ ਸਵੇਰ ਮੈਂ ਤੇ ਜਸੋਵਾਲ ਇਕੱਠੇ ਸੀ। ਮੋਹਨ ਸਿੰਘ ਮੇਲਾ ਖਤਮ ਹੋ ਚੁੱਕਾ ਸੀ ਤੇ ਜਸੋਵਾਲ ਕਿਲਕੁਲ ਵੇਹੜਾ ਸੀ। ਮੇਲੇ ਦਾ ਲੈਣ ਦੇਣ ਮੁੱਕ ਚੁੱਕਾ ਸੀ ਤੇ ਮੇਲੇ ਵਿਚ ਵਿੱਤੀ ਲਾਭਹਾਨੀ ਦਾ ਮਸਲਾ ਨਿਪਟ ਚੁੱਕਾ ਸੀ ਅਗਲੇ ਮੇਲੇ ਵਿਚ ਕਾਫ਼ੀ ਸਮਾਂ ਪਿਆ ਸੀ ਪਰ ਜਸੋਵਾਲ ਨੂੰ ਫਿਕਰ ਲੱਗ ਚੁੱਕਾ ਸੀ। ਸਲਾਹ ਬਣੀ ਕਿ ਮੇਲੇ ਲਈ ਧਨ ਦੇ ਧੰਨਧੰਨ ਜੋੜਨ ਵਾਸਤੇ ਵਿਦੇਸ਼ਾਂ ਦਾ ਚੱਕਰ ਲਗਾਇਆ ਜਾਵੇ। ਸੱਬਬੀ ਹੀ ਟਰਾਂਟੋ ਤੋਂ ਵਿਸ਼ਵ ਪੰਜਾਬੀ ਕਾਨਫਰੰਸ ਦਾ ਸਦਾ ਪੱਤਰ ਆ ਗਿਆ। ਜਸੋਵਾਲ ਨੇ ਪ੍ਰਧਾਨਗੀ ਕਰਨੀ ਸੀ ਤੇ ਮੈਂ ਨੁਕਾਇਸ਼ ਲਗਾ ਕਿ ਇਕ ਭਾਸ਼ਨ ਦੇਣਾ ਸੀ।

ਮਿੱਥੀ ਤਰੀਕ ਨੂੰ ਅਸੀ ਕਨੇਡਾ ਦੇ ਅਮਰੀਕਾ ਦੇ ਵੀਜੇ ਲੈ ਲਏ। ਸਾਨੂੰ ਕਿਸੇ ਨੇ ਕੁਝ ਖਾਸ ਨਹੀ ਪੁਛਿਆ। ਜੁਲਾਈ ਦੇ ਆਖਰੀ ਹਫਤੇ ਅਸੀਂ ਜਾ ਪਹੁੰਚੇ ਟਰਾਂਟੋ। ਰਾਸਤੇ ਵਿਚ ਕੌਣ ਕੋਣ ਮਿਲਿਆ ਤੇ ਸਫਰ ਕਿਵੇ ਸੀ, ਇਹ ਗਲਾਂ ਕਿਤੇ ਫੇਰ ਕਰਾਗਾਂ ਪਰ ਹਾਲ ਦੀ ਘੜੀ ਮਸਲਾ ਹੋਰ ਹੈ। ਸਾਡੇ ਵਰਗੇ ਕੁਝ ਹੋਰ ਲੇਖਕ ਨੁਮਾ ਬੰਦੇ ਵੀ ਪੰਜਾਬ ਤੋਂ ਪਹੁੰਚੇ ਹੋਏ ਸਨ। ਕਾਨਫਰੰਸ ਦੇ ਦਿਨ ਸੁਖੀ ਸਾਂਦੀ ਲੰਘ ਗਏ। ਹੁਣ ਦੌਰ ਸ਼ੁਰੂ ਹੋਇਆ। ਮਿਲਣ ਗਿਲਣ ਦਾ। ਹਰ ਰੋਜ਼ ਕਿਤੇ ਨਾ ਕਿਤੇ ਖਾਣੇ ਲਈ ਸਦਾ ਹੁੰਦਾ ਸੀ। ਇਕ ਦਿਨ ਕਿਸੇ ਹੋਟਲ ਵਿਚ ਗੀਤ ਸੰਗੀਤ ਦਾ ਪ੍ਰੋਗਰਾਮ ਸੀ। ਦੋ ਗਾਇਕਾ ਨੇ ਇਕ ਗੀਤ ਸੁਣਾਇਆ ਜੋ ਵਿਦੇਸ਼ਾਂ ਵਿਚ ਵਸਦੇ ਲੋਕਾਂ ਦੇ ਦੁੱਖਾਂ ਦੀ ਤਰਜਮਾਨੀ ਕਰਦਾ ਸੀ, ਖਾਸ ਕਰ ਜੋ ਹਾਲੇ ਪੱਕੇ ਨਹੀਂ ਸਨ। ਪ੍ਰੋਗਰਾਮ ਤੋਂ ਬਾਅਦ ਪੱਤਾ ਲਗਾ ਕਿ ਇਹ ਦੋਨੋ ਕਿਸੇ ਗਾਇਕ ਨੇ ਇਥੇ ਛੱਡੇ ਸਨ 25000 ਰੁਪਏ ਹਰੇਕ ਤੋਂ ਲੈਕੇ। ਇਹ ਸ਼ਾਇਦ ਮੇਰੀ ਕਿਸੇ ਕਬੂਤਰ ਨਾਲ ਪਹਿਲੀ ਮਿਲਣੀ ਸੀ। ਗੱਲ ਗਈ ਆਈ ਹੋ ਗਈ ਤੇ ਮੈਂ ਵੀ ਭੁੱਲ ਭੁੱਲਾ ਗਿਆ ਸੀ। ਜੇਕਰ ਅਜ ਕਲ ਕਬੂਤਰਬਾਜ਼ੀ ਦਾ ਇਹ ਰੌਲਾ ਨਾ ਪੈਂਦਾ। ਜਦੋਂ ਬੰਦੇ ਨੂੰ ਭੁੱਖ ਲਗਦੀ ਹੈ। ਤਾਂ ਉਹ ਰੋਟੀ ਲਈ ਕਿਸੇ ਵੀ ਤਰਾਂ ਦੇ ਸਾਧਨ ਦੀ ਵਰਤੋਂ ਕਰ ਸਕਦਾ ਹੈ। ਸਿਰਫ ਰੋਟੀ ਹੀ ਨਹੀ ਹੁੰਦੀ, ਇਹ ਸਰੀਰਕ, ਮਾਨਸਿਕ ਤੇ ਸਮਾਜਿਕ ਵੀ ਹੋ ਸਕਦੀ ਹੈ। ਸ਼ਾਇਦ ਇਹੋ ਕਾਰਣ ਹੈ। ਕਿ ਸਾਰੀ ਦੁਨੀਆਂ ਵਿਚ ਅਬਾਦੀ ਦੇ 90 ਪ੍ਰਤੀਸ਼ਤ ਲੋਕ ਦੂਜੀਆਂ ਥਾਂਵਾ ਤੋਂ ਆਕੇ ਵਸੇ ਹੁੰਦੇ ਹਨ। ਆਰਥਿਕਤਾ

ਦੇ ਕੱਸਦੇ ਸਕੰਜੇ ਨੇ ਇਹ ਪੈੜਚਾਲ ਮੱਧਮ ਤੇ ਔਖੀ ਕਰ ਦਿਤੀ ਹੈ। ਹੁਣ ਵੀਜ਼ੇ ਲੈਣੇ ਆਸਾਨ ਨਹੀਂ ਰਹਿ ਗਏ ਜਾ ਕਹਿ ਲਵੇ ਕਿ ਵੀਜ਼ੇ ਲੈਣ ਲਈ ਅਗਿਆਨਤਾ ਵੀ ਵੱਧ ਗਈ ਹੈ। ਲੋਕ ਪੈਸੇ ਖਰਚ ਕੇ ਹਰ ਕੰਮ ਸੌਖੇ ਤਰੀਕੇ ਨਾਲ ਕਰਨਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਕੁਝ ਇਹੋ ਜਿਹੇ ਲੋਕ ਪੈਦਾ ਹੋ ਗਏ ਜੋ ਵਿਦੇਸ਼ ਜਾਣ ਦੇ ਚਾਹਵਾਨਾਂ ਨੂੰ ਇਕ ਗਾਹਕ ਸਮਝਣ ਲਗ ਪਏ ਤੇ ਪਿਛਲੇ ਸਾਲਾਂ ਵਿਚ ਸ਼ਾਇਦ ਹਜ਼ਾਰਾਂ ਲੋਕਾਂ ਨੇ ਇਸ ਪੈਸੇ ਨਾਲ ਆਪਣੇ ਹੱਥ ਰੰਗੇ ਹੋਣ। ਪਰ ਇਸ ਵਿਚ ਉਹਨਾਂ ਦਾ ਵੀ ਕੀ ਕਸੂਰ? ਜੇਕਰ ਪਹਾੜਾਂ ਤੋਂ ਪਾਣੀ ਆਏਗਾ, ਤਾਂ, ਨਦੀਆਂ ਤਾਂ ਬਨਣਗੀਆਂ ਹੀ। ਹਥਾਂ ਵਿਚ ਲੱਖਾਂ ਚੁੱਕੀ ਫਿਰਦੇ ਲੋਕਾਂ ਨੂੰ ਜ਼ਾਇਜ਼, ਨਜਾਇਜ ਸਭ ਤਰ੍ਹਾਂ ਦੇ ਦੁਕਾਨਦਾਰ ਟਕਰਨਗੇ ਹੀ।

1990 ਤੋਂ ਬਆਦ ਮੈਂ ਫੇਰ ਕਈ ਵਾਰ ਵਿਦੇਸ਼ ਗਿਆ। ਕਮਲਜੀਤ ਨੀਲੋਂ, ਸੁਰਜੀਤ ਪਾਤਰ, ਆਤਮਜੀਤ ਵਰਗੇ ਸਾਹਿਤਕਾਰਾਂ ਨਾਲ ਵੀ ਗਿਆ। ਪਰ 1996 ਤੋਂ ਬਾਅਦ ਇਕ ਡਰ ਜਿਹਾ ਲੱਗਣ ਲਗ ਪਿਆਂ ਤੇ ਹਰ ਵਾਰ ਜਦੋ ਵੀ ਕਿਸੇ ਕਾਨਫਰੰਸ ਤੇ ਜਾਂ ਨੁਮਾਇਸ਼ ਲਈ ਗਿਆਂ, ਕੱਲਾ ਹੀ ਗਿਆ। ਜਿਸ ਹਮਾਮ ਵਿਚ ਸਭ ਨੰਗੇ ਹੋਣ ਉਥੇ ਕਪੜੇ ਪਾਏ ਹੋਏ ਵੀ ਦਿਖਣੋਂ ਹੱਟ ਜਾਂਦੇ ਹਨ। ਤੁਰੇ ਫਿਰਦੇ ਕਈ ਤਰਾਂ ਦੇ ਲੋਕ ਮਿਲਦੇ ਹਨ। ਹੈਰਾਨ ਹੋਈਦਾ ਕਿ ਕਈ ਬੜੇ ਹੀ ਸਨਮਾਨਿਤ ਤੇ ਅਮੀਰ ਪੰਜਾਬੀ ਜੋ ਵਿਦੇਸ਼ਾਂ ’ਚ ਮਿਲਦੇ ਹਨ। ਕਿਸੇ ਦਿਨ ਇੱਥੇ ਹੀ ਘੱਰੋ ਜੁੱਤੀ ਝੋਲਾ ਚੁੱਕ ਕਿ ਤੁਰੇ ਸਨ। ਏਅਰਪੋਰਟ ਦੇ ਬਾਹਰੀ ਫੁੱਟਪਾਥ ਤੇ ਸੌਂ ਕਿ ਰਾਤਾਂ ਕੱਟਣ ਵਾਲੇ ਅਜ ਜਹਾਜ਼ਾਂ ਦੇ ਮਾਲਕ ਹਨ। ਮੈ ਹਮੇਸ਼ਾ ਸੋਚਦਾ ਰਿਹਾ ਕਿ ਇਹੀ ਲੋਕ ਪੰਜਾਬ ’ਚ ਕਿਉਂ ਨਹੀਂ ਕਾਮਯਾਬ ਹੁੰਦੇ ? ਇਹ ਪੰਜਾਬ ਵਿਚ ਇੰਨੀ ਹੱਡ ਭੰਨਵੀ ਮਿਹਨਤ ਕਿਉਂ ਨਹੀਂ ਕਰਦੇ? ਸਮਾਂ ਪਾਕੇ ਪਤਾ ਚਲਿਆ ਕਿ ਪੰਜਾਬੀ ਦਾ ਝੋਨੇ ਦੀ ਪਨੀਰੀ ਵਾਂਗ ਹਨ। ਜਿੰਨਾਂ ਚਿਰ ਪਨੀਰੀ ਵਾਂਗੂੰ ਪੁੱਟ ਕੇ ਨਾ ਲਾਈਏ, ਫੱਲਦੇ ਫੁੱਲਦੇ ਨਹੀਂ,

ਪਿਛਲੇ ਦਿਨੀ ਮੈ ਮੇਲੇ ਤੋਂ ਬਾਅਦ ਇਕ ਸਵੇਰ ਜਸੋਵਾਲ ਕੋਲ ਬੈਠਾ ਸੀ। ਅਖਬਾਰਾਂ ਵਿਚ ਕਬੂਤਰਾਂ ਨੂੰ ਛੱਡਣ ਛਡਾਉਣ ਦੀਆਂ ਦਲੇਰੀ ਦੀਆਂ ਗੱਲਾਂ ਗਰਮ ਵਿਸ਼ਾ ਸਨ। ਜਸੋਵਲ ਬੜਾ ਚਿੰਤਤ ਸੀ। ਕਹਿਣ ਲਗਾ,

‘ਜਨਮੇਜਾ ਸਿੰਹਾਂ ਕਿਸਤੇ ਵਿਸ਼ਵਾਸ਼ ਕਰੀਏ ਮੈਨੂੰ ਤਾਂ ਸਾਰਾ ਲਾਣਾ ਹੀ ਊਤਿਆ ਲੱਗਦਾ ਹੈ। ਮੈਨੂੰ ਲਗਦਾ ਬਈ ਆਪਾ ਦੋਹੇ ਹੀ ਬਚੇ ਕਏ ਹਾਂ ਇਸ ਸਾਰੇ ਕੁਝ ਤੋਂ ?’

ਇਕ ਦਮ ਮੇਰੇ ਕੋਲੋ ਕਹਿ ਹੋ ਗਿਆ। ਇਹੋ ਜਿਹੇ ਮਾਹੌਲ ਵਿਚ ਜਥੇਦਾਰ ਜੀ, ਮੈਨੂੰ ਤਾਂ ਆਪਣੇ ਆਪ ਤੇ ਵੀ ਯਕੀਨ ਕਰਨਾ ਮੁਸ਼ਕਲ ਹੋ ਰਿਹਾ ਹੈ। ਹੁਣ ਇਕ ਚੁੱਪ ਸੀ ਤੇ ਸਾਡੀ ਗਲਬਾਤ ਦਾ ਵਿਸ਼ਾ ਬਦਲ ਚੁਕਿਆ ਸੀ।

***

# ਭੋਗ ਵਾਲੀ ਫੋਟੋ

ਫੋਟੋਗ੍ਰਾਫੀ ਮੇਰਾ ਕਿੱਤਾ ਨਹੀਂ, ਇਸਨੂੰ ਮੈਂ ਆਪਦੇ ਮਨ ਦੀ, ਦਿਲ ਦੀ, ਚੇਤਨਤਾ ਦੀ ਕਹਾਣੀ ਕਹਿਣ ਲਈ ਵਰਤਦਾ ਹਾਂ। ਪਰ ਇਸ ਲੋਕ ਦੇ ਲੋਕ, ਮੇਰੀ ਰਮਜ਼ ਤੱਕ ਪਹੁੰਚ ਸਕਣ, ਇਹ ਹਾਲੇ ਮੁਮਕਿਨ ਨਹੀਂ। ਬਹੁਤੇ ਲੋਕ ਮੇਰੇ ਕੋਲ ਕੈਮਰਾ ਦੇਖ ਕਿ ਫੋਟੋ ਖਿਚਵਾਉਣ ਲਈ ਲਲਚਾ ਜਾਂਦੇ ਹਨ। ਕਈਆਂ ਅਨੁਸਾਰ ਮੇਰਾ ਕੋਈ ਸਟੂਡੀਓ ਹੈ ਜਾਂ ਫੇਰ ਤੁੱਰਦੀ ਫਿਰਦੀ ਦੁਕਾਨ ਹੈ। 'ਪੈਸੇ ਲੈ ਲਵੀਂ' ਆਖ ਕਿ ਉਹ ਅਕਸਰ ਹੀ ਮੇਰੇ ਕੋਲੋਂ ਫੋਟੋ ਖਿਚਵਾਉਣ ਦੀ ਜ਼ਿਦ ਕਰਦੇ ਹਨ, ਇਹ ਦੱਸਣ ਦੇ ਬਾਵਜੂਦ ਵੀ ਕਿ ਮੈਂ ਫੋਟੋ ਖਿਚਦਾ ਹੀ ਹਾਂ, ਦੇਂਦਾ ਨਹੀਂ, ਪੈਸੇ ਲੈ ਕੇ ਤਾਂ ਬਿਲਕੁਲ ਹੀ ਨਹੀਂ।

ਪ੍ਰੋ. ਮੋਹਨ ਸਿੰਘ ਦੇ ਮੇਲੇ ਤੇ ਵੀ ਇੰਜ ਹੀ ਹੋਇਆ। ਇਕ ਅਮੀਰ ਸਨਮਾਨਤ ਵਿਅਕਤੀ ਮੇਰੇ ਕੋਲੋਂ ਫੋਟੋ ਖਿਚਵਾਉਣ ਲਈ ਅੜ ਗਿਆ। ਬਥੇਰੀਆਂ ਮਿਨਤਾਂ ਕੀਤੀਆਂ ਕਿ ਜੋ ਤੁਸੀਂ ਚਾਹੁੰਦੇ ਹੋ ਮੇਰੇ ਵਸ ਦਾ ਰੋਗ ਨਹੀਂ। ਤੁਹਾਨੂੰ ਫੋਟੋ ਮਿਲਣੀ ਨਹੀਂ, ਆਖਰ ਮੈਨੂੰ ਕਿਸੇ ਮਿੱਤਰ ਦੇ ਕਹਿਣ ਤੇ ਇਹ ਕੰਮ ਕਰਨਾ ਹੀ ਪਿਆ। ਮੈਂ ਸ਼ੁਕਰ ਕੀਤਾ ਕਿ ਮੇਰਾ ਖਹਿੜਾ ਛੁੱਟਿਆ ਅਤੇ ਮੈਂ ਮੇਲੇ ਵਿਚ ਆਪਣੀ ਮਨਪਸੰਦ ਦੀਆਂ ਫੋਟੋਆਂ ਖਿਚ ਸਕਦਾ ਹਾਂ। ਮੈਨੂੰ ਆਪਣੇ ਆਪ ਤੇ ਗੁੱਸਾ ਵੀ ਆਇਆ ਕਿ ਇਕ ਫੋਟੋ ਨਾਲ ਕੀ ਫਰਕ ਪੈਣਾ ਸੀ, 15 ਮਿੰਟ ਵੀ ਖਰਾਬ ਕੀਤੇ ਤੇ ਫੇਰ ਵੀ ਅਗਲੇ ਦੀ ਮੰਨਣੀ ਪਈ।

ਐਤਕਾਂ ਪੰਜਾਬ ਯੂਨੀਵਰਸਿਟੀ ਨੇ ਆਪਣੀ ਡਾਇਮੰਡ ਜੁਬਲੀ ਮਨਾਈ। ਮੈਨੂੰ ਵੀ ਉਹਨਾਂ ਆਪਦੇ ਵਿਚ ਸ਼ਾਮਲ ਕਰ ਲਿਆ ਤੇ ਮੈਂ ਉਥੇ ਪੰਜਾਬੀ ਜੀਵਨ ਦੀ ਨੁਮਾਇਸ਼ ਲਗਾ ਦਿੱਤੀ। ਸੈਂਕੜੇ ਲੋਕਾਂ ਨੇ ਮੇਰੇ ਨਾਲ ਵਿਚਾਰ ਸਾਂਝੇ ਕੀਤੇ। ਇਹਨਾਂ ਵਿਚਾਰਾਂ ਵਿਚ ਮੇਰੀ ਫੋਟੋਗਰਾਫੀ ਦਾ ਕੋਈ ਜ਼ਿਕਰ ਨਹੀਂ ਸੀ। ਵਿਸ਼ਾ ਸੀ ਤਾਂ ਪੰਜਾਬੀ ਸਭਿਆਚਾਰ ਨੂੰ, ਪੰਜਾਬੀ ਬੋਲੀ ਨੂੰ ਤੇ ਪੰਜਾਬੀ ਦਰਸ਼ਨ ਨੂੰ ਇਕ ਕੌਮ ਦੇ ਤੌਰ ਤੇ ਬਚਾਉਣ ਦਾ। ਫੋਟੋਗਰਾਫੀ ਨੇ ਇੱਕ ਮਾਧਿਅਮ ਵਾਂਗ ਕੰਮ ਕੀਤਾ, ਦੂਸਰੇ ਮਧਿਅਮਾਂ ਵਾਂਗ। ਮੈਨੂੰ ਖੁਸ਼ੀ ਸੀ ਕਿ ਮੈਂ ਫੋਟੋਗ੍ਰਾਫੀ ਰਾਹੀਂ ਆਪਣਾ ਸੁਨੇਹਾ ਦੇ ਰਿਹਾ ਤੇ ਮੇਰੀਆਂ ਟੈਕਨੀਕਲੀ ਮਾੜੀਆਂ ਫੋਟੋਆਂ ਵੀ ਆਪਣੇ ਵਿਸ਼ੇ ਵਸਤੂ ਕਰਕੇ ਪਰਵਾਨ ਹੋ ਰਹੀਆਂ ਹਨ। ਇਸ ਸਾਰੀ ਕਾਨਫਰੰਸ ਦੌਰਾਨ, ਅਨੇਕਾਂ ਚਾਹ ਦੇ ਸ਼ੈਸ਼ਨ ਚੱਲੇ। ਹਾਸੇ ਵੀ ਹੋਏ।

ਨਿੰਦਾ ਚੁਗਲੀ ਵੀ ਚੱਲੀ। ਅਕਾਡਮੀ ਦੀਆਂ ਵੋਟਾਂ ਦੇ ਬੁਖਾਰ ਦੀ ਤਪਸ਼ ਵੀ ਹੋਈ।

'ਤੂੰ ਕਿਧਰ ਤੁਰਿਆ ਫਿਰਦਾ ਆਂ ਆਕੇ ਮੇਰੀ ਇਕ ਫੋਟੋ ਖਿਚ', ਇਹ ਅਵਾਜ਼ ਸੀ ਇਕ ਪੰਜਾਬੀ ਕਵਿੱਤਰੀ ਦੀ। ਵੱਡੀ ਹੋਣ ਦੇ ਨਾਤੇ ਉਸਨੇ ਆਪਣਾ ਹੱਕ ਜਤਾਇਆ। ਮੈਂ ਘੜੀ ਪਲ ਲਈ ਠਹਿਰ ਗਿਆ। ਮੈਂ ਜਵਾਬ ਵੀ ਨਹੀਂ ਦੇ ਸਕਦਾ ਸੀ ਤੇ ਇੰਜ ਫੋਟੋ ਖਿੱਚਣਾ ਮੇਰੇ ਲਈ ਫਜ਼ੂਲ ਵੀ ਸੀ। ਮੈਂ ਆਪਣੇ ਘੜੇ ਘੜਾਏ ਉੱਤਰ ਦਿੱਤੇ, ਜਿਵੇਂ ਫੋਟੋ ਮਿਲਣੀ ਨਹੀਂ, ਫੇਰ ਤੁਹਾਡਾ ਮਨ ਉਦਾਸ ਹੋਊ ਆਦਿ ਆਦਿ, ਪਰ ਸਭ ਬਹਾਨੇ ਬੇਕਾਰ ਗਏ। ਮੈਂ ਠਮਿਆਂ ਹੋਇਆ ਸੀ। ਮੈਨੂੰ ਸਮਝ ਨਹੀਂ ਸੀ ਲਗ ਰਹੀ ਕਿ ਮੈਂ ਇਕ ਵਿਰਾਸਤੀ ਫੋਟੋਗਰਾਫਰ ਤੋਂ ਰੋਟੀਗ੍ਰਾਫਰ ਕਿਵੇਂ ਬਣਾ।

ਆਖਰ ਹੱਲ ਲਭ ਗਿਆ, 'ਮੈਂ ਤਾਂ ਜੀ ਸਿਰਫ ਭੋਗ ਵਾਲੀ ਫੋਟੋ ਹੀ ਖਿੱਚਦਾ, ਦੱਸੋ ਫਿਰ ਖਿੱਚਾਂ' ਅੱਗਿਓਂ ਸਾਰਿਆਂ ਦੇ ਹਾਸੇ ਫੁੱਟ ਪਏ ਅਤੇ ਮੈਂ ਇਕ ਭੋਗ ਵਾਲੀ ਫੋਟੋ ਉਸ ਕਵਿੱਤਰੀ ਦੀ ਖਿੱਚ ਦਿੱਤੀ। ਹੁਣ ਅਸੀਂ ਦੋਵੇਂ ਖੁਸ਼ ਸਾਂ। ਉਸਦੀ ਫੋਟੋ ਖਿੱਚੀ ਗਈ ਤੇ ਮੈਨੂੰ ਅੱਗੇ ਵਾਸਤੇ ਰਾਹ ਲੱਭ ਗਿਆ। ਯਾਦ ਆਇਆ ਸ਼ਾਇਦ ਪ੍ਰੋ. ਮੋਹਨ ਸਿੰਘ ਮੇਲੇ ਤੇ ਸਨਮਾਨਿਤ ਉਸ ਅਮੀਰ ਦੇ ਪਰਿਵਾਰ ਵਾਲੇ ਵੀ ਭੋਗ ਵਾਸਤੇ 2 ਫੋਟੋਆਂ ਲੈ ਗਏ ਸਨ, ਬਿਲਕੁਲ ਮੁਫਤ।

***

# ਕੌਡੀ, ਕੌਡੀ ਹੋਗੇ ਮਿੱਤਰੋ!

ਕਿਸੇ ਸੱਜਣ ਦੇ ਸੱਦੇ ਤੇ ਉਹਦੇ ਪਿੰਡ ਜਾਣ ਦਾ ਸਬੱਬ ਬਣਿਆ, ਉਸਨੇ ਰਾਹ 'ਚ ਦੱਸਿਆ ਕਿ, ਉਸਨੇ ਤਾਂ ਪਿੰਡ ਹੋ ਰਹੇ ਕਬੱਡੀ ਟੂਰਨਾਮੈਂਟ ਦੀ ਪ੍ਰਧਾਨਗੀ ਕਰਨੀ ਹੈ। ਮਨ ਬੜਾ ਖੁਸ਼ ਹੋਇਆ ਕਿ ਮੂਹਰਲੀ ਕਤਾਰ 'ਚ ਬੈਠ ਕਿ ਕੌਡੀ ਦੇਖਣ ਦਾ ਮੌਕਾ ਮਿਲੇਗਾ। ਕਈ ਸਾਲਾਂ ਤੋਂ ਕੰਨਾਂ ਨੇ ਕੌਡੀ ਕੌਡੀ ਦੀ ਮਿੱਠੀ ਅਵਾਜ਼ ਨਹੀਂ ਸੀ ਸੁਣੀ। ਹੋਰ ਖੁਸ਼ੀ ਦੀ ਗੱਲ ਇਹ ਸੀ ਕਿ ਅੱਜ ਕਲ ਕੈਮਰੇ ਅਵਾਜ਼ ਵੀ ਰਿਕਾਰਡ ਕਰ ਲੈਂਦੇ ਹਨ। ਸੋਚਿਆ ਇੰਜ ਇਹ ਮਿਠਾਸ ਵਾਲਾ ਤੇ ਤੇਜ਼ ਸਾਹਾਂ ਵਾਲੀ ਦਮਦਾਰ ਅਵਾਜ਼ ਵੀ ਸਾਂਭਣ ਦਾ ਮੌਕਾ ਮਿਲ ਜਾਵੇਗਾ। ਜਾਗਦੇ ਹੋਏ ਵੀ ਹਾਲਾਤ ਸੁਫਨਮਈ ਹੋ ਗਏ। ਯਾਦ ਆ ਗਿਆ ਪਿੰਡ ਦੇ ਰੜ੍ਹੇ ਵਿਚ ਕੱਛੇ ਪਾ ਕੇ ਲੈਨ ਮਾਰਕੇ ਕੌਡੀ ਪਾਉਂਦੇ ਮੁੰਡੇ। ਸਭ ਦਾ ਧਿਆਨ ਇਸ ਵਲ ਹੁੰਦਾ ਕਿ ਪੁਆਇੰਟ ਲੈਣ ਤੋਂ ਪਹਿਲੋਂ ਕਿਤੇ ਦਮ ਤਾਂ ਨਹੀਂ ਟੁੱਟ ਗਿਆ ਜਾਂ ਫੇਰ ਦੁਬਾਰਾ ਕੌਡੀ-ਕੌਡੀ ਕਹਿਣਾ ਸ਼ੁਰੂ ਤਾਂ ਨਹੀਂ ਕਰ ਦਿੱਤਾ। ਦਮਦਾਰ ਮੁੰਡੇ ਦੀ ਪੈਂਠ ਇਸ ਕਰਕੇ ਹੀ ਬੱਝਦੀ ਕਿ 1 ਲਮਾਂ ਸਾਹ ਤੇ ਤਾਕਤ ਪੰਜਾਬੀ ਜੁੱਸੇ ਦੀ ਅਸਲੀ ਪਛਾਣ ਸਨ।

ਅਚਾਨਕ ਸੁਫਨਾ ਟੁੱਟਾ ਤੇ ਅਸੀਂ ਮੈਦਾਨ ਦੇ ਵਿਚ ਸਾਂ। ਰਸਮੀ ਆਓ ਭਗਤ ਤੋਂ ਬਾਅਦ ਬੜੀ ਅੱਛੀ ਥਾਂ ਬੈਠਣ ਨੂੰ ਮਿਲੀ। ਕਬੱਡੀ ਦੀ ਸ਼ੁਰੂਆਤ ਹੋ ਚੁੱਕੀ ਸੀ। ਮੁੰਡੇ ਨੱਠ ਨੱਠ ਕਿ ਪੁਆਇੰਟ ਲਈ ਜਾਂਦੇ। ਪਰ ਕੌਡੀ-ਕੌਡੀ ਅਵਾਜ਼ ਸੁਣਾਈ ਨਹੀਂ ਸੀ ਦੇ ਰਹੀ। ਸੋਚਿਆ ਉਮਰ ਨਾਲ ਕੰਨ ਕੰਮ ਕਰਨੋਂ ਘਟ ਗਏ ਹਨ। ਆਪਣੀ ਥਾਂ ਤੋਂ ਉਠਿਆ ਤੇ ਕੈਮਰੇ ਦੇ ਬਹਾਨੇ ਮੈਦਾਨ ਵਿਚ ਜਾ ਪਹੁੰਚਿਆ। ਬਿਲਕੁਲ ਲਾਗੇ ਹੋਕੇ ਸੁਨਣ ਦੀ ਤਮੰਨਾ ਨਾਲ ਗੋਲ ਚੱਕਰ ਦੀਆਂ ਬਰੂਹਾਂ ਤੇ ਖੜ੍ਹ ਗਿਆ। ਪਰ ਇਹ ਮਿੱਠੀ ਅਵਾਜ਼ ਮੈਨੂੰ ਸੁਣਾਈ ਦਿੱਤੀ ਤਾਂ ਨਾ, ਸਗੋਂ, ਫੜ੍ਹਲੋ, ਪਰ੍ਹੇ ਹੋ ਜਾ, ਉਤੋਂ ਦੀ, ਹੇਠਾਂ ਕੰਨੀ, ਦੀਆਂ ਤਲਖ਼ੀ ਭਰੀਆਂ ਅਵਾਜ਼ਾਂ ਹੀ ਸੁਣੀਆਂ। ਇੰਝ ਲੱਗ ਰਿਹਾ ਸੀ, ਜਾਤੀ ਦੁਸ਼ਮਣ ਲੜਾਈ ਲਈ ਤਿਆਰ ਹੋ ਰਹੇ ਹੋਣ। ਕਿਸੇ ਦੇ ਚਿਹਰੇ ਤੇ ਖੇਡ ਦਾ ਜਲੋਅ ਨਹੀਂ ਸੀ। ਬੁੱਝੇ ਤੇ ਤਣਾਅ ਭਰੇ ਚਿਹਰੇ। ਮੈਂ ਨਿਰਾਸ਼ ਹੋ ਕੇ ਵਾਪਸ ਆ ਗਿਆ। ਮੇਰੇ ਮਗਰ ਹੀ ਮੈਚ ਖਤਮ ਹੋ ਗਿਆ। ਮੇਰੀ ਪ੍ਰੇਸ਼ਾਨੀ ਹੋਰ ਵੱਧ ਗਈ, ਪਰ ਚੁੱਪ ਰਿਹਾ। ਵਾਪਸੀ ਰਸਤੇ ਤੇ ਮੈਂ ਆਪਣੀ ਪ੍ਰੇਸ਼ਾਨੀ ਦੀ ਪ੍ਰਧਾਨ

ਜੀ ਨਾਲ ਗੱਲਬਾਤ ਕੀਤੀ। ਜੋ ਉਨ੍ਹਾਂ ਦੱਸਿਆ ਕਿ ਉਹ ਬਿਲਕੁਲ ਕੌਡੀ ਨਹੀਂ ਸੀ। ਉਨ੍ਹਾਂ ਅਨੁਸਾਰ ਬਹੁਤੇ ਮੈਚ 10-10 ਪੁਆਇੰਟਾਂ ਦੇ ਜਾਂ 10-10 ਮਿੰਟ ਦੇ ਹੀ ਖੇਡੇ ਜਾਂਦੇ ਹਨ, ਕਿਉਂਕਿ ਇਸ ਤਰ੍ਹਾਂ ਵੱਧ ਟੀਮਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਖਬਰ ਵੀ ਵਧੀਆ ਬਣਦੀ ਹੈ ਤੇ ਟੀਮਾਂ ਨੇ ਵੀ ਹੋਰ ਥਾਵਾਂ ਤੇ ਸਮੂਲੀਅਤ ਕਰਨੀ ਹੁੰਦੀ ਹੈ। ਜਿੱਥੋਂ ਤੱਕ ਕੌਡੀ-ਕੌਡੀ ਦਮ ਦਾ ਸੁਆਲ ਸੀ, ਉਨ੍ਹਾਂ ਅਨੁਸਾਰ ਇਹ ਵੀ ਟਾਇਮ 'ਚ ਬਦਲ ਗਈ ਹੈ। ਮੇਰਾ ਮਨ ਹੁਣ ਸ਼ਾਂਤ ਹੋ ਚੁੱਕਾ ਸੀ। ਮੇਰੇ ਲਈ ਕੌਡੀ ਦੀ ਹੁਣ ਕੌਡੀ ਪੈ ਚੁੱਕੀ ਸੀ। ਜੇਕਰ ਹੁਣ ਮੈਨੂੰ ਕੋਈ ਇਹ ਵੀ ਦਸ ਦੇਵੇ ਕਿ ਇਹ ਰਲ ਕਿ ਖੇਡਦੇ ਹਨ ਤਾਂ ਹੈਰਾਨੀ ਨਹੀਂ ਹੋਵੇਗੀ। ਉਂਝ ਇਹ ਬਦਲਾਵ ਸਮਾਜ ਵਿਚ ਨਿੱਤ ਆ ਰਹੇ ਬਦਲਾਅ ਦਾ ਹੀ ਨਤੀਜਾ ਹੈ। ਕੋਈ ਆਲੋਕਾਰੀ ਘਟਨਾ ਨਹੀਂ। ਵਿਚਾਰੇ ਖਿਡਾਰੀਆਂ ਦਾ ਕੀ ਕਸੂਰ, ਸਮੇਂ ਦੀ ਮੰਗ ਤੇ ਪ੍ਰਬੰਧਕੀ ਲੋਕਾਂ ਦੀ ਮਜ਼ਬੂਰੀ ਹੀ ਅਸਲੀ ਕਾਰਣ ਹਨ। ਪਰ ਫੇਰ ਵੀ ਮੈਨੂੰ ਉਮੀਂਦ ਹੈ ਕਿਤੇ ਨਾ ਕਿਤੇ, ਕਿਸੇ ਨਾਲ ਕਿਸੇ ਪੰਜਾਬ ਦੇ ਰੜ੍ਹੇ ਮੈਦਾਨ ਵਿਚ ਕੌਡੀ-ਕੌਡੀ ਜ਼ਰੂਰ ਸੁਣਾਈ ਦੇਂਦੀ ਹੋਵੇਗੀ ਤੇ ਮੈਂ ਇੱਕ ਦਿਨ ਇਹ ਜ਼ਰੂਰ ਸੁਨਣ ਪਹੁੰਚਾਂਗਾ।

***

# ਕਿ-ਕ-ਕੇ

ਹਰ ਮਨੁੱਖ ਜੀਵਨ ਦੇ ਕਿਸੇ ਨਾ ਕਿਸੇ ਪੜ੍ਹਾਅ ਤੇ ਆਕੇ ਕੁਝ ਆਦਤਾਂ ਲਈ ਪੱਕ ਜਾਂਦਾ ਹੈ। ਭਾਵੇਂ ਉਹ ਠੀਕ ਹੋਣ ਜਾਂ ਨਾ ਹੋਣ। ਇਹ ਹਰ ਮਨੁੱਖ ਦੇ ਵਿਲੱਖਣ ਸੁਭਾਅ ਤੇ ਵਿਲੱਖਣ ਤੱਤ ਦਾ ਹੀ ਪ੍ਰਗਟਾਵਾ ਹੁੰਦਾ ਹੈ। ਮਨੁੱਖ ਦੀ ਸਿਰਜਨਾ ਤੋਂ ਬਾਅਦ, ਕਿਸੇ ਵੀ ਹੋਰ ਜੀਵ ਵਾਂਗ, ਸੰਚਾਰ ਇਕ ਲੋੜ ਰਹੀ ਹੈ, ਮੁੱਢ ਕਦੀਮ ਤੋਂ। ਮਨੁੱਖੀ ਹਾਵ ਭਾਵ, ਨਜ਼ਰ, ਸੁਗੰਧ ਤੇ ਸਪਰਸ਼ ਸੰਚਾਰ ਦੇ ਮੁੱਢਲੇ ਸੋਮੇ ਹਨ। ਕੁਦਰਤ ਨੇ ਬਹੁਤ ਸਾਰੇ ਜੀਵਾਂ ਨੂੰ ਧੁਨੀ ਦਾ ਤੋਹਫਾ ਵੀ ਦਿੱਤਾ ਹੈ। ਪਰ ਇਸ ਧੁਨੀ ਨੂੰ ਉਸਨੇ ਭੂਗੋਲਿਕ ਤੇ ਜੀਨ ਦੀ ਹੱਦ ਨਾਲ ਜੋੜ ਕਿ ਸੀਮਤ ਕੀਤਾ ਹੈ। ਭਾਵੇਂ ਹਰ ਜੀਵ ਧੁਨੀ ਦਾ ਪੂਰਾ ਇਸਤੇਮਾਲ ਨਹੀਂ ਕਰ ਸਕਦਾ, ਪਰ ਮਨੁੱਖ ਨੇ ਇਸ ਧੁਨੀ ਨੂੰ ਨਿਯਮਬੱਧ ਕਰਕੇ ਇਸਤੇਮਾਲ ਕਰਨਾ ਸਿੱਖ ਲਿਆ ਹੈ ਤੇ ਇਕ ਕਦਮ ਅੱਗੇ ਚੱਲ ਕਿ ਭਾਸ਼ਾਵਾਂ ਤੇ ਲਿੱਪੀਆਂ ਵੀ ਵਿਕਸਤ ਕਰ ਲਈਆਂ। ਪਰ ਇਹ ਭਾਸ਼ਾਵਾਂ ਤੇ ਇਹਨਾਂ ਦੀ ਲਿੱਪੀ ਵਿਚ ਹਾਲੇ ਕਾਫੀ ਅੰਤਰ ਹੈ। ਜਿਉਂ ਜਿਉਂ ਸਮਾਂ ਲੰਘਦਾ ਜਾ ਰਿਹਾ ਹੈ, ਲੋਕ ਆਪੋ ਆਪਣੀ ਸੌਖ ਲਈ ਭਾਸ਼ਾ ਤੇ ਲਿੱਪੀ ਵਿਚ ਬਦਲਾਅ ਕਰੀ ਜਾ ਰਹੇ ਹਨ। ਮੈਨੂੰ ਵੀ ਥੋੜ੍ਹਾ ਬਹੁਤਾ ਲਿਖਣ ਦਾ ਝੱਸ ਹੈ। ਪੰਜਾਬੀ ਭਾਸ਼ਾ ਦੇ ਇਸਦੇ ਨਾਲ ਲੱਗਦੇ ਭੂਗੋਲਿਕ ਖਿੱਤੇ ਦੀਆਂ ਹੋਰ ਭਾਸ਼ਾਵਾਂ ਨੂੰ ਮੈਂ ਇਕ ਟਾਪੂ ਸਮੂਹ ਦੇ ਵਾਗ ਸਮਝਦਾ ਹਾਂ ਤੇ ਇਸ ਸਮੁੱਚੇ ਸਮੂਹ ਨੂੰ ਆਧੁਨਿਕ ਤਕਨੀਕੀ ਸਮੁੰਦਰ ਵਿਚ ਤਰਨ ਦੇ ਯੋਗ ਬਨਾਉਣ ਲਈ ਕੋਸ਼ਿਸ਼ ਕਰ ਰਿਹਾ ਹਾਂ। ਭਾਵੇਂ ਇਹ ਕੋਸ਼ਿਸ਼ ਨਿੱਜੀ ਹੈ ਤੇ ਕਿਸੇ ਵੀ ਮਾਲੀ ਸਹਾਇਤਾ ਤੋਂ ਰਹਿਤ ਹੈ, ਪਰ ਇਸ ਕੋਸ਼ਿਸ਼ ਨੂੰ ਅਥਾਹ ਲੋਕ ਸਮਰਥਨ ਮਿਲ ਰਿਹਾ ਹੈ। ਮੇਰੀ ਇਹ ਕੋਸ਼ਿਸ਼ ਕਦੇ ਕਦੇ ਮੈਨੂੰ ਲਿਖਣ ਲਈ ਵੀ ਪ੍ਰੇਰ ਦਿੰਦੀ ਹੈ। ਮੇਰੀ ਲੇਖਣੀ ਮੂਲ ਰੂਪ ਵਿਚ ਲੋਕ ਧੁਨੀਆਂ ਦੇ ਆਸ ਪਾਸ ਘੁੰਮਦੀ ਹੈ। ਮੇਰੇ ਸ਼ਬਦਾਂ ਦੀ ਬਣਤਰ ਇਸ ਰਮਜ਼ ਤੇ ਨਿਰਭਰ ਕਰਦੀ ਹੈ ਕਿ ਸ਼ੁੱਧ ਜਾਂ ਇਲਾਕਾਈ ਉਚਾਰਣ ਕੀ ਹੋਵੇਗਾ। ਸ਼ਬਦ ਤੇ ਕਿੰਨਾਂ ਜ਼ੋਰ ਪਾਕੇ ਬੋਲਣਾ ਹੈ ਤੇ ਕਿਸ ਲਹਿਜੇ ਨਾਲ ਪੇਸ਼ ਕਰਨਾ ਹੈ। ਇਹੋ ਕਾਰਨ ਹੈ ਕਿ ਮੇਰੇ ਕਈ ਸ਼ਬਦ ਜੋੜ ਕਈਆਂ ਨੂੰ ਅਖੜਦੇ ਹਨ। ਮੇਰੀ ਵਾਕ ਬਣਤਰ ਤੋਂ ਅਜੋਕੇ ਪੀ.ਐਚ.ਡੀਆਂ ਵਾਲੇ ਖ਼ਾਰ ਖਾਂਦੇ ਹਨ। ਖਾਸ ਕਰਕੇ ਜਦੋਂ ਮੈਂ 'ਕਿ' ਸ਼ਬਦ ਲਿਖਾਂ ਹਾਂ। ਪਿਛਲੇ ਇਕ ਦਹਾਕੇ ਤੋਂ

ਬਹੁਤ ਸਾਰੇ ਲੋਕ ਇਹੋ ਜਿਹੇ ਹੋ ਗਏ ਹਨ ਜੋ ‘ਕਿ’ ਨੂੰ ‘ਕੇ’ ਲਿਖਦੇ ਹਨ। ਬਹੁਤੇ ਇਹਨਾਂ ਵਿੱਚੋਂ ਪੰਜਾਬੀ ਯੂਨੀਵਰਸਿਟੀ ਜਾਂ ਪੰਜਾਬ ਯੂਨੀਵਰਸਿਟੀ ਤੋਂ ਪੜ੍ਹੇ ਹੋਏ ਹਨ। ਹੁਣੇ ਜਿਹੇ ਹੀ ਮੇਰੀਆਂ ਬਾਲ ਕਹਾਣੀਆਂ ਦੇ ਰੀਵੀਊ ਕਰਦਿਆਂ, ਇਕ ਲੇਖਕ ਨੇ ਇਸਨੂੰ ਬਹੁਤ ਵੱਡੀ ਗਲਤੀ ਦੱਸਿਆ। ਪਹਿਲੋਂ ਵੀ ਇੱਕ ਦੋ ਜਣਿਆਂ ਨੇ ਮੈਨੂੰ ਇਹ ਕਿਹਾ ਸੀ। ਇਸ ਲਈ ਮੇਰੇ ਲਈ ਇਹ ਜ਼ਰੂਰੀ ਹੋ ਗਿਆ ਕਿ ਮੈਂ ਇਸ ਬਾਰੇ ਖੋਜ ਕਰਾਂ। ਮੇਰੇ ਨਤੀਜੇ ਮੁਤਾਬਕ ਜਿੱਥੇ ਇਹ ਸ਼ਬਦ ਕਿਸੇ ਹੋਰ ਸ਼ਬਦ ਨਾਲ ਲੱਗਦਾ ਹੈ ਉੱਥੇ ‘ਕੇ’ ਹੀ ਪੈਣਾ ਚਾਹੀਦਾ ਹੈ ਜਿਵੇਂ ਕਰਕੇ, ਧਰਕੇ ਆਦਿ ਪਰ ‘ਕਿਉਂਕਿ’ ਇਕ ਵੱਖਰੀ ਪਹਿਚਾਣ ਹੈ ਇਸ ਲਈ ‘ਕ’ ਨੂੰ ਸਿਹਾਰੀ ਹੀ ਪਵੇਗੀ। ਇਸਦਾ ਕਾਰਨ ਸਪੱਸ਼ਟ ਹੈ। ਜਦੋਂ ਅਸੀਂ ਧੁਨੀ ਦੇ ਵਹਾਅ ਨੂੰ ਦੇਖੀਏ ਤਾਂ ਸਾਨੂੰ ਦੋ ਫਰਕ ਨਜ਼ਰ ਆਉਣਗੇ। ਨਾਲ ਜੁੜਕੇ ਇਹ ‘ਲਾਂਵ’ ਨਾਲ ਪੂਰਾ ਬੋਲਿਆ ਜਾਂਦਾ ਹੈ। ਪਰ ਜਦੋਂ ਵਹਾਅ ਤੇਜ਼ ਹੋਵੇ ਤਾਂ ਇਹ ‘ਲਾਂਵ’ ਪੂਰੀ ਲਈਂ ਬੋਲੀ ਜਾਂਦੀ। ਇਸ ਲਈ ਦੋ ਸ਼ਬਦਾਂ ਦੇ ਵਿਚਕਾਰ ‘ਕਿ’ ਹੀ ਠੀਕ ਹੈ। ‘ਲਾਂਵ’ ਵਾਲਾ ‘ਕ’ ਲਾਕੇ ਦੇਖ ਲਵੋ ਉਚਾਰਣ ਵਿਚ ਰੁਕਾਵਟ ਆਵੇਗੀ। ਦੂਸਰਾ ਇਸਦਾ ਰੂਪਕ ਪੱਖ ਹੈ। ‘ਲਾਂਵ’ ਵਾਲਾ ‘ਕ’ ਜਦੋਂ ਇਕੱਲਾ ਹੁੰਦਾ ਹੈ ਤਾਂ ਇੰਜ ਲੱਗਦਾ ਹੈ ਜਿਵੇਂ ਬਾਂਹ ਉੱਤੇ ਤੇ ਲੱਤ ਪਿੱਛੇ ਨੂੰ ਕੀਤੀ ਹੋਈ ਹੋਵੇ। ਇਹ ਰੂਪਕ ਤੇ ਕਲਾਤਮਿਕ ਪੱਖ ਤੋਂ ਭੈੜੀ ਦਿੱਖ ਹੈ। ਜਦਕਿ ‘ਸਿਹਾਰੀ’ ਵਾਲਾ ‘ਕ’ ਸੋਹਣਾ ਲੱਗਦਾ ਹੈ। ਤੀਸਰੀ ਗੱਲ, ਮੈਨੂੰ ਲੱਗਦਾ ਸੀ ਕਿ ਮੈਂ ਇਸ ਸਭ ਕਾਸੇ ਦੇ ਬਾਵਜੂਦ ਗਲਤ ਨਾ ਹੋਵੇ, ਇਸ ਲਈ ਮੈਂ ਪੰਜਾਬੀ ਸਾਹਿਤ ਅਕਾਡਮੀ ਦੇ ਪਿਛਲੇ 20 ਸਾਲਾਂ ਦੇ ਆਲੋਚਨਾ ਰਸਾਲੇ ਕਢਵਾਏ, ਉਹਨਾਂ ਵਿਚ ਪੰਜਾਬੀ ਦੇ ਤਕਰੀਬਨ ਹਰ ਵਿਦਵਾਨ ਲੇਖਕ ਦਾ ਕੋਈ ਨਾ ਕੋਈ ਲੇਖ ਹੈ। ਇਹ ਬਹੁਤ ਹੀ ਮਿਹਨਤ ਨਾਲ ਤਿਆਰ ਕੀਤੇ ਹਨ। ਇਹਨਾਂ ਦੇ ਸੰਪਾਦਕ ਆਪੋ ਆਪਣੇ ਸਮੇਂ ਦੇ ਪ੍ਰਸਿੱਧ ਤੇ ਵਿਦਵਾਨ ਲੇਖਕ ਹੋਏ ਹਨ। ਧਿਆਨ ਨਾਲ ਨੋਟ ਕਰਨ ਤੋਂ ਬਾਅਦ ਹੇਠ ਲਿਖੇ ਲੇਖਕਾਂ ਦੀਆਂ ਰਚਨਾਵਾਂ ਵਿਚ ‘ਕਿ’ ਹੀ ਵਰਤਿਆ ਗਿਆ ਹੈ। ਜਸਵੰਤ ਸਿੰਘ ਨੇਕੀ, ਓਮ ਪ੍ਰਕਾਸ ਗਾਸੋ, ਸੁਤਿੰਦਰ ਸਿੰਘ ਨੂਰ, ਧਨੀ ਰਾਮ ਚਾਤ੍ਰਿਕ, ਪਿਆਰਾ ਸਿੰਘ ਭੋਗਲ, ਬਲਵੰਤ ਗਾਰਗੀ, ਸ. ਰਜਿੰਦਰ ਸਿੰਘ ਭਸੀਨ, ਡਾ. ਪਿਆਰਾ ਸਿੰਘ, ਇੰਦਰਜੀਤ ਹਸਨਪੁਰੀ, ਅਜਾਇਬ ਚਿਤ੍ਰਕਾਰ, ਡਾ. ਆਤਮਜੀਤ,

ਗੁਰਭਜਨ ਗਿੱਲ, ਰਵਿੰਦਰ ਭੱਠਲ, ਡਾ. ਹਰਸ਼ਿੰਦਰ ਕੌਰ, ਡਾ. ਗੁਰਦਿਆਲ ਸਿੰਘ ਫੁੱਲ, ਪ੍ਰੋ. ਮਹਿੰਦਰਪਾਲ ਕੋਹਲੀ, ਅਮਰਜੀਤ ਗਰੇਵਾਲ, ਡਾ. ਵਨੀਤਾ, ਡਾ. ਆਈ.ਐਨ. ਗੌੜ ਤੇ ਡਾ. ਗੁਰਦੇਵ ਸਿੰਘ ਸਿੱਧੂ ਅਤੇ ਹੋਰ ਕਈ।

ਪਰ ਸਿਰਫ ਤਿੰਨ ਹੀ ਅਜਿਹੇ ਲੱਭੇ ਜੋ 'ਕੇ' ਲਿਖਦੇ ਹਨ ਪੁਰਾਣਿਆਂ ’ਚੋਂ ਡਾ. ਅਤਰ ਸਿੰਘ ਅਤੇ ਨਵਿਆਂ ’ਚੋਂ ਦਰਸ਼ਨ ਆਸ਼ਟ ਤੇ ਯੋਗਰਾਜ। ਇਹ ਕਿਉਂ ਇਸ ਤਰ੍ਹਾਂ ਲਿਖ ਰਹੇ ਹਨ ਤਾਂ 'ਇਹੋ ਹੀ ਜਾਨਣ ਪਰ 'ਕਿ' ਨੂੰ ਦੋਸ਼ ਦੇਕੇ ਹਿ ਸਾਡਾ ਸਾਰਾ ਪੁਰਾਤਨ ਭਾਸ਼ਾਈ ਭੰਡਾਰ ਨਿਕਾਰ ਰਹੇ ਹਨ, ਹੁਣ ਤਾਂ ਇਹ ਖੋਜਣ ਦੀ ਲੋੜ ਹੈ ਕਿ ਇਹ 'ਸਿਹਾਰੀ' ਦੀ 'ਲਾਂਵ' ਬਣਾਈ ਕਿਸਨੇ ਤੇ ਉਸਦੀ ਕੀ ਮਜ਼ਬੂਰੀ ਸੀ? ਭਾਸ਼ਾਵਾਂ ਤੇ ਲਿੱਪੀ ਦੀਆਂ ਵਿਲਖਣਤਾਵਾਂ ਤੇ ਖੂਬਸੂਰਤੀਆਂ ਨਾਲ ਇਹ ਛੇੜ ਛਾੜ ਭਾਸ਼ਾ ਦੇ ਪ੍ਰਭਾਵ ਨੂੰ ਘਟਾਉਣ ਵੱਲ ਇਕ ਕਦਮ ਹੋ ਨਿਬੜਦੀ ਹੈ। ਯੂਨੀਵਰਸਿਟੀਆਂ ਨੂੰ ਆਪਣੇ ਖੋਜ ਕੇਂਦਰਾਂ ਵਿਚ ਇਸ ਤੇ ਭਰਪੂਰ ਬਹਿਸ ਤੇ ਵਿਚਾਰ ਕਰਨ ਦੀ ਲੋੜ ਹੈ ਪਰ ਇਸ ਵਿਚ ਲੋਕ-ਚੇਤਨ ਤੇ ਧਰਾਤਲੀ ਲੇਖਕ ਵੀ ਸ਼ਾਮਿਲ ਕਰ ਲੈਣ ਨਾਲ ਭਾਸ਼ਾ ਤੇ ਲਿੱਪੀ ਨੂੰ ਫਾਇਦਾ ਹੀ ਹੋਵੇਗਾ।

***

# ਧੂੰਆਂ ਧੂੰਆਂ ਹੋਈ ਕਿਸਾਨੀ

ਜ਼ਿੰਦਗੀ ਦੀ ਦੌੜ ਵਿਚ ਹਰ ਮਨੁੱਖ ਤਰੱਕੀ ਚਾਹੁੰਦਾ ਹੈ। ਉਸ ਨੂੰ ਖਾਹਿਸ਼ ਹੁੰਦੀ ਹੈ ਕਿ ਉਸਦਾ ਟੱਬਰ-ਟੀਰ ਖੁਸ਼ ਰਵੇ, ਉਸਦੀਆਂ ਆਰਥਿਕ ਲੋੜਾਂ ਪੂਰੀਆਂ ਹੋਣ, ਆਦਿ ਆਦਿ। ਇਸੇ ਲਈ ਮਨੁੱਖ ਕਈ ਤਰ੍ਹਾਂ ਦੇ ਕਿੱਤੇ ਕਰਦਾ ਹੈ। ਸਮਾਂ, ਸਥਾਨ ਤੇ ਸਾਧਨਾਂ ਅਨੁਸਾਰ ਹਰ ਵਿਅਕਤੀ ਫੈਸਲਾ ਲੈਂਦਾ ਹੈ ਕਿ ਉਸ ਨੇ ਜੀਵਨ ਵਿਚ ਕੀ ਕਰਨਾ ਹੈ। ਆਦਿ ਕਾਲ ਤੋਂ ਮਨੁੱਖ ਦਾ ਪ੍ਰਥਮ ਕਿੱਤਾ ਖੇਤੀਬਾੜੀ ਹੀ ਰਿਹਾ ਹੈ ਜਾਂ ਇਉਂ ਕਹਿ ਲਵੋ ਕਿ ਕਿੱਤਿਆਂ ਦੀ ਸ਼ੁਰੂਆਤ ਹੀ ਖੇਤੀ ਦੇ ਕਿੱਤੇ ਤੋਂ ਹੁੰਦੀ ਹੈ। ਫਸਲਾਂ ਦਾ ਉਗਾਉਣਾ ਤੇ ਫੇਰ ਹੋਰ ਲੋੜਾਂ ਲਈ ਅਨਾਜ ਨੂੰ ਵਟਾਉਣਾ ਹੀ ਇਸੇ ਕਿੱਤੇ ਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ। ਪਰ ਸਮਾਂ ਪਾ ਕੇ ਹੋਰ ਸਾਰੇ ਕੰਮ ਕਿੱਤੇ ਜਾਂ ਸਨਅਤਾਂ ਬਣ ਗਏ ਪਰ 'ਉੱਤਮ ਖੇਤੀ' ਨਖਿੱਧ ਹੋ ਗਈ। ਖੇਤੀ ਨੂੰ ਸਮੇਂ ਦੇ ਹਾਕਮਾਂ, ਜ਼ਰੂਰੀ ਕਰਾਰ ਦੇਕੇ ਇਸਨੂੰ ਇਕ ਸਨਅਤ ਵਾਂਗ ਵਿਕਸਿਤ ਹੋਣ ਤੋਂ ਰੋਕ ਦਿੱਤਾ। ਅੱਜ ਹਰ ਸਨਅਤ ਆਪਣੇ ਉਤਪਾਦ ਦਾ ਮੁੱਲ ਆਪ ਰੱਖਦੀ ਹੈ, ਪਰ ਇਹ ਖੇਤੀ ਹੀ ਹੈ ਜਿੱਥੇ ਕਿਸਾਨ ਨੂੰ ਇਹ ਹੱਕ ਨਹੀਂ ਹੈ। ਸਗੋਂ ਕਿਸਾਨ ਦੀ ਵਰਤੋਂ ਵਾਲੇ ਬੀਜ਼ਾਂ ਜਾਂ ਖਾਦਾਂ ਵਾਲਿਆਂ ਆਦਿ ਨੂੰ ਵੇਚ ਕੀਮਤ ਮਿੱਥਣ ਦੀ ਵੀ ਖੁਲ੍ਹੀ ਛੁੱਟੀ ਹੈ। ਇਹ ਸਭ ਸਾਡੇ ਕਿਸਾਨ ਦੀ ਫਰਾਖ਼ ਦਿਲੀ, ਮਿੱਟੀ 'ਚੋਂ ਨਾ ਉਭਰਨਾ ਅਤੇ ਦੂਸਰੇ ਤੇ ਯਕੀਨ ਕਰਨ ਦੀਆਂ ਆਦਤਾਂ ਕਾਰਨ ਹੀ ਸੰਭਵ ਹੋ ਸਕਿਆ। ਇੱਥੋਂ ਤੱਕ ਕਿ ਕਿਸਾਨ ਆਪਣੇ ਫੈਸਲੇ ਵੀ ਆਪ ਨਹੀਂ ਲੈਂਦਾ। ਸਮੂਹਿਕ ਫੈਸਲਾ ਲੈਣ ਤੋਂ ਪਹਿਲਾਂ ਹੀ ਡਾਂਗਾਂ ਚਲ ਜਾਂਦੀਆਂ ਹਨ। ਇਹੋ ਜਿਹੀ ਕੁਦਰਤੀ ਬਿਰਤੀ ਵਾਲੀ ਸ਼੍ਰੇਣੀ ਨੂੰ ਜੇਕਰ ਚਲਾਕ ਲੋਕ ਵਰਤ ਲੈਂਦੇ ਹਨ ਤਾਂ ਇਹ ਕੋਈ ਅਣਹੋਣੀ ਨਹੀਂ। ਇਹ ਲੋਕ ਕਿਸਾਨ ਦੀ ਇਸ ਕਮਜ਼ੋਰੀ ਦਾ ਪੂਰਾ ਫਾਇਦਾ ਲੈਂਦੇ ਹਨ। ਮਿਸਾਲ ਦੇ ਤੌਰ ਤੇ ਆੜ੍ਹਤੀਏ ਕਿਸਾਨ ਨੂੰ ਦਿੱਤੇ ਪੈਸੇ ਦਾ ਤਾਂ ਦਿਨ ਦਿਨ ਦਾ ਵਿਆਜ ਲੈਂਦੇ ਹਨ, ਪਰ ਉਸਦੀ ਕਮਾਈ ਦੇ ਰੱਖੇ ਪੈਸੇ ਦਾ ਆਨਾ ਵਿਆਜ ਤਾਂ ਕੀ ਦੇਣਾ ਸਗੋਂ ਨਕਦ ਦੀ ਥਾਂ ਹੋਰ ਮਾਲ ( ਜਿਵੇਂ ਦਵਾਈਆਂ, ਬੀਜ, ਖਾਦਾਂ) ਵੇਚ ਕਿ ਮੁਨਾਫੇ ਦੇ ਨਾਲ ਨਾਲ ਕਾਟ ਵੀ ਲਾਉਂਦੇ ਹਨ। ਬਹੁਤ ਸਾਰੀਆਂ ਇਹੋ ਜਿਹੀਆਂ ਸੰਸਥਾਵਾਂ ਹੀ ਹਨ ਜੋ ਕਿਸਾਨੀ ਨੂੰ ਫੂਕ ਛਕਾ ਕਿ ਜਾਂ ਇਲਜਾਮ ਲਾਕੇ ਆਪਣਾ ਉੱਲੂ ਸਿੱਧਾ ਕਰਦੀਆਂ ਹਨ।

ਜਿਵੇਂ ਪਿੱਛੇ ਜਿਹੇ ਇਕ ਅਰਧ ਧਾਰਮਿਕ ਸੰਸਥਾ ਨੇ ਇਹ ਫਤਵਾ ਜਾਰੀ ਕਰ ਦਿੱਤਾ ਕਿ ਪੰਜਾਬ ਦੇ ਪਿੰਡਾਂ ਦੇ 90 ਪ੍ਰਤੀਸ਼ਤ ਨੌਜੁਆਨ ਨਸ਼ੇ ਕਰਦੇ ਹਨ। ਉਨ੍ਹਾਂ ਨੇ ਨਾਅਰੇ ਲਿਖ ਲਿਖ ਹਜ਼ਾਰਾਂ ਕੰਧਾਂ ਖਰਾਬ ਕਰ ਦਿੱਤੀਆਂ। ਪੰਜਾਬ ਦੀ ਨੌਜੁਆਨੀ ਨੂੰ ਬਦਨਾਮ ਕਰਨ ਦੀ ਇਸ ਸਾਜਿਸ਼ ਦਾ ਭਾਂਡਾ ਉਦੋਂ ਟੁੱਟਿਆ ਜਦ ਇਸ ਸੰਸਥਾ ਨੇ ਯੂ.ਐਨ.ਓ. ਤੋਂ ਮੋਟੇ ਫੰਡ ਲੈ ਲਏ ਤੇ ਫੇਰ ਚੁੱਪ ਸਾਧ ਲਈ। ਉਹਨਾਂ ਦਾ ਨੌਜੁਆਨਾਂ ਲਈ ਇਹ ਹੀਜ਼ ਪਿਆਜ਼ ਕਿੱਥੇ ਗਿਆ? ਕੀ 90 ਪ੍ਰਤੀਸ਼ਤ ਘਟ ਕਿ ਜ਼ੀਰੋ ਪ੍ਰਤੀਸ਼ਤ ਹੋ ਗਈ ਹੈ? ਇਹ ਸੁਆਲ, ਜਵਾਬ ਮੰਗਦੇ ਹਨ ਪਰ ਕੋਈ ਨਹੀਂ ਦੇਵੇਗਾ ਜੁਆਬ। ਕੁਝ ਇਸੇ ਤਰ੍ਹਾਂ ਦਾ ਮਸਲਾ ਕਿਸਾਨੀ ਖੁਦਕਸ਼ੀਆਂ ਹੈ। ਕਿਸਾਨਾਂ ਦੀ ਕੌਮ ਇਕ ਐਸੀ ਕੌਮ ਹੈ ਜੋ ਕੰਮ ਜਾਂ ਕਰਜ਼ੇ ਕਰਕੇ ਕਦੇ ਖੁਦਕਸ਼ੀ ਨਹੀਂ ਕਰਦੀ। ਉਸਦੇ ਕਾਰਨ ਹੋਰ ਹੋ ਸਕਦੇ ਹਨ। ਜਿਵੇਂ ਜਮਾਂਦਰੂ ਮਾਨਸਿਕਤਾ ਜਾਂ ਪਰਿਵਾਰਿਕ ਝਗੜੇ ਆਦਿ। ਦੇਸ਼ ਦੀਆਂ ਕਈ ਸੰਸਥਾਵਾਂ ਅਤੇ ਰਾਜਨੀਤਕਾਂ ਨੇ ਆਪਣੇ ਆਪਣੇ ਲਾਭ ਦੀ ਖਾਤਰ ਪੰਜਾਬ ਦੇ ਕਿਸਾਨਾਂ ਨੂੰ ਮਾਨਸਿਕ ਕਮਜ਼ੋਰ ਗਰਦਾਨਣ ਵਿਚ ਕੋਈ ਕਸਰ ਨਹੀਂ ਛੱਡੀ। ਨਾ ਹੀ ਕੋਈ ਸਹੀ ਸਰਵੇ ਹੋਇਆ ਹੈ। ਬਸ ਇੱਕੋ ਸਰਵੇ ਹੋਇਆ ਦਸਦੇ ਹਨ, ਜਿਸਦੀ ਅੱਜ ਤੱਕ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਰਿਪੋਰਟ ਨਹੀਂ ਆਈ। ਫੇਰ ਇਹ ਸਭ ਰੌਲਾ ਕਿਸਾਨੀ ਨੂੰ ਬਦਨਾਮ ਕਰਨ ਤੱਕ ਹੀ ਸੀਮਤ ਨਹੀਂ ਤਾਂ ਕੀ ਸੀ? ਪਿਛਲੇ 60-62 ਸਾਲ ਵਿਚ ਕਿਸੇ ਸਰਕਾਰ ਨੇ ਕਿਸਾਨਾਂ ਦੀ ਚੱਜ ਨਾਲ ਬਾਂਹ ਨਹੀਂ ਫੜੀ, ਹਮੇਸ਼ਾ ਕਿਸਾਨਾਂ ਨੂੰ ਮਿੱਠੀਆਂ ਗੋਲੀਆਂ ਹੀ ਦੇਂਦੀਆਂ ਰਹੀਆਂ ਹਨ ਸਾਡੀਆਂ ਸਰਕਾਰਾਂ, ਕਦੇ ਬਿਜਲੀ (ਜੋ ਆਉਂਦੀ ਨਹੀਂ) ਮੁਫਤ, ਕਦੇ ਪਾਣੀ ਮੁਫਤ ਆਦਿ। ਖੇਤੀ ਪ੍ਰਬੰਧ ਲਈ ਕੋਈ ਠੋਸ ਪਾਲਸੀ ਤਿਆਰ ਹੀ ਨਹੀਂ ਕੀਤੀ ਗਈ। ਖੁਰਾਕੀ ਲੋੜਾਂ ਦੀ ਕੋਈ ਸਮਾਂ ਸਾਰਣੀ ਹੀ ਨਹੀਂ ਲੱਭਦੀ ਕਿਤੇ। ਫਸਲਾਂ ਦੀ ਕਾਸ਼ਤ ਲਈ ਮਾਸਟਰ ਪਲੈਨ ਹੀ ਨਹੀਂ। ਕਿਹੜੀ ਫਸਲ, ਕਿਸ ਇਲਾਕੇ ਵਿਚ ਅਤੇ ਕਿੰਨੀ ਕਾਸ਼ਤ ਕਰਨੀ ਹੈ, ਕੋਈ ਅੰਦਾਜ਼ਾ ਹੀ ਨਹੀਂ। ਕੋਈ ਅਗਵਾਈ ਹੀ ਨਹੀਂ। ਕਿਸਾਨ ਆਪ ਹੀ ਤੁੱਕੇ ਲਾਕੇ ਫਸਲਾਂ ਬੀਜ਼ੀ ਜਾ ਰਹੇ ਹਨ। ਦੇਖਾ ਦੇਖੀ ਹਰ ਤਰ੍ਹਾਂ ਦਾ ਬੀਜ਼ ਵਰਤੀ ਜਾ ਰਹੇ ਹਨ। ਇਸ ਨਾਲ ਸਾਡਾ ਈਕੋ ਸਿਸਟਮ (ਵਾਤਾਵਰਣ) ਬੁਰੀ ਤਰ੍ਹਾਂ ਫੇਲ੍ਹ ਹੋ ਰਿਹਾ ਹੈ। ਹਰ ਸਨਅਤੀ ਅਦਾਰਾ ਆਪਣਾ

ਦਾਅ ਲਗਾ ਰਿਹਾ ਹੈ ਅੰਨਦਾਤਾ ਕਹਿ ਕਿ ਕਿਸਾਨ ਨੂੰ ਲੁੱਟ ਰਿਹਾ ਹੈ। ਤੁਹਾਡਾ ਉਹ ਅੰਨਦਾਤਾ ਤਾਂ ਆਪੇ ਹੋਇਆ ਜਿਸਨੇ ਤੁਹਾਡੇ ਢਿੱਡ ਭਰ ਦਿੱਤੇ ਪਰ ਆਪ ਖਾਲੀ ਹੋ ਗਿਆ। ਮਿੱਟੀ ਦੇ ਇਸ ਪੁੱਤਰ ਨੇ ਆਖਰ ਇਹ ਕਦ ਤੱਕ ਸਹਿਣਾ ਹੈ। ਇਸੇ ਲਈ ਪੰਜਾਬੀਆਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤੀਆਂ। ਇੱਥੋਂ ਦੇ ਵਿਹਲੜੇਪੁਣੇ ਦੀ ਜ਼ਲਾਲਤ 'ਚੋਂ ਨਿਕਲ, ਵਿਦੇਸ਼ਾਂ ਵਿਚ ਹੱਥੀਂ ਕੰਮ ਕਰਨ ਲੱਗ ਪਏ। ਅੱਜ ਲੋੜ ਹੈ ਕਿ ਕਿਸਾਨੀ ਨੂੰ ਰਾਹ ਵਿਖਾਲਣ ਦੀ, ਉਸਦੀਆਂ ਲਾਗਤਾਂ ਦੀ ਕੀਮਤ ਨੂੰ ਨਿਅੰਤਰਣ ਕਰਨ ਦੀ। ਜੇਕਰ ਉਸਨੂੰ ਅੰਨਦਾਤਾ ਬਣਾਉਣਾ ਹੈ ਤਾਂ ਠੋਸ ਖੇਤੀ ਪਾਲਸੀਆਂ ਬਨਾਉਣੀਆਂ ਪੈਣਗੀਆਂ ਤਾਂ ਕਿ ਆਉਣ ਵਾਲੇ 50-100 ਸਾਲ ਤੱਕ ਦੇ ਖੇਤੀ ਭਵਿੱਖ ਨੂੰ ਦੇਖਿਆ ਜਾ ਸਕੇ। ਨਹੀਂ ਤਾਂ ਯਾਦ ਰੱਖਿਓ ਜਦੋਂ ਖੇਤੀ ਦਾ ਧੂੰਆਂ ਨਿਕਲਿਆ ਤਾਂ ਅੰਨ੍ਹੇ ਹੋਣੋਂ ਤੁਸੀਂ ਵੀ ਨਹੀਂ ਬਚਣਾ। ***

# ਕੂੜੇ ਦੀ ਸਿਆਸਤ

ਇਹ ਸ਼ਬਦਾਂ ਦਾ ਹੇਰ ਫੇਰ ਨਹੀਂ ਹੈ। ਮੈਂ ਕੂੜ-ਸਿਆਸਤ ਦੀ ਗੱਲ ਨਹੀਂ ਕਰਨ ਲੱਗਾ, ਮੈਂ ਤਾਂ ਸੱਚਮੁੱਚ ਕੂੜੇ ਦੀ ਸਿਆਸਤ ਦੀ ਗੱਲ ਕਰਨ ਲੱਗਾ ਹਾਂ। ਕੂੜੇ ਦਾ ਮਤਲਬ ਹੁੰਦਾ ਹੈ, ਨਕਾਰਿਆ ਹੋਇਆ, ਫਜ਼ੂਲ, ਬੇਮਤਲਬ, ਗੰਦਾ ਆਦਿ ਆਦਿ। ਉਂਜ ਹਰ ਮਨੁੱਖ ਲਈ ਕੂੜੇ ਦੇ ਅਰਥ ਅਲੱਗ ਅਲੱਗ ਹੁੰਦੇ ਹਨ। ਪੜ੍ਹੇ ਲਿਖੇ ਲੋਕ ਆਪਸ ਵਿਚ ਹੀ ਇਕ ਦੂਜੇ ਨੂੰ ਕੂੜੇ ਸਮਾਨ ਸਮਝੀ ਜਾਂਦੇ ਹਨ। ਖਾਣ ਪੀਣ ਦੇ ਸ਼ੌਕੀਨ, ਵਸਤੂਆਂ ਦੇ ਲੇਬਲ ਦੇਖ ਕਿ ਹੀ ਕੁੱਝ ਚੀਜ਼ਾਂ ਨੂੰ ਕੂੜੇ ਦਾ ਦਰਜਾ ਦੇ ਦੇਂਦੇ ਹਨ। ਅਸੀਂ ਕੂੜੇ ਨੂੰ ਹਮੇਸ਼ਾ ਕਰੂਪਤਾ ਵਜੋਂ ਹੀ ਲੈਂਦੇ ਹਾਂ, ਪਰ ਕੂੜਾ ਖ਼ੂਬਸੂਰਤ ਵੀ ਹੁੰਦਾ ਹੈ। ਸਾਡੇ ਸਰੀਰ ਤੇ ਉੱਗੇ ਵਾਲ, ਉਂਗਲਾਂ ਦੇ ਨਾਖ਼ੂਨ ਆਦਿ ਸਭ ਸਾਡੇ ਸਰੀਰ ਦੇ ਕੁਦਰਤੀ ਕੂੜੇ ਹੀ ਹਨ ਪਰ ਅਸੀਂ ਇਹਨਾਂ ਨੂੰ ਖ਼ੂਬਸੂਰਤੀ ਦਾ ਦਰਜਾ ਦੇਂਦੇ ਹਾਂ। ਆਓ ਫਿਰ ਚਲਦੇ ਹਾਂ ਘਰਾਂ 'ਚੋਂ ਨਿਕਲਦੇ ਕੂੜੇ ਵੱਲ।

ਲੁਦੇਹਾਣੇ ਲੇਖਕਾਂ ਦੀ ਸੰਸਥਾ ਹੈ ਪੰਜਾਬੀ ਭਵਨ ਜੋ ਲਗਭਗ 2 ਏਕੜ ਵਿਚ ਫੈਲੀ ਹੋਈ ਹੈ। ਫਿਰੋਜ਼ਪੁਰ ਨੂੰ ਜਾਂਦੀ ਵੱਡੀ ਸੜਕ ਤੋਂ ਇਸਨੂੰ 100 ਫੁੱਟਾ ਰਾਹ ਨਿਕਲਦਾ ਹੈ। ਅੱਗੇ ਜਾਕੇ ਇਹ ਰਾਹ ਬੰਦ ਹੋ ਜਾਂਦਾ ਹੈ ਤੇ ਇੱਥੇ ਦੋ ਗੇਟ ਹਨ ਜਿਸ ਵਿੱਚੋਂ ਇੱਕ ਪੰਜਾਬੀ ਭਵਨ ਨੂੰ ਜਾਂਦਾ ਹੈ। ਮੈਨੂੰ ਤਕਰੀਬਨ 30 ਸਾਲ ਹੋ ਗਏ ਹਨ ਇਸ ਸੰਸਥਾ ਨਾਲ ਜੁੜੇ ਹੋਏ। 80ਵੇਂ ਦਹਾਕੇ ਵਿਚ ਡਾ. ਪਰਮਿੰਦਰ ਸਿੰਘ ਇਸਦੇ ਜਨਰਲ ਸਕੱਤਰ ਸਨ। ਉਹ ਰੋਜ਼ ਸਵੇਰੇ ਆ ਜਾਂਦੇ ਤੇ ਸ਼ਾਮ ਨੂੰ ਤੁਰ ਕਿ ਹੀ ਘਰੇ ਚਲੇ ਜਾਂਦੇ। ਪਰ ਉਹ ਰੋਜ਼ ਹੀ ਸੜਕ ਤੋਂ ਲੰਘਣ ਲੱਗੇ ਬਹੁਤ ਪ੍ਰੇਸ਼ਾਨ ਹੁੰਦੇ। ਉਹਨਾਂ ਅਨੁਸਾਰ ਸੜਕ ਤੇ ਆਲੇ ਦੁਆਲੇ ਦੇ ਹੋਟਲਾਂ ਵਾਲੇ ਆਪਣਾ ਗੰਦ ਸੁੱਟ ਦੇਂਦੇ ਸਨ। ਇਸ ਨਾਲ ਬਹੁਤ ਬਦਬੂ ਪੈਦਾ ਹੁੰਦੀ। ਜੇ ਮੀਂਹ ਪੈ ਜਾਂਦਾ ਤਾਂ ਇਹ ਕੂੜੇ ਦਾ ਤਲਾਬ ਬਣ ਜਾਂਦਾ ਸੀ। ਲੰਘਿਆ ਹੀ ਨਹੀਂ ਸੀ ਜਾਂਦਾ। ਡਾ. ਸਾਹਿਬ ਬਹੁਤ ਦੁੱਖੀ ਸਨ। ਸ਼ਹਿਰੀ ਕਾਰਪੋਰੇਸ਼ਨ/ਕਮੇਟੀ ਨੂੰ ਕਈ ਚਿੱਠੀਆਂ ਲਿਖ ਚੁੱਕੇ ਸਨ ਪਰ ਸਭ ਵਿਅਰਥ। ਜਦੋਂ ਕਿਸੇ ਵੀ.ਆਈ.ਪੀ. ਨੇ ਆਉਣਾ ਹੁੰਦਾ ਤਾਂ ਸ਼ਹਿਰੀ ਕਮੇਟੀ ਤੇ ਜ਼ੋਰ ਪਾਕੇ ਸੜਕ ਸਾਫ ਕਰਵਾ ਦੇਣੀ ਪਰ ਦੂਸਰੇ ਦਿਨ ਫਿਰ ਉਹੋ ਹਾਲ। ਸਮਾਂ ਬੀਤਦਾ ਗਿਆ, ਡਾ. ਸਾਹਿਬ ਵੀ ਤੁਰ ਗਏ ਅਦਿਖ ਰਾਹਾਂ ਤੇ। ਨਵੇਂ ਹਾਕਮ ਆ ਗਏ

ਪਰ ਕੂੜੇ ਦੀ ਸਮੱਸਿਆ ਹੱਲ ਨਾ ਹੋਈ। ਫੇਰ ਇੱਕ ਦਿਨ ਮੈਨੂੰ ਇੱਕ ਫੁਰਨਾ ਆਇਆ। ਮੈਂ ਇੱਕ ਬੰਦੇ ਨੂੰ ਪੈਸੇ ਦੇਕੇ ਸੜਕ ਤੇ ਬਿਠਾ ਦਿੱਤਾ ਕਿ ਜਦੋਂ ਕੋਈ ਕੂੜਾ ਸੁੱਟਣ ਆਏ ਮੈਨੂੰ ਫੋਨ ਕਰੇ। ਸ਼ਿਕਾਰੀ ਦੇ ਜਾਲ ਵਾਂਗ ਇੱਕ ਦਿਨ ਅਚਾਨਕ ਹੀ ਇੱਕ ਕੂੜੇ ਨਾਲ ਭਰੀ ਰੇਹੜੀ ਵਾਲਾ ਅੜਿੱਕੇ ਆ ਗਿਆ। ਇਸ ਤੋਂ ਪਹਿਲੋਂ ਕਿ ਅਸੀਂ ਤਫਤੀਸ਼ ਕਰਦੇ, ਉਹ ਸਮਝ ਗਿਆ ਤੇ ਅੱਧੀ ਪਚੱਧੀ ਰੇਹੜੀ ਸੁੱਟ ਕੇ ਭੱਜ ਗਿਆ। ਇਸ ਤਰ੍ਹਾਂ ਹੋਣ ਨਾਲ ਥੋੜਾ ਅਫਸੋਸ ਲੱਗਾ, ਪਰ ਫੇਰ ਯਕੀਨ ਹੋ ਗਿਆ ਕਿ ਗੱਲ ਕੁਝ ਡੂੰਘੀ ਹੈ। ਕੂੜੇ ਵਾਲੇ ਦਾ ਭੱਜਣਾ ਇਹ ਪੱਕਾ ਕਰ ਗਿਆ ਕਿ ਉਸਨੂੰ ਕਿਸੇ ਦਾ ਡਰ ਹੈ ਤੇ ਉਹ ਕਿਸੇ ਇਕੱਠ ਜਾਂ ਜੱਥੇਬੰਦੀ ਦਾ ਹਿੱਸਾ ਨਹੀਂ। ਸਾਡੇ ਹੌਸਲੇ ਥੋੜੇ ਵਧ ਗਏ। ਬੰਦੇ ਇੱਕ ਦੀ ਜਗ੍ਹਾ ਦੋ ਕਰ ਦਿੱਤੇ। ਹੁਣ ਸਹੀ ਸਮੇਂ ਦੀ ਉਡੀਕ ਸੀ। ਸੁੱਖਾਂ ਸੁੱਖਦਿਆਂ ਨੂੰ ਉਹ ਦਿਨ ਵੀ ਆ ਗਿਆ। ਇਕੱਠੇ ਹੀ ਦੋ ਨਵੇਂ ਸ਼ਿਕਾਰ ਫਸ ਗਏ। ਆਲੇ ਦੁਆਲੇ ਦੇ ਲੋਕ ਸਾਡੇ ਨਾਲ ਸਨ। ਜਦੋਂ ਉਹਨਾਂ ਨੂੰ ਕੁਝ ਪਿਆਰ ਤੇ ਕੁੱਝ ਪੁਲਿਸ ਦੇ ਡਰਾਵੇ ਨਾਲ ਗੱਲ ਕੀਤੀ ਤਾਂ ਜੋ ਉਹਨਾਂ ਦੱਸਿਆ ਉਹ ਹੈਰਾਨੀ ਜਨਕ ਸੀ। ਪੰਜਾਬੀ ਭਵਨ ਕੂੜਾ ਸੁੱਟਣ ਵਾਲੇ 3 ਤੋਂ 5 ਕਿਲੋਮੀਟਰ ਦੂਰ ਦੀਆਂ ਕਾਲੋਨੀਆਂ ਤੋਂ ਆਉਂਦੇ ਸਨ। ਉਹ ਔਸਤ 50 ਰੁਪਏ ਪ੍ਰਤੀ ਘਰ ਤੋਂ ਕੂੜਾ ਚੁੱਕਣ ਦਾ ਲੈਂਦੇ ਸਨ। ਰੇਹੜੀ ਭਰ ਕਿ ਉਹਨਾਂ ਨੇ ਲਾਗਲੇ ਕਮੇਟੀ ਕੂੜਾ ਘਰ ਵਿਖੇ ਸੁਟਣੀਆਂ ਹੁੰਦੀਆਂ ਸਨ। ਪਰ ਇੱਥੇ ਹੀ ਕਹਾਣੀ ਵਿਗੜਦੀ ਹੈ। ਕਮੇਟੀ ਵਾਲੇ ਉਹਨਾਂ ਨੂੰ ਕੂੜਾ ਸੁੱਟਣ ਨਹੀਂ ਦੇਂਦੇ ਸਨ ਜਾਂ ਫੇਰ ਪ੍ਰਤੀ ਰੇੜ੍ਹੀ 20 ਰੁਪਏ ਮੰਗਦੇ ਸਨ। ਜਿਹੜੇ ਲੋਕ ਘਰਾਂ ਤੋਂ ਕੂੜਾ ਚੁੱਕ ਲੈਂਦੇ ਹਨ, ਉਹ ਪਹਿਲੋਂ ਉਸਦੀ ਛਾਂਟੀ ਕਰਦੇ ਹਨ। ਉਸ ਵਿੱਚੋਂ ਕਾਗਜ਼, ਲਿਫਾਫੇ ਜਾਂ ਹੋਰ ਵਿਕਣਯੋਗ ਸਮੱਗਰੀ ਚੁੱਗ ਲੈਂਦੇ ਸਨ ਤੇ ਬਾਕੀ ਫੋਕਟ ਮਾਲ ਕਮੇਟੀ ਦੇ ਕੂੜਾ ਘਰ ਵਿਚ ਸੁੱਟਣ ਜਾਂਦੇ ਸਨ। ਕਮੇਟੀ ਦੇ ਮੁਲਾਜ਼ਮ ਇਹ ਫੋਕਟ ਮਾਲ ਲੈਣ ਤੋਂ ਇਨਕਾਰੀ ਸਨ। ਉਹ ਕਹਿੰਦੇ ਸਨ ਜਾਂ ਬਿੰਨਾਂ ਛਾਂਟੀ ਤੋਂ ਕੂੜਾ ਦਿਓ ਜਾਂ ਫੇਰ ਪੈਸੇ ਦਿਓ। ਰੇਹੜੀ ਵਾਲਿਆਂ ਲਈ ਇਹ ਖ਼ਰਾ ਸੌਦਾ ਨਹੀਂ ਸੀ। ਇਸ ਲਈ ਉਹ ਦੇਰ ਸਵੇਰ ਪੰਜਾਬੀ ਭਵਨ ਵਰਗੀਆਂ ਖਾਲੀ ਥਾਵਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਅਸੀਂ ਤਾਂ ਫੈਸਲਾ ਕਰਕੇ ਉਥੇ ਗੇਟ ਲਗਵਾ ਦਿੱਤੇ ਜਿਸ ਨਾਲ ਸਾਡਾ ਮਸਲਾ ਤਾਂ ਹੱਲ ਹੋ ਗਿਆ ਪਰ 30 ਸਾਲ ਬਾਅਦ ਵੀ ਸ਼ਹਿਰ ਨੂੰ ਸਾਫ

ਰੱਖਣ ਲਈ ਨਵੀਂ ਤਕਨਾਲੋਜੀ ਦੇ ਟਰੱਕਾਂ ਨੂੰ ਚੱਲਣ ਨਾ ਦੇਣਾ, ਇੱਕ ਵੀਹ ਰੁਪਏ ਖਾਤਰ, ਜੇ ਕੂੜੇ ਦੀ ਸਿਆਸਤ ਨਹੀਂ ਤਾਂ ਹੋਰ ਕੀ ਹੈ। ਇਹ ਸਿਆਸਤ ਇੰਨ੍ਹੀ ਡੂੰਘੀ ਹੈ ਕਿ ਸਰਕਾਰ ਵੀ ਬੇਬਸ ਹੋ ਗਈ ਹੈ। ***

# ਕੁੱਕੂ ਕੱਟ

ਕੁੱਕੂ ਮੇਰਾ ਦੋਸਤ ਸੀ (ਵੈਸੇ ਹੁਣ ਪਤਾ ਨਹੀਂ ਕਿੱਧਰ ਹੈ) ਪਰ ਉਹ ਸ਼ਰਤੀਆ ਦਰਜ਼ੀ ਨਹੀਂ ਸੀ, ਨਾ ਹੀ ਉਸਦਾ ਬੁਟੀਕ ਦਾ ਕੰਮ ਸੀ। ਉਹ ਤਾਂ ਆਮ ਜਿਹਾ ਰਾਮਗੜੀਆ ਦੋਸਤ ਸੀ। ਅਸੀਂ ਨੌਵੀਂ, ਦੱਸਵੀਂ ਇਕੱਠੀ ਕੀਤੀ। ਉਸਦੇ ਕਾਰਖਾਨੇ ਵਿਚ ਸ਼ਾਇਦ ਸਿਲਾਈ ਮਸ਼ੀਨਾਂ ਦੇ ਪੁਰਜ਼ੇ ਬਣਦੇ ਸਨ। ਇਹ ਗੱਲਾਂ 1970 ਤੋਂ ਘੱਟ ਘੱਟ 2 ਸਾਲ ਪਹਿਲੋਂ ਦੀਆਂ ਹਨ। ਉਸਦਾ ਵੱਡਾ ਭਰਾ ਕਾਰਖਾਨਾ ਚਲਾਉਂਦਾ ਸੀ ਤੇ ਕੁੱਕੂ ਸਾਡਾ ਯਾਰਾਂ ਦਾ ਯਾਰ ਸੀ। ਘੁੰਮਣ ਫਿਰਨ ਦਾ ਸ਼ੌਕੀਨ, ਹਰ ਕਿਸੇ ਨਾਲ ਆਲੇ ਦੁਆਲੇ ਵਾਕਫੀ ਬਣਾ ਲੈਣੀ ਉਸਦੀ ਖੂਬੀ ਸੀ। ਉਹ ਕਾਰੀਗਰ ਵੀ ਤਕੜਾ ਸੀ, ਜਾਂ ਕਹਿ ਲਵੋ ਕਿ ਸਾਡੇ ਹਿਸਾਬ ਨਾਲ ਮਾਹਿਰ ਸੀ ਕਿਉਂਕਿ ਸਾਨੂੰ ਕਾਰਖਾਨਿਆਂ ਦਾ ਇੱਲ-ਕੁੱਕੜ ਨਹੀਂ ਸੀ ਪਤਾ। ਬਸ ਉਸਨੂੰ ਖਰਾਦ ਚਲਾਉਂਦੇ ਦੇਖ ਕਿ ਹੈਰਾਨ ਹੋਣਾ। ਮੈਨੂੰ ਕੈਮਰੇ ਦਾ ਕੁਝ ਸ਼ੌਕ ਸੀ। ਪੁਰਜੇ ਜਾਂ ਲੈਨਜ਼ ਮਿਲਦੇ ਨਹੀਂ ਸਨ ਹੁੰਦੇ। ਮਨ ਵਿਚ ਵੱਡਾ ਟੈਲੀਲੈਨਜ਼ ਬਨਾਉਣ ਦੀ ਖਾਹਿਸ਼ ਉੱਠੀ। ਕਿਤਾਬਾਂ ’ਚੋਂ ਪੜ੍ਹ ਕਿ ਸਕੀਮ ਬਣਾਈ। ਸਾਡਾ ਇਕ ਹੋਰ ਕਲਾਸ ਫੈਲੋ ਐਨਕਾਂ ਦੀ ਦੁਕਾਨ ਕਰਦਾ ਸੀ। ਉਸ ਨਾਲ ਲੈਨਜ਼ਾਂ ਬਾਰੇ ਗੱਲਬਾਤ ਕੀਤੀ ਤੇ ਟੈਲੀ ਲੈਨਜ਼ ਬਣਾਉਣ ਦੀ ਤਿਆਰੀ ਖਿੱਚ ਲਈ। ਸਾਡੇ ਇਸ ਲੈਨਜ਼ ਦੀ ਲੰਬਾਈ 4 ਮੀਟਰ ਬਨਣੀ ਸੀ। ਐਡੀ ਵੱਡੀ ਪਾਇਪ ਕਿੱਥੋਂ ਆਵੇ? ਇਹ ਮਸਲਾ ਸੀ ਕਿਉਂਕਿ ਆਰਥਿਕ ਸਾਧਨ ਵੀ ਲਗਭਗ ਨਹੀਂ ਵਾਂਗ ਸਨ। ਬਹੁਤ ਸੋਚ ਵਿਚਾਰ ਤੇ ਖੋਜ ਬਾਅਦ ਪਤਾ ਲੱਗਾ ਕਿ ਘਰਾਂ ਵਿਚ ਹੱਥ ਧੋਣ ਵਾਲੇ ਵਾਸ਼ ਵੇਸਨ ਦੇ ਥੱਲੇ ਜੋ ਕਾਲੇ ਰੰਗ ਦੀ ਪਾਇਪ ਲੱਗੀ ਹੁੰਦੀ ਹੈ ਉਹ ਸਿੱਧੀ ਵੀ ਰਹਿੰਦੀ ਹੈ ਤੇ ਅੰਦਰੋਂ ਕਾਲੀ ਹੋਣ ਕਰਕੇ ਲਿਸ਼ਕੋਰ ਵੀ ਨਹੀਂ ਮਾਰੇਗੀ। ਉਸ ਤੋਂ ਵੱਡੀ ਗੱਲ ਸੀ ਕਿ ਉਸ ਉੱਤੇ ਕੁੱਕੂ ਨੇ ਕੈਮਰੇ ਵਾਲੀ ਚੂੜੀ ਪਾਉਣ ਲਈ ਹਾਂ ਕਰ ਦਿੱਤੀ ਸੀ। ਸਾਡੀ ਇਹ ਕੋਸ਼ਿਸ਼ ਕਾਮਯਾਬ ਰਹੀ। ਬਸ ਹੁਣ ਕਿਸੇ ਕੈਮਰੇ ਦੇ ਮੂਹਰੇ ਲਾਕੇ ਇਸਨੂੰ ਸਿੱਧੀ ਰੱਖਣਾ ਸੀ ਤੇ ਲੈਨਜ਼ ਫਿੱਟ ਕਰਨਾ ਸੀ। ਦੋ ਦਿਨ ਲਾਕੇ ਪੀ.ਏ.ਯੂ. ਦੇ ਖੇਤਾਂ (ਜਿੱਥੇ ਅੱਜਕਲ੍ਹ ਸਾਇਕਲਿੰਗ ਸਟੇਡੀਅਮ ਹੈ) ਵਿਚ ਇਹ ਕੈਮਰਾ ਫਿੱਟ ਕਰ ਦਿੱਤਾ। ਉਦੋਂ ਕਾਲੀਆਂ, ਚਿੱਟੀਆਂ ਫੋਟੋਆਂ ਦਾ ਜ਼ਮਾਨਾ ਸੀ। 15 ਕੁ ਸਾਲ ਪਹਿਲਾਂ ਸੰਭਾਲ ਖੁਣੋ

ਖਰਾਬ ਹੋਏ ਨੈਗਟਿਵਾਂ ਵਿਚ ਉਹ ਫੋਟੋਆਂ ਵੀ ਸਨ। ਖੈਰ ਕੁੱਕੂ ਦੀ ਮਸ਼ੀਨ ਨਾਲ ਕਲਾਕਾਰੀ ਨੇ ਸਾਡੀ ਦੋਸਤੀ ਗੂੜ੍ਹੀ ਕਰ ਦਿੱਤੀ। ਮੇਰੇ ਕੋਲ ਸਾਇਕਲ ਸੀ, ਵੈਸੇ ਸਾਡੇ ਸਾਰਿਆਂ ਕੋਲ ਸਿਰਫ ਸਾਈਕਲ ਹੀ ਸਨ। ਪਰ ਕੁੱਕੂ ਕੋਲ ਇਕ ਭੂਰੇ ਜਿਹੇ ਰੰਗ ਦਾ ਸਕੂਟਰ ਵੀ ਸੀ। ਉਹ ਸਕੂਟਰ ਤੇ ਕਾਰਖਾਨੇ ਦੇ ਕੰਮ ਕਰਨ ਵੀ ਜਾਂਦਾ ਸੀ। ਅਕਸਰ ਹੀ ਉਸਨੇ ਕਿਸੇ ਨਾ ਕਿਸੇ ਨੂੰ ਨਾਲ ਲੈ ਜਾਣਾ। ਬਸ ਚਲੀਂ ਜ਼ਰਾ, ਬੈਠ ਪਿੱਛੇ, ਐਥੇ ਹੀ ਜਾਣਾ, ਆਏ ਕਿ ਆਏ। ਕੁਝ ਝੂਟੇ ਲੈਣ ਦੀ ਖਾਹਿਸ਼, ਕੁਝ ਟਾਇਮ ਪਾਸ ਤੇ ਕੁਝ ਦੋਸਤੀ ਦਾ ਅਹਿਸਾਸ, ਝੱਟ ਪਿੱਛੇ ਬਹਿ ਜਾਣਾ। ਪੰਜ ਚਾਰ ਮਿੰਟ ਬਾਅਦ ਹੀ ਕੁੱਕੂ ਨੇ ਸਕੂਟਰ ਦੱਸੇ ਰਾਹ ਤੋਂ ਪਾਸੇ ਕਿਸੇ ਗਲੀ, ਸੜਕ ਤੇ ਮੋੜ ਲੈਣਾ। ‘ਓਏ ਇਹ ਕਿੱਧਰ?’ ‘ਕੁਝ ਨਹੀਂ ਆਹ ਇਕ ਛੋਟਾ ਜਿਹਾ ਸੁਨੇਹਾ ਦੇਣਾ। ’ ਇਸ ਤਰ੍ਹਾਂ ਹਰ ਵਾਰ ਹੋਣਾ। ਉਂਜ ਮੈਨੂੰ ਵੀ ਕੋਈ ਫਰਕ ਨਹੀਂ ਸੀ ਪੈਂਦਾ। ਘੁਮਾਰ ਮੰਡੀ ਹੋਈ ਜਾਂ ਕ੍ਰਿਸ਼ਨਾ ਨਗਰ ਕੀ ਫਰਕ ਪੈਂਦਾ ਹੈ। ਜਦੋਂ ਉਸਨੇ ਭੀੜ ਦੇਖਣੀ ਤਾਂ ਸਕੂਟਰ ਟ੍ਰੈਫਿਕ ਦੇ ਖੱਬੇ ਪਾਸਿਓਂ ਕੱਢ ਲੈਣਾ। ਟ੍ਰੈਫਿਕ ਨਿਯਮਾਂ ਦੇ ਉਲਟ ਚੱਲਣ ਤੇ ਕਹਿਣਾ ਤਾਂ, ਉਸ ਨੇ ਜਾਂ ਅਣਸੁਣੀ ਕਰ ਦੇਣੀ ਜਾਂ ਫੇਰ ਚੁੱਪ ਕਰਾ ਦੇਣਾ। ਹੌਲੀ ਹੌਲੀ ਉਸਦੇ ਇਹ ਖੱਬੇ ਕੱਟ ਮਸ਼ਹੂਰ ਹੁੰਦੇ ਗਏ। ਸਾਰੇ ਦੋਸਤਾਂ ਨੇ ਇਸਦਾ ਨਾਮ ਕੁੱਕੂ ਕੱਟ ਰੱਖ ਦਿੱਤਾ। ਅੱਜ ਜਦੋਂ ਸੈਂਕੜੇ ਲੋਕਾਂ ਨੂੰ ਸਕੂਟਰਾਂ, ਬੱਸਾਂ, ਕਾਰਾਂ ਆਦਿ ਖੱਬੇ ਪਾਸਿਓਂ ਕੱਢਦੇ ਦੇਖਦਾ ਹਾਂ ਤਾਂ ਉਸੇ ਪਲ ਕੁੱਕੂ ਕੱਟ ਦੀ ਯਾਦ ਆ ਜਾਂਦੀ ਹੈ। ਹੁਣ ਕੁੱਕੂ ਨੂੰ ਮਿਲਿਆਂ ਚੰਗਾ ਚੋਖਾ ਸਮਾਂ ਹੋ ਗਿਆ ਹੈ। ਸ਼ਾਇਦ ਉਸਨੇ ਜ਼ਿੰਦਗੀ ਵਿਚ ਕਿਸੇ ਥਾਂ ਨਵਾਂ ਕੁੱਕੂ ਕੱਟ ਮਾਰ ਲਿਆ ਹੋਵੇ। ਸ਼ਾਲਾ! ਉਹ ਕਦੇ ਮੇਨ ਰੋਡ ਤੇ ਮਿਲ ਜਾਵੇ।

***

# ਪੰਜਾਬੀ ਸਾਹਿੱਤ ਦੇ ਮਰਾਸੀ

ਮਰਾਸੀ ਇੱਕ ਉਸ ਕੌਮ ਦਾ ਨਾਮ ਹੈ, ਜਿਸ ਕੋਲ ਅਥਾਹ ਕਲਾ ਹੈ, ਗਾਇਕੀ ਦੀਆਂ ਸੁਰਾਂ ਉਹਨਾਂ ਦੀਆਂ ਨਾੜਾਂ ਦੇ ਵਿੱਚ ਖ਼ੂਨ ਦੀ ਥਾਂ ਵਹਿੰਦੀਆਂ ਹਨ। ਸਰੋਤਿਆਂ ਦੇ ਦਿਲ ਦੀ ਜਾਣ ਲੈਣੀ ਤੇ ਫਿਰ ਉਸੇ ਜਾਣਕਾਰੀ ਨੂੰ ਕਲਾਤਮਿਕ ਤਰੀਕੇ ਨਾਲ ਵਰਤ ਲੈਣਾ ਮਰਾਸੀ ਕੌਮ ਦੇ ਹੀ ਹਿੱਸੇ ਆਇਆ ਹੈ। ਉਹ ਬਹੁਤ ਹੀ ਤੀਖਣ ਬੁੱਧੀ ਵਾਲੇ ਲੋਕ ਹੁੰਦੇ ਹਨ। ਰੱਜ ਕਿ ਟਕੋਰਾਂ ਲਾਉਂਦੇ ਹਨ ਤੇ ਚਲਾਕ ਲੋਕਾਂ ਨੂੰ ਸ਼ਰਮਸਾਰ ਕਰ ਦੇਂਦੇ ਹਨ। ਪਰ ਖਾਸ ਗੱਲ ਹੈ ਕਿ ਉਹਨਾਂ ਦੀ ਟਕੋਰ ਚੁੱਭਦੀ ਜ਼ਰੂਰ ਹੈ ਪਰ ਜ਼ਖ਼ਮ ਨਹੀਂ ਕਰਦੀ। ਇਹਨਾਂ ਨੂੰ ਮੱਲ੍ਹਮ-ਪੱਟੀ ਕਰਨੀ ਵੀ ਖ਼ੂਬ ਆਉਂਦੀ ਹੈ। ਰੁਪਈਏ ਨਿਕਲਦੇ ਵੇਖ ਇਹ ਕਈ ਵਾਰੀ ਸਿਫਤ ਕੁਝ ਜਿਆਦਾ ਹੀ ਕਰ ਜਾਂਦੇ ਹਨ। ਇਹਨਾਂ ਕੋਲ ਵਧੀਆ ਕਲਾ ਹੋਣ ਦੇ ਬਾਵਜੂਦ, ਇਸ ਮੱਲ੍ਹਮ-ਪੱਟੀ ਵਾਲੇ ਔਗਣ ਕਰਕੇ ਹੀ 'ਮਰਾਸੀ' ਸ਼ਬਦ ਦੇ ਅਰਥ ਨਕਾਰਾਤਮਿਕ ਜਿਹੇ ਬਣ ਗਏ ਹਨ।

ਇਸੇ ਨੁਕਤੇ ਨੂੰ ਸਾਡੇ ਅੱਜ ਦੇ ਪੜ੍ਹੇ ਲਿਖੇ ਮਰਾਸੀਆਂ ਨੇ ਸਮਝ ਲਿਆ। ਸਿਫ਼ਤ ਕਰੋ ਪੈਸੇ ਝਾੜੋ। ਕਦੇ ਕਿਸੇ ਇਕ ਬੰਦੇ ਤੇ ਟਕੋਰ ਨਾ ਕਰੋ। ਅਣਫੜੀ ਰਿਸ਼ਵਤ ਤੇ ਨਾ ਅਹਿਲੀਅਤ ਤੇ ਤਵੇ ਲਾਈ ਜਾਓ। ਇਸੇ ਲਾਇਨ ਨੂੰ ਫੜ ਕਿ ਸਾਡੇ ਭੱਲਿਆਂ, ਭਗਵੰਤਾਂ, ਘੁੱਗੀਆਂ ਆਦਿ ਨੇ ਪੰਜਾਬੀ ਕਾਮੇਡੀ ਦੀ ਯੱਖਣਾ ਵੱਢ ਕੇ ਰੱਖ ਦਿੱਤੀ। ਲੋਕ ਫੋਕੇ ਫੋਕੇ ਹਸਾ ਲਏ, ਪੈਸੇ ਕਮਾ ਲਏ, ਤੇ ਕਲਾਕਾਰ ਮਰਾਸੀ ਭੁੱਖੇ ਮਾਰਤੇ। ਖੈਰ ਹੁਣ ਤਾਂ ਇਹਨਾਂ ਲੋਕਾਂ ਦਾ ਦਬ-ਦਬਾ ਹੀ ਇੰਨਾਂ ਬਣਿਆ ਹੋਇਆ ਕਿ 'ਕਾਮੇਡੀ ਵਿਚ ਵੀ ਕਲਾ ਹੁੰਦੀ ਹੈ' ਇਹ ਸੋਚ ਬਰਫ ਵਿੱਚ ਲਾ ਚੁੱਕੇ ਹਨ।

ਅੱਜਕਲ ਇਹਨਾਂ ਦੇ ਵੀ ਵੱਡੇ ਭਰਾ ਪੈਦਾ ਹੋ ਗਏ ਹਨ। ਇਹ ਹਨ ਸਾਹਿੱਤਕਾਰ ਮਰਾਸੀ। ਸਾਹਿਤ ਵਿੱਚ ਆਉਣ ਲਈ ਕਿਸੇ ਯੋਗਤਾ ਦੀ ਲੋੜ ਨਹੀਂ। ਸਾਹਿਤ ਸਿਰਜਣਾ ਇਕ ਕੁਦਰਤੀ ਪ੍ਰਵਾਹ ਹੈ। ਸਾਹਿਤ ਲਿਖਿਆ ਨਹੀਂ ਜਾਂਦਾ, ਲਿਖ ਹੋ ਜਾਂਦਾ ਹੈ। ਤੇ ਫੇਰ ਮਿਲ ਜਾਂਦੀ ਹੈ ਕਈ ਵਾਰੀ ਮਸ਼ਹੂਰੀ। ਸਾਹਿਤ ਦੀ ਇਕ ਖਾਸੀਅਤ ਹੈ ਕਿ ਇਸ ਵਿਚ ਚੌਧਰ ਵੱਧ ਤੇ ਪੈਸੇ ਘੱਟ ਹੁੰਦੇ ਹਨ। ਪਰ ਇਹ ਚੌਧਰ ਵੀ ਕਮਾਲ ਦੀ ਹੈ। ਸਾਹਿਤ ਸਭਾ ਦੀ ਸਕੱਤਰੀ ਹੋਵੇ, ਪ੍ਰਧਾਨਗੀ ਹੋਵੇ ਜਾਂ ਸਨਮਾਨਾਂ ਦੇ ਲਗਾਤਾਰ ਫੱਟੇ ਲੈਣੇ

ਹੋਣ, ਇਸ ਲਈ ਕਾਫੀ ਮਿਹਨਤ ਕਰਨੀ ਪੈਂਦੀ ਹੈ। ਫੇਰ ਜੇ ਇਹ ਮਿਹਨਤ ਕਿਸੇ ਢੰਗ ਤਰੀਕੇ ਹੋ ਜਾਵੇ ਤਾਂ ਪੈਸੇ ਵੀ 'ਕੱਠੇ ਹੋ ਜਾਂਦੇ ਹਨ। ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਸਾਹਿੱਤਕ ਮਰਾਸੀ ਬਨਣਾ ਬਹੁਤ ਜ਼ਰੂਰੀ ਹੈ। ਇਸਦੇ ਕਈ ਤਰੀਕੇ ਅਪਣਾਏ ਜਾਂਦੇ ਹਨ। ਕੰਮ ਸ਼ੁਰੂ ਹੁੰਦਾ ਹੈ ਪਾਰਟ ਟਾਇਮ ਪੱਤਰਕਾਰੀ ਤੋਂ। ਜੋ ਵੀ ਮਿਲੇ ਉਸਨੂੰ ਸ਼ਬਦਾਂ ਵਿਚ ਲਿਸ਼ਕਾ-ਪੁਚਕਾ ਕੇ ਅਖਬਾਰ ਦੇ ਸਫ਼ਿਆਂ ਤੇ ਚੇਪ ਦਿਓ। ਇੰਜ 'ਕੱਠਾ ਹੋ ਜਾਵੇਗਾ ਤੁਹਾਡੇ ਕੋਲ ਚਿੱਟੇ ਅਖਬਾਰੀ ਕਾਗਜ਼ ਦੀ ਹਿੱਤ ਤੇ ਲਿਖੇ ਕਾਲੇ ਅੱਖਰਾਂ ਦਾ ਮੁਜੱਸਮਾ। ਇਹ ਪਹਿਲੀ ਪੌੜੀ ਹੈ। ਇਸਨੂੰ ਸਾਡਾ ਇਕ ਸਾਹਿੱਤਕਾਰ ਮਿੱਤਰ, (ਜੋ ਕਦੇ ਆਪ ਵੀ ਇਸੇ ਤਰ੍ਹਾਂ ਦਾ ਕੰਮ ਕਰਦਾ ਰਿਹਾ ਸੀ) 'ਗੋਹਾ ਕੂੜਾ' ਕਰਨਾ ਆਖਦਾ ਹੈ। ਇਸ ਤੋਂ ਅਗਲੀ ਪੌੜੀ ਹੈ ਸਾਥੀ ਲੇਖਕਾਂ (ਵੋਟਾਂ), ਅਧਿਕਾਰੀਆਂ ਤੇ ਪੈਸਾਧਾਰੀ ਲੋਕਾਂ ਦੀਆਂ ਉਸਤੱਤਵੀ ਕਵਿਤਾਵਾਂ ਲਿਖਣਾ ਤੇ ਸਟੇਜ ਤੋਂ ਪੜ੍ਹਨਾ। ਇਸ ਵਿਚ ਅੱਜ ਦੇ ਦੌਰ ਦੇ ਅਣਗਿਣਤ ਮਰਾਸੀਆਂ ਵਿੱਚੋਂ ਦੋ ਕਵੀ ਬਹੁਤ ਮਸ਼ਹੂਰ ਹੋਏ ਹਨ, ਇੱਕ ਨੇ ਬੇਹਿਸਾਬੀ ਕਵਿਤਾ ਲਿਖੀ ਤੇ ਦੂਸਰੇ ਨੇ ਅਖ਼ਬਾਰਾਂ ਵਿਚ ਛਾਪੀ। ਲੇਖਕਾਂ ਦੀਆਂ ਸਿਫਤਾਂ ਦੇ ਸ਼ੇਅਰ ਜੜ ਦਿੱਤੇ। ਇੱਕ ਦੀਆਂ ਇਸ ਮਰਾਸੀਪੁਣੇ ਦੀਆਂ 3-4 ਕਿਤਾਬਾਂ ਛਪ ਗਈਆਂ ਹਨ ਤੇ ਇਕ ਦੀ ਛਪਣ ਅਧੀਨ ਹੈ। ਇਸ ਕਾਰਜ ਦੇ ਕਈ ਫਾਇਦੇ ਹਨ, ਮਾੜੇ ਮੋਟੇ ਲੇਖਕ ਨੂੰ ਵੀ ਆਪਣੀਆਂ ਚੰਗੀਆਈਆਂ ਦਿਸਣ ਲੱਗ ਪੈਂਦੀਆਂ ਹਨ ਤੇ ਆਉਂਦੀਆਂ ਸਾਹਿਤਕ ਚੋਣਾਂ ਵਿਚ ਉਸਦੀ ਵੋਟ ਦਾ ਇੱਕ ਹੱਕਦਾਰ ਵੀ ਪੱਕਾ ਹੋ ਜਾਂਦਾ ਹੈ। ਇਸ ਵਿਧਾ ਦਾ ਸਹਾਰਾ ਲੈ ਕੇ ਕਈ ਹੋਰ ਲੋਕ ਵੀ ਇਹ ਕੰਮ ਕਰਨ ਲੱਗ ਪਏ ਹਨ।

ਭਾਵੇਂ ਸਾਹਿਤਕਾਰਾਂ ਦੇ ਇਸ ਧੰਦੇ ਨਾਲ ਕਾਮੇਡੀ (?) ਕਲਾਕਾਰਾਂ ਤੇ ਅਸਲੀ ਮਰਾਸੀਆਂ ਦੀ ਰੋਜ਼ੀ ਰੋਟੀ ਤੇ ਕੋਈ ਅਸਰ ਨਹੀਂ ਪੈਂਦਾ, ਪਰ ਇਹਨਾਂ ਦੀ ਬਰਾਦਰੀ ਵਿਚ ਵਾਧਾ ਜ਼ਰੂਰ ਹੁੰਦਾ ਹੈ। ਬਸ ਫਰਕ ਇੰਨਾਂ ਹੈ ਕਿ ਇਹਨਾਂ ਦੀ ਰਚਨਾ ਵਿਚ ਚੁੱਭਣ ਵਾਲੀ ਅਸਲੀਅਤ ਦੀ ਟਕੋਰ ਕੋਈ ਨਹੀਂ ਹੁੰਦੀ। ਬਸ ਹੁੰਦੇ ਹਨ ਤਾਂ ਕੂਲੇ ਕੂਲੇ ਸ਼ਬਦੀ ਮੱਲਮ ਨਾਲ ਲਿੱਬੜੇ ਫੰਭੇ। ਜੇ ਨਹੀਂ ਯਕੀਨ ਤਾਂ ਪਿਛਲੇ ਸਮੇਂ ਦੇ ਪੰਜਾਬੀ ਅਖਬਾਰ ਚੁੱਕ ਲਵੋ ਤੇ ਦੇਖੋ ਕਿੰਨੇ ਲੇਖਕਾਂ ਨੇ ਕਿੰਨੇ ਲੇਖਕਾਂ ਬਾਰੇ ਲਿਖਿਆ ਹੈ। ਤੁਹਾਨੂੰ ਆਪੇ ਹੀ ਗਿਣਤੀ ਤੋਂ ਪਤਾ ਲੱਗ

ਜਾਵੇਗਾ। ਉਦੋਂ ਕਾਰਣ ਬਹੁਤ ਸਪੱਸ਼ਟ ਹੋ ਜਾਵੇਗਾ, ਜਦੋਂ ਦੋ ਵੱਡੀਆਂ ਲੇਖਕ ਸੰਸਥਾਵਾਂ, ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬੀ ਸਾਹਿਤ ਅਕਾਡਮੀ ਦੀਆਂ ਚੋਣਾਂ ਸਿਰ ਤੇ ਹੋਣ। ***

# ਇੰਦਰ ਨਾਗੌਰੀ

ਪਹਿਲਾ ਇੰਦਰ ਨਾਗੌਰੀ ਮੈਨੂੰ ਕਦੇ ਚੰਗੀ ਤਰ੍ਹਾਂ ਤਾਂ ਨਹੀਂ ਮਿਲਿਆ, ਪਰ ਇਹ ਮੈਂ ਦਾਅਵੇ ਨਾਲ ਕਹਿ ਸਕਦਾ ਕਿ ਉਹ ਇੰਦਰ ਨਾਗੌਰੀ ਹੀ ਸੀ। ਉੱਚਾ ਲੰਮਾ ਗੋਰਾ ਨਿਛੋਹ, ਹਰ ਇਕ ਦੇ ਮਨ ’ਚ ਘਰ ਕਰ ਜਾਣ ਵਾਲਾ ਤੇ ਆਮਾਂ ਲਈ ਨਿਪਹੁੰਚ, ਮੇਰੀ ਵੀ ਪਕੜ ’ਚ ਨਹੀਂ ਸੀ ਆਇਆ, ਉਂਜ ਇਹ ਵੀ ਸੱਚ ਹੈ ਕਿ ਮੈਨੂੰ ਕਿਸੇ ਨੂੰ ਪਕੜ ’ਚ ਲੈਣ ਦੀ ਸਮਝ ਵੀ ਨਹੀਂ ਸੀ। ਮੈਂ ਇਹੋ ਹੀ ਸਮਝਦਾ ਰਿਹਾ ਕਿ ਇਹ ਇਕ ਬਹੁਤ ਅੱਛਾ ਇਨਸਾਨ ਹੋਵੇਗਾ, ਤਾਹੀਉਂ ਕੁਦਰਤ ਨੇ ਇਸ ਵਿਚ ਕੁੱਟ ਕੁੱਟ ਕਿ ਸੁਹੱਪਣ ਭਰਿਆ ਹੈ ਤੇ ਬਾਕੀ ਅਸੀਂ ਸਭ ਰਬ ਨੇ ਮਜ਼ਬੂਰੀ ਵੱਸ ਹੀ ਘੜੇ ਹੋਵਾਂਗੇ।

ਦੂਜੇ ਇੰਦਰ ਨਾਗੌਰੀ ਨਾਲ ਮੇਰੀ ਜਾਣ ਪਹਿਚਾਣ ਅਮਰੀਕਾ ਤੋਂ ਡਿਪਲੋਮਾ ਕਰਕੇ ਆਉਣ ਬਾਅਦ ਕਾਲਜ ਵਿਚ ਹੋਈ। ਕਾਲਜ ਦੇ ਪਹਿਲੇ ਹੀ ਦਿਨ ਰੈਗਿੰਗ ਤੋਂ ਬਚਦੇ ਬਚਾਉਂਦੇ ਇਸ ਇੰਦਰ ਨਾਗੋਰੀ ਨੂੰ ਮਿਲ ਗਿਆ। ਹਸਮੁੱਖ ਨੂਰਾਨੀ ਚਿਹਰਾ, ਪਿਆਰ ਭਰੀਆਂ ਅੱਖਾਂ ਤੇ ਮੁੱਖ ਵਿਚੋਂ ਫੁੱਲਾਂ ਵਾਂਗ ਕਿਰਦੇ ਬੋਲ। ਮੋਹਿਤ ਕਿਵੇਂ ਨਾ ਹੁੰਦੇ ਸਾਡੇ ਵਰਗੇ। ਇੰਜ ਲੱਗਾ ਜਿਵੇਂ ਇਹ ਦੋਸਤ ਸਾਡੇ ਲਈ ਰਬ ਨੇ ਆਪ ਭੇਜਿਆ ਹੈ। ਇੰਜ ਸ਼ੁਰੂ ਹੋਈ ਤਿੰਨ ਦਹਾਕਿਆਂ ਦੀ ਜਾਣ ਪਛਾਣ। ਇਸ ਇੰਦਰ ਨਾਗੌਰੀ ਨੇ ਆਪਣੀਆਂ ਪਰਤਾਂ ਪਹਿਲੇ ਸਾਲ ਵਿਚ ਹੀ ਖੋਹਲਣੀਆਂ ਸ਼ੁਰੂ ਕਰ ਦਿੱਤੀਆਂ। ਪਰ ਸਾਨੂੰ ਬਾਕੀਆਂ ਨੂੰ ਉਸਦੇ ਲਏ ਫੈਸਲੇ ਤੇ ਕਲਾ/ਸਾਹਿੱਤ ਦੇ ਪਰਛਾਂਵੇਂ ਇਕ ਕ੍ਰਿਸ਼ਮਾ ਲੱਗਦੇ। ਹੌਲੀ ਹੌਲੀ ਉਸਦੀਆਂ ਪਰਤਾਂ ਖੁੱਲਦੀਆਂ ਗਈਆਂ ਤੇ ਸਾਡੇ ’ਚੋਂ ਕੁਝ ਨੇੜੇ ਤੇ ਕੁਝ ਦੂਰ ਹੁੰਦੇ ਗਏ। ਉਸਦੇ ਰੂਪ ਵਿਚ ਜਿਵੇਂ ਜਿਵੇਂ ਨਿਖਾਰ ਆਉਂਦਾ ਗਿਆ, ਉਸਦੀਆਂ ਚਾਲਾਂ ਸਪੱਸ਼ਟ ਹੁੰਦੀਆਂ ਗਈਆਂ, ਪਰ ਅਸੀਂ ਗਲਤ ਸੀ। ਜਦ ਤਕ ਸਾਨੂੰ ਉਸਦੀ ਚਾਲ ਸਮਝ ਆਉਂਦੀ, ਉਹ ਆਪਣਾ ਘੇਰਾ ਵਿਸ਼ਾਲ ਕਰ ਲੈਂਦਾ ਤੇ ਸਾਡੀ ਸਮਝ ਤੋਂ ਵੱਡੀ ਚਾਲ ਚਲ ਚੁੱਕਾ ਹੁੰਦਾ। ਕਈ ਵਾਰ ਤਾਂ ਇਹ ਸਭ ਕੁਝ ਬੜਾ ਹੀ ਰੌਚਿਕ ਲੱਗਦਾ। ਆਪਣਾ ਚੇਤਨਾ ਦਾ ਪੱਧਰ ਭਾਵੇਂ ਵਧ ਰਿਹਾ ਸੀ ਪਰ ਫੇਰ ਵੀ ਇਸ ਇੰਦਰ ਨਾਗੌਰੀ ਤੋਂ ਕਦੇ ਕਦੇ ਮਾਰ ਖਾ ਜਾਂਦੇ ਸੀ। ਉਸਦੇ ਸਿਰਜੇ ਸੁਪਨੇ ਕਦੇ ਕਦੇ ਖਰੀਦ ਹੋ ਜਾਂਦੇ ਸਨ ਤੇ ਆਖਰ ਘਾਟੇ ਦਾ ਕਾਰਣ ਬਣਦੇ। ਆਖਰ ਇਸ ਨਤੀਜੇ ਤੇ ਪਹੁੰਚੇ ਕਿ ਉਸਤੇ ਕਦੇ ਯਕੀਨ

ਨਾ ਕਰੋ, ਸਿਰਫ ਪਿਆਰ ਕਰੋ, ਪਿਆਰ ਕਰਨਾ ਵੈਸੇ ਵੀ ਕੁਦਰਤ ਦਾ ਨੇਮ ਹੈ ਤੇ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ। ਤਿੰਨ ਦਹਾਕਿਆਂ ਬਾਅਦ ਇਸ ਇੰਦਰ ਨਾਗੌਰੀ ਨੂੰ ਕਾਫੀ ਦੁੱਖ ਤੇ ਬੇਇਜ਼ਤੀ ਝੱਲਣੀ ਪਈ। ਆਪਣੀ ਸੌਂਹ ਖਾਕੇ ਉਸਦਾ ਸਾਥ ਦੇਣ ਵਾਲੇ ਉਸਦੇ ਦੁਸ਼ਮਣ ਬਣ ਗਏ। ਤੇ ਸਾਡੇ ਵਰਗੇ, ਨਾ ਦੁਸ਼ਮਣ ਬਣ ਸਕੇ ਤੇ ਨਾ ਦੋਸਤ। ਅੱਜਕਲ ਇਹ ਇੰਦਰ ਨਾਗੌਰੀ ਆਪੇ ਸਿਰਜੇ ਅਗਿਆਤਵਾਸ ਵਿਚ ਹੈ।

ਇਸ ਸਮੇਂ ਦੌਰਾਨ ਹੋਰ ਵੀ ਕਈ ਇੰਦਰ ਨਾਗੌਰੀ ਮਿਲਦੇ ਰਹੇ। ਪਰ ਉਹਨਾਂ ਸਭ ਦੇ ਨੰਬਰ 2ੳ, 2ਅ, 2ੲ ਆਦਿ ਹੀ ਰੱਖੇ ਜਾ ਸਕਦੇ ਹਨ ਤਿੰਨ ਜਾਂ ਚਾਰ ਨਹੀਂ। ਤਿੰਨ ਨੰਬਰ ਤੇ ਚਾਰ ਨੰਬਰ ਇੰਦਰ ਨਾਗੌਰੀ ਲਗਭਗ ਇੱਕ ਦਹਾਕਾ ਪਹਿਲੋਂ ਮਿਲੇ। ਦੋਨੋਂ ਰੱਜ ਕਿ ਸੋਹਣੇ, ਸੋਹਣੀਆਂ ਪੱਗਾਂ, ਨਰਮ ਮੁੱਛਾਂ, ਵਧੀਆ ਕੱਦ ਕਾਠ ਤੇ ਘਰੋਂ ਸੌਖੇ। ਤਿੰਨ ਨੰਬਰ ਨੇ ਦੋ ਨੰਬਰ ਵਿਚ ਬਹੁਤ ਪੈਸੇ ਕਮਾਏ ਹੋਏ ਸਨ। ਵੱਡੀਆਂ ਵੱਡੀਆਂ ਕੰਪਨੀਆਂ ਨਾਲ ਨਾਤੇ ਸਨ। ਲੱਖਾਂ ਦਾ ਮਾਲ ਆਉਂਦਾ ਸੀ ਤੇ ਲੱਖਾਂ ਦੇ ਸੁਪਨੇ ਸੱਚ ਹੁੰਦੇ ਸਨ। ਜਿਸ ਨੂੰ ਮਿਲ ਲਵੇ ਆਪਣਾ ਬਣਾ ਲਵੇ। ਮੇਰੇ ਵਰਗਾ ਉਸ ਲਈ ਕੀ ਸ਼ੈਅ ਸੀ। ਝਟ ਮੈਨੂੰ ਬੇਵਕੂਫ ਬਣਾ ਲਿਆ ਤੇ ਮੇਰੀ ਤੁੱਛ ਬੁੱਧੀ ਤੇ ਕਲਾ ਨੂੰ ਝੂਠੇ ਸ਼ੀਸ਼ੇ ਵਿਚ ਵੱਡਾ ਕਰਕੇ ਮੈਨੂੰ ਦਿਖਾ ਕਿ, ਮੈਨੂੰ ਜਿੱਤ ਲਿਆ। ਪੈਸੇ ਤੋਂ ਅਮੀਰ ਪਰ ਬੌਧਿਕ ਤੌਰ ਤੇ ਅਵਿਕਸਤ ਲੋਕਾਂ ਵਿਚ ਮੇਰੀ ਧਾਂਕ ਜਮਾ ਦਿੱਤੀ ਤੇ ਮੈਨੂੰ ਭਰਮ ਵਿਚ ਪਾ ਦਿੱਤਾ। ਚਾਰ ਸਾਲਾਂ ਵਿਚ ਹੀ ਮੈਨੂੰ ਦੋ ਢਾਈ ਲੱਖ ਦਾ ਚੂਨਾ ਲਾਕੇ ਆਜ਼ਾਦ ਪੰਛੀ ਵਾਂਗ ਅੱਜ ਵੀ ਇਹ ਇੰਦਰ ਨਾਗੌਰੀ ਮੈਨੂੰ ਬਿੰਨ੍ਹਾਂ ਬੇਸ਼ਰਮ ਹੋਏ ਹਾਲ ਚਾਲ ਪੁੱਛ ਕਿ ਲੰਘਦਾ ਹੈ।

ਚੌਥਾ ਇੰਦਰ ਨਾਗੌਰੀ ਬਹੁਤ ਹੀ ਕਮਾਲ ਦੀ ਸ਼ੈਅ ਹੈ। ਕਮਾਲ ਦੀ ਕਲਾ ਹੈ ਉਸਦੀ ਝੂਠ ਬੋਲਣ ਦੀ ਤੇ ਮਰਾਸ ਪੁਣੇ ਦੀ। ਵਿਚਾਰਾ ਜਿਹਾ ਬਣਕੇ, ਆਪਣੇ ਆਪ ਨੂੰ ਗਰੀਬੀ ਦਾ ਲਿਬਾਸ ਪਾਕੇ ਮੋਹ ਦੀਆਂ ਤੰਦਾਂ ਇੰਜ ਵਿਛਾਵੇਗਾ ਕਿ ਤੁਸੀਂ ਕੈਦ ਹੋਏ ਬਗੈਰ ਰਹਿ ਨਹੀਂ ਸਕਦੇ। ਇਹ ਹਮੇਸ਼ਾ ਉਸ ਬੰਦੇ ਨੂੰ ਫੜੇਗਾ ਜੋ ਪੈਸੇ ਵਾਲਾ ਹੈ ਤੇ ਕਿਸੇ ਕਲਾ ਤੋਂ ਕੋਰਾ ਹੈ। ਕਿਸੇ ਨੂੰ ਪ੍ਰਧਾਨ ਬਨਾਉਣ ਜਾਂ ਚੇਅਰਮੈਨ ਬਨਾਉਣਾ ਉਸਦੇ ਖੱਬੇ ਹੱਥ ਦੀ ਖੇਲ ਹੈ। ਪਰ ਵਿਚਾਰੇ ਦੀ ਹੈ ਦਸ਼ਾ ਮਾੜੀ। ਅੱਜ ਦੇ ਤੇਜ਼ ਤਰਾਰ ਯੁੱਗ ਵਿਚ ਲੋਕ ਹੁਣ

ਬਹੁਤ ਸਿਆਣੇ ਹੋ ਗਏ ਹਨ। ਵਿਚਾਰੇ ਇਸ ਇੰਦਰ ਨਾਗੌਰੀ ਦੇ ਹੱਥ ਕੰਡੇ ਹੁਣ ਲੋਕੀ ਸਮਝਣ ਲਗ ਪਏ ਹਨ। ਉਸਦੀਆਂ ਮਿੱਠੀਆਂ ਮਿੱਠੀਆਂ ਮਨ ਜਤਾਉਣ ਦੀਆਂ ਸਭ ਚਾਲਾਂ ਵਿਚੋਂ ਖੁਸ਼ਬੋ ਆਉਣ ਲਗ ਪਈ ਹੈ ਤੇ ਇਹ ਮਹਿਕ ਚਾਰੇ ਪਾਸੇ ਘਰ ਕਰ ਰਹੀ ਹੈ। ਆਉਣ ਵਾਲੇ ਸਮੇਂ ਵਿਚ ਉਸਨੂੰ ਕਾਫੀ ਮਿਹਨਤ ਕਰਨੀ ਪੈ ਸਕਦੀ ਹੈ।

ਮਿਲਦੇ ਤਾਂ ਹੋਰ ਵੀ ਕਈ ਇੰਦਰ ਨਾਗੌਰੀ ਰਹੇ ਪਰ ਉਹ ਜਾਂ ਤਾਂ ਪੂਰੇ ਇੰਦਰ ਨਾਗੌਰੀ ਨਹੀਂ ਸਨ ਜਾਂ ਫੇਰ ਨਾਗੌਰ ਸ਼ਹਿਰ ਤੋਂ ਲਿਆਂਦੇ ਸੋਹਣੇ ਸੁਨੱਖੇ ਬਲਦਾਂ ਵਿਚੋਂ ਵੱਖਰਾ ਨਿਕਲਿਆ ਬਲਦ ਸਨ। ਤੁਸੀਂ ਹੈਰਾਨ ਹੋਵੋਗੇ ਕਿ ਇੰਨੇ ਸਾਰੇ ਬੰਦਿਆਂ ਦੇ ਨਾਮ ਇੰਦਰ ਨਾਗੌਰੀ ਕਿਵੇਂ ਹੋਏ। ਅਸਲ ਵਿਚ ਇਹਨਾਂ ਸਭ ਦੇ ਮਾਪਿਆਂ ਨੇ ਇਹਨਾਂ ਦੇ ਨਾਮ ਤਾਂ ਵੱਖ ਵੱਖ ’ਤੇ ਹੋਰ ਰੱਖੇ ਹਨ। ਕਾਗਜ਼ੀ ਤੇ ਸਰਕਾਰੀ ਨਾਮ ਵੀ ਅਲੱਗ ਹਨ। ਇੰਦਰ ਨਾਗੌਰੀ ਤਾਂ ਸਬੱਬੀ ਹੀ ਰੱਖਿਆ ਗਿਆ ਨਾਮ ਹੈ। ਮੇਰੇ ਮਨ ਵਿਚ ਹਮੇਸ਼ਾ ਇਹਨਾਂ ਲੋਕਾਂ ਲਈ ਇਕ ਨਾਮ ਦੀ ਭਾਲ ਸੀ ਪਰ ਲਭ ਨਹੀਂ ਸੀ ਰਿਹਾ। ਪਿੱਛੇ ਜਿਹੇ ਅਸੀਂ ਕੁਝ ਦੋਸਤਾਂ ਤੇ ਗੁਜਰਾਤ ਤੱਕ ਸਫਰ ਕੀਤਾ। ਜਦੋਂ ਅਸੀਂ ਨਾਗੌਰ ਸ਼ਹਿਰ ਤੋਂ ਲੰਘਣ ਲੱਗੇ ਤਾਂ ਮੈਨੂੰ ਯਾਦ ਆਇਆ ਕਿ ਪੰਜਾਬ ਦੇ ਪੇਂਡੂ ਲੋਕ ਇਥੋਂ ਬਲਦ ਖਰੀਦ ਕਿ ਲਿਜਾਂਦੇ ਸਨ। ਕਿਉਂਕਿ ਉਹ ਬਹੁਤ ਸੋਹਣੇ ਹੁੰਦੇ ਹਨ। ਵਾਕਿਆ ਹੀ ਉਥੇ ਬਲਦ, ਗਾਵਾਂ, ਵੱਛੇ ਤੇ ਵੱਛੀਆਂ ਸੋਹਣੀਆਂ ਸਨ। ਅਵਾਰਾ ਫਿਰਦੇ ਪਸ਼ੂ ਵੀ ਸੋਹਣੇ ਸਨ। ਮੈਂ ਗੱਲਾਂ ਕਰਨ ਲੱਗ ਪਿਆ ਉਹਨਾਂ ਦੇ ਸੋਹਣੇ ਹੋਣ ਦੀਆਂ ਤੇ ਪੰਜਾਬ ਵਿਚ ਪੈਂਦੇ ਇਹਨਾਂ ਦੇ ਮੁੱਲ ਦੀਆਂ। ਤਾਂ ਅਚਾਨਕ ਹੀ ਮੇਰਾ ਸਾਥੀ ਬੋਲਿਆ। ‘ਸਾਡੇ ਸ਼ਹਿਰ ਵੀ ਇਕ ਬੰਦਾ ਉਹਨੂੰ ਅਸੀਂ ਇੰਦਰ ਨਾਗੌਰੀ ਆਖਦੇ ਹਾਂ। ’ ਮੇਰੇ ਪੁੱਛਣ ਤੇ ਉਸ ਦੱਸਿਆ ਕਿ ਨਾਗੌਰੀ ਕੋਈ ਗੋਤ ਨਹੀਂ ਹੈ, ਬਸ ਉਹ ਹੈ ਹੀ ਰੱਜ ਕਿ ਸੋਹਣਾ ਇਸ ਲਈ ਉਹ ਇੰਦਰ ਤੋਂ ਇੰਦਰ ਨਾਗੌਰੀ ਬਣ ਗਿਆ। ਉਸਦੇ ਸੁਭਾਅ ਬਾਰੇ ਪੁੱਛਣ ਤੇ ਲਗਭਗ ਜਵਾਬ ਉਪਰੋਕਤ ਚਾਰ ਨਾਗੌਰੀਆਂ ਵਰਗਾ ਹੀ ਸੀ। ਕਦੋਂ ਦਾ ਨਾਗੌਰ ਸ਼ਹਿਰ ਅਸੀਂ ਪਿੱਛੇ ਛੱਡ ਆਏ ਹਾਂ ਪਰ ਇੰਦਰ ਨਾਗੌਰੀ ਸਾਡੇ ਨਾਲ ਹੀ ਚਲਿਆ ਆਇਆ ਹੈ। ਹੁਣ ਚਾਰਾਂ ਨਾਲ ਕੋਈ ਗਿਲਾ ਨਹੀਂ, ਕੋਈ ਰੋਸਾ ਨਹੀਂ, ਕਿਸੇ ਘਾਟੇ ਦਾ ਦੁੱਖ ਨਹੀਂ, ਕਿਸੇ ਰਿਸ਼ਤੇ ਦੀ ਕੁੜੱਤਣ ਨਹੀਂ। ਕੁਦਰਤ ਦੇ ਨੇਮ ਨੂੰ ਮੰਨ ਚੁਕੇ

ਹਾਂ ਤੇ ਬਸ ਮੰਨਦੇ ਰਹਾਂਗੇ।

***

# ਖਤਰੇ ਤੋਂ ਬਾਹਰ ਹੈ ਪੰਜਾਬੀ ਭਾਸ਼ਾ – ਪੰਜਾਬੀ ਭਾਸ਼ਾ ਕਦੇ ਨਹੀਂ ਮਰੇਗੀ

ਪਿਛਲੇ ਕੁਝ ਸਮੇਂ ਤੋਂ ਹਰ ਪੰਜਾਬੀ ਇਸ ਗੱਲੋਂ ਚਿੰਤਾ ਵਿਚ ਹੈ ਕਿ ਕਿਤੇ ਆਉਣ ਵਾਲੇ ਸਮੇਂ ਵਿਚ ਪੰਜਾਬੀ ਭਾਸ਼ਾ ਖਤਮ ਨਾ ਹੋ ਜਾਵੇ। ਅਕਸਰ ਹੀ ਇਸ ਗੱਲ ਨੂੰ ਪ੍ਰਮਾਣਤ ਕਰਨ ਲਈ ਯੂਨੈਸਕੋ ਦੇ ਕਿਸੇ ਸਰਵੇ ਦਾ ਹਵਾਲਾ ਦਿੱਤਾ ਜਾਂਦਾ ਹੈ ਕਿ ਆਉਣ ਵਾਲੇ ਪੰਜਾਹ ਸਾਲਾਂ ਵਿਚ ਪੰਜਾਬੀ ਭਾਸ਼ਾ ਖਤਮ ਹੋ ਜਾਵੇਗੀ, ਨਾਲ ਦੀ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਸੰਸਾਰ ਦੀਆਂ 7000 ਭਾਸ਼ਾਵਾਂ ਵਿਚੋਂ ਹਰ ਰੋਜ਼ ਇੱਕ ਭਾਸ਼ਾ ਮਰ ਰਹੀ ਹੈ। ਜੇਕਰ ਹਰ ਰੋਜ਼ ਇਕ ਭਾਸ਼ਾ ਮਰ ਰਹੀ ਹੋਵੇ ਤਾਂ ਇਹ ਸਾਰੀਆਂ ਭਾਸ਼ਾਵਾਂ, 7000 ਤਕਸੀਮ 365 ਯਾਨੀ ਕਿ ਲਗਭਗ 20 ਸਾਲਾਂ ਦੇ ਵਿਚ ਹੀ ਖਤਮ ਹੋ ਜਾਣੀਆਂ ਚਾਹੀਦੀਆਂ ਹਨ। ਇਹਨਾਂ ਤੱਥਾਂ ਨੂੰ ਸੱਚ ਮੰਨਿਆਂ 50 ਸਾਲ ਤੱਕ ਭਾਸ਼ਾਵਾਂ ਦੋ ਵਾਰੀ ਮਰ ਕੇ ਫਿਰ ਜਨਮ ਲੈ ਚੁਕੀਆਂ ਹੋਣਗੀਆਂ। ਦੂਸਰਾ ਤੱਥ ਇਹ ਪੇਸ਼ ਕੀਤਾ ਜਾਂਦਾ ਹੈ ਕਿ ਇਹਨਾਂ 7000 ਭਾਸ਼ਾਵਾਂ ਵਿਚ ਪੰਜਾਬੀ ਭਾਸ਼ਾ ਦਾ ਤੇਹਰਵਾਂ ਅਸਥਾਨ ਹੈ। ਇਹ ਤੱਥ ਤਾਂ ਸਗੋਂ ਇਸ ਗੱਲ ਨੂੰ ਹੋਰ ਤਾਕਤ ਦਿੰਦਾ ਹੈ ਕਿ ਪੰਜਾਬੀ ਭਾਸ਼ਾ ਦਾ ਖਤਮ ਹੋਣਾ ਕੋਈ ਸੌਖੀ ਗੱਲ ਨਹੀਂ। ਜਿਵੇਂ ਸਾਰੇ ਜਾਣਦੇ ਹਨ ਕਿ ਭਾਰਤ ਵਿਚ ਫੁੱਟਬਾਲ ਖੇਡਿਆ ਜਾਂਦਾ ਹੈ, ਨਾ ਇਹ ਖਤਮ ਹੋਇਆ ਅਤੇ ਨਾ ਹੀ ਹੋਵੇਗਾ ਪਰ ਫੁੱਟਬਾਲ ਵਿਚ ਸਾਡਾ 200 ਦੇਸ਼ਾਂ ’ਚੋਂ ਇੱਕ ਸੋ ਅਠਤਾਲੀਵਾਂ ਸਥਾਨ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਹਿਸਾਬ ਦੀਆਂ ਜਮਾਂਬੰਦੀਆਂ ਅਨੁਸਾਰ ਭਾਸ਼ਾ ਵਿਚ ਗਿਆਰਵਾਂ ਜਾਂ ਤੇਰਵਾਂ ਅਸਥਾਨ ਹੋਣਾ ਕਿਹੜਾ ਛੋਟੀ ਗੱਲ ਹੈ ਅਤੇ ਇੱਥੋਂ ਤੱਕ ਭਾਸ਼ਾਵਾਂ ਦਾ ਮਰਦੇ ਆਉਣਾ ਵੀ ਇਕ ਅਲੋਕਿਕ ਘਟਨਾ ਹੋਵੇਗੀ। ਜਿਹੜੇ ਲੋਕ ਭਾਸ਼ਾ ਦੀ ਉਤਪਤੀ ਅਤੇ ਵਿਕਾਸ ਨੂੰ ਨਹੀਂ ਸਮਝਦੇ ਉਹੋ ਹੀ ਇਹੋ ਜਿਹੀਆਂ ਗੈਰ ਵਿਗਿਆਨਕ ਗੱਲਾਂ ਕਰ ਸਕਦੇ ਹਨ। ਭਾਸ਼ਾ ਸਿਰਫ ਅੱਖਰ ਹੀ ਨਹੀਂ, ਜਾਂ ਫਿਰ ਸ਼ਬਦ ਹੀ ਨਹੀਂ ਹੁੰਦੇ, ਜਾਂ ਫਿਰ ਸ਼ਬਦਾਂ ਤੋਂ ਬਣੇ ਵਾਕ ਹੀ ਨਹੀਂ ਹੁੰਦੇ, ਸਗੋਂ ਇਹ ਤਾਂ ਆਪਣੇ ਰੂਪ ਅਤੇ ਭਾਵਨਾਵਾਂ ਨਾਲ ਮਨੁੱਖਾਂ ਵਿਚ ਸੰਚਾਰ ਪੈਦਾ ਕਰਨ ਦੀ ਸ਼ਕਤੀ ਵੀ ਰੱਖਦੀ ਹੈ। ਭਾਸ਼ਾ ਦਾ ਜਨਮ ਕਿਸੇ ਭੂਗੋਲਿਕ ਖਿਤੇ ਦੀ

ਦੇਣ ਵੀ ਹੁੰਦਾ ਅਤੇ ਉਸ ਤੋਂ ਵੀ ਅੱਗੇ ਉਸ ਖਿਤੇ ਵਿਚ ਖਾਸ ਕਿਸਮ ਦੇ ਜਨੇਟਿਕ ਸਰੂਪ ਵਾਲੇ ਲੋਕਾਂ ਨਾਲ ਜੁੜਿਆ ਹੁੰਦਾ ਹੈ। ਇਹਨਾਂ ਲੋਕਾਂ ਦੀ ਜਨ ਸਮੂਹਿਕ ਸ਼ਕਤੀ ਹੀ ਕਿਸੇ ਭਾਸ਼ਾ ਨੂੰ ਅੱਗੇ ਤੋਰਦੀ ਹੈ ਅਤੇ ਇਸ ਦਾ ਵਿਕਾਸ ਕਰਦੀ ਹੈ।

21ਵੀਂ ਸਦੀ ਵਿਚ ਆ ਕੇ ਮਨੁਖਾਂ ਦੀਆਂ ਵੱਖ-ਵੱਖ ਕਿਸਮਾਂ ਆਪਸ ਵਿਚ ਰਚਮਿਚ ਰਹੀਆਂ ਹਨ ਅਤੇ ਦੁਨੀਆਂ ਦਾ ਏਕੀਕਰਨ ਕਰ ਰਹੀਆਂ ਹਨ। ਏਕੀਕਰਨ ਤੋਂ ਮੇਰਾ ਭਾਵ ਲੋਕਾਂ ਦੀ ਸੋਚ ਅਤੇ ਰਹਿਣ ਸਹਿਣ ਦੇ ਢੰਗ ਜਾਂ ਜੀਵਨ ਜਾਚ ਵਿਚ ਸਮਾਨਤਾ ਆ ਰਹੀ ਹੈ ਅਤੇ ਇਹ ਇਕੋ ਜਿਹੇ ਹੁੰਦੇ ਜਾ ਰਹੇ ਹਨ। ਜਿੱਥੇ ਇਕ ਮੂਲ ਦੇ ਲੋਕ ਦੂਸਰੇ ਮੂਲ ਦੇ ਲੋਕਾਂ ਬਾਰੇ ਜਾਣਕਾਰੀ ਰੱਖਣ ਲੱਗ ਪਏ ਹਨ ਉਥੇ ਉਹ ਉਹਨਾਂ ਦੀਆਂ ਭਾਸ਼ਾਵਾਂ, ਪਹਿਰਾਵਾ ਅਤੇ ਖਾਣ-ਪੀਣ ਨਾਲ ਸਾਂਝ ਵੀ ਵਧਾਉਣ ਲੱਗ ਪਏ ਹਨ। ਮਨੁੱਖ ਦੀ ਮੁੱਢਲੀ ਸੋਚ ਵਿਚ ਇਹ ਸ਼ਾਮਲ ਹੈ ਕਿ ਹਰ ਕੰਮ ਨੂੰ ਸੌਖੇ, ਸਸਤੇ ਅਤੇ ਸਰਲ ਤਰੀਕੇ ਨਾਲ ਕਰ ਲਿਆ ਜਾਵੇ। ਇਸੇ ਲਈ ਉਹ ਦੂਜੇ ਮੂਲ ਦੇ ਲੋਕਾਂ ਤੋਂ ਸ਼ਬਦ, ਕੱਪੜੇ ਅਤੇ ਭੋਜਨ ਮੰਗ ਲੈਂਦਾ ਹੈ ਜਾਂ ਗ੍ਰਹਿਣ ਕਰ ਲੈਂਦਾ ਹੈ। ਜੋ ਉਸ ਨੂੰ ਅਸਾਨੀ ਨਾਲ ਵਰਤਣੇ, ਸਮਝਣੇ ਅਤੇ ਪਚਾਉਣੇ ਸੌਖੇ ਲੱਗਦੇ ਹੋਣ। ਇਹੀ ਕਾਰਨ ਹੈ ਕਿ ਦੁਨੀਆਂ ਦੀਆਂ 7000-8000 ਕੌਮਾਂ ਨੂੰ ਆਪਣੀਆਂ ਆਪਣੀਆਂ ਭਾਸ਼ਾਵਾਂ ਨੂੰ ਖਤਰਾ ਪੈਦਾ ਹੋਇਆ ਮਹਿਸੂਸ ਹੋ ਰਿਹਾ ਹੈ। ਇਸ ਤੋਂ ਇਲਾਵਾ ਵੀਹਵੀਂ ਸਦੀ ਦੇ ਅੱਧ ਤੋਂ ਕੰਪਿਊਟਰ ਦੀ ਵਿਕਸਤ ਹੋਈ ਖੋਜ ਨੇ ਦੁਨੀਆਂ ਦੇ ਇਸ ਰਲੇਵੇ ਵਿਚ ਆਪਣਾ ਹਿੱਸਾ ਪਾਇਆ ਹੈ। ਚਾਰ ਕੁ ਦੁਹਾਕੇ ਤਾਂ ਲੋਕੀ ਕੰਪਿਊਟਰ ਦੇ ਕਾਰਨਾਮਿਆਂ ਤੋਂ ਹੈਰਾਨ ਹੀ ਹੁੰਦੇ ਰਹੇ। ਉਹਨਾਂ ਨੂੰ ਇਹ ਅਪਹੁੰਚ ਵਸਤੂ ਲੱਗਦੀ ਰਹੀ। ਉਹਨਾਂ ਨੂੰ ਇਸ ਤਰ੍ਹਾਂ ਲੱਗਦਾ ਰਿਹਾ ਕਿ ਬਹੁਤ ਵੱਡੇ ਵਿਦਵਾਨ ਨਾਲ ਅਗਿਆਨੀ ਦਾ ਵਾਹ ਪੈ ਗਿਆ ਹੋਵੇ, ਪਰ ਸੰਨ 1990 ਤੋਂ ਬਾਅਦ ਹੋਰਨਾਂ ਵਾਂਗ ਪੰਜਾਬੀ ਕੌਮ ਦੀ ਨਵੀਂ ਪੀੜੀ ਨੇ ਇਸ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ। ਦਸਾਂ ਸਾਲਾਂ ਦੇ ਵਿਚ-ਵਿਚ ਹੀ ਕੰਪਿਊਟਰ ਪੰਜਾਬ ਦੇ ਹਰ ਨੌਜਵਾਨ ਦੀ ਸੋਚ ਦਾ ਅਹਿਮ ਹਿੱਸਾ ਬਣ ਚੁੱਕਾ ਸੀ। ਪੰਜਾਬੀ ਦੇ ਅੱਧੀ ਉਮਰ ਲੰਘਾ ਚੁੱਕੇ ਵਿਦਵਾਨਾਂ, ਖੋਜੀਆਂ ਅਤੇ ਲੇਖਕਾਂ ਨੂੰ ਕੰਪਿਊਟਰ ਕੋਲੋਂ ਡਰ ਲੱਗਣ ਲੱਗ ਪਿਆ ਅਤੇ ਉਹ

ਇਸ ਨੂੰ ਭਾਸ਼ਾ ਦੇ ਲਈ ਖਾਸ ਕਰਕੇ ਪੰਜਾਬੀ ਭਾਸ਼ਾ ਲਈ ਵੱਡਾ ਖਤਰਾ ਮੰਨਣ ਲੱਗ ਪਏ ਹਨ ਕਿਉਂਕਿ ਉਹ ਕੰਪਿਊਟਰ ਦੀ ਕਾਰਜਸ਼ੈਲੀ ਅਤੇ ਵਿਕਾਸ ਦਰ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ ਸਨ। ਇਸ ਲਈ ਉਹਨਾਂ ਨੂੰ ਇਹ ਖੇਤਰੀ ਭਾਸ਼ਾਵਾਂ ਜਿਨ੍ਹਾਂ ਵਿਚ ਪੰਜਾਬੀ ਵੀ ਹੈ, ਨੂੰ ਵੱਡਾ ਅਤੇ ਬੇਰੋਕ ਖਤਰਾ ਸਮਝਦੇ ਹੋਏ ਖੇਤਰੀ ਭਾਸ਼ਾਵਾਂ ਦੇ ਮਰਨ ਦਾ ਤੌਖਲਾ ਤੇ ਵਾਵੇਲਾ ਖੜ੍ਹਾ ਕਰ ਦਿੱਤਾ ਜੋ ਕਾਫੀ ਹੱਦ ਤੱਕ ਅਜੇ ਵੀ ਮੌਜੂਦ ਹੈ।

ਕੰਪਿਊਟਰ ਕੋਈ ਰੱਬ ਦੀ ਬਣਾਈ ਬੰਦੇ ਵਰਗੀ ਚੀਜ਼ ਨਹੀਂ ਜੋ ਆਪੇ ਸੋਚਦੀ ਅਤੇ ਕਿਰਿਆ ਕਰਦੀ ਹੈ, ਇਹ ਕਿਰਿਆਤਮਕ ਮਸ਼ੀਨ ਹੈ, ਰਚਨਾਤਮਿਕ ਮਸ਼ੀਨ ਨਹੀਂ। ਕੰਪਿਊਟਰ ਤਾਂ ਇਕ ਮਜ਼ਦੂਰ ਦੀ ਕਹੀ ਵਾਂਗ ਹੈ, ਕਿਸਾਨ ਦੇ ਹਲ ਵਾਂਗ ਹੈ ਜਾਂ ਫਿਰ ਲੇਖਕ ਦੀ ਕਲਮ ਵਾਂਗ ਹੈ, ਜਿਸ ਨੂੰ ਸਮਝ ਨਾਲ ਚਲਾਉਣੀ ਨਹੀਂ ਆਉਂਦੀ, ਜਾਂ ਆਪ ਸੱਟ ਖਾ ਬਹਿੰਦਾ ਜਾਂ ਕਿਸੇ ਹੋਰ ਨੂੰ ਜ਼ਖ਼ਮੀ ਕਰ ਦਿੰਦਾ ਹੈ। ਕੰਪਿਊਟਰ ਦੇ ਪ੍ਰੋਗਰਾਮਰਾਂ ਨੇ ਸਮੂਹਿਕ ਤੌਰ ’ਤੇ ਕਿਸੇ ਵਿਸ਼ੇ ਨੂੰ ਸਮਝ ਕਿ ਜਾਂ ਘੋਖ ਕੇ ਪ੍ਰੋਗਰਾਮ ਤਿਆਰ ਕੀਤਾ ਹੁੰਦਾ ਹੈ, ਉਸ ਨੂੰ ਜਦੋਂ ਕੋਈ ਇਕੱਲਾ ਬੰਦਾ ਵਰਤਦਾ ਹੈ ਤਾਂ ਉਹ ਪ੍ਰੋਗਰਾਮਰਾਂ ਦੇ ਸਮੂਹ ਦੀ ਅਕਲ ਵਰਤ ਰਿਹਾ ਹੁੰਦਾ ਹੈ। ਕੰਪਿਊਟਰ ਦੀ ਆਪਣੀ ਕੋਈ ਅਕਲ ਨਹੀਂ ਹੁੰਦੀ। ਕੰਪਿਊਟਰ ਦੇ ਇਹ ਪ੍ਰੋਗਰਾਮ ਸਮੇਂ ਨਾਲ ਸੁਧਾਰ ਦਿੱਤੇ ਜਾਂਦੇ ਹਨ ਜਾਂ ਉਹਨਾਂ ’ਚ ਲੋੜ ਅਨੁਸਾਰ ਵਾਧਾ-ਘਾਟਾ ਕੀਤਾ ਜਾਂਦਾ ਹੈ। ਇਸ ਪ੍ਰੀਕ੍ਰਿਆ ਦਾ ਸਾਫ ਤੇ ਸਪੱਸ਼ਟ ਕਾਰਨ ਮਨੁੱਖ ਦੀ ਸੋਚ ਵਿਚ ਵਾਧਾ ਹੋਣਾ ਹੈ। 1990 ਤੋਂ ਪਹਿਲਾਂ ਹੀ ਕੰਪਿਊਟਰ ਤੇ ਪੰਜਾਬੀ ਵਿਚ ਕੰਮ ਕਰਨ ਦੀ ਲੋੜ ਪੈਣੀ ਸ਼ੁਰੂ ਹੋ ਗਈ ਸੀ। ਉਸ ਸਮੇਂ ਅਖ਼ਬਾਰਾਂ ਜਾਂ ਹੋਰ ਲੋਕਾਂ ਨੂੰ ਪੰਜਾਬੀ ਫੌਂਟ 90-90 ਹਜ਼ਾਰ ਦੀ ਮਿਲਦੀ ਰਹੀ। ਪੰਜਾਬੋਂ ਬਾਹਰ ਦੀਆਂ ਕੰਪਨੀਆਂ ਨੇ ਬਹੁਤੇ ਪੈਸੇ ਕਮਾਏ। 1990 ਵਿਚ ਮੈਨੂੰ ਯਾਦ ਹੈ, ਮੈਂ ਵੀ ਪੰਜਾਬੀ ਫੌਂਟ 21 ਹਜ਼ਾਰ ਦੀ ਖਰੀਦੀ ਸੀ। 1992 ਵਿਚ ਮੈਂ ਖੁਦ ਪੰਜਾਬੀ ਦਾ ਫੌਂਟ ਬਣਾ ਕੇ ਬਿਨਾਂ ਕਿਸੇ ਸਕਿਓਰਟੀ ਦੇ ਲੋਕਾਂ ਨੂੰ ਵੰਡਣੀ ਸ਼ੁਰੂ ਕਰ ਦਿੱਤੀ ਸੀ। ਇਸੇ ਸਮੇਂ ਦੌਰਾਨ ਹੀ ਕੁਝ ਹੋਰ ਲੋਕ ਜਿਨ੍ਹਾਂ ਵਿਚ ਡਾ. ਥਿੰਦ ਯੂ.ਐਸ.ਏ. ਵਾਲਿਆਂ ਦਾ ਕੰਮ ਸਲਾਹੁਣਯੋਗ ਹੈ। ਕਿਉਂਕਿ ਉਹਨਾਂ ਦਾ ਜ਼ਿਆਦਾ ਰੁਝਾਨ ਗੁਰਬਾਣੀ ਪੜ੍ਹਨ ਵੱਲ ਸੀ ਇਸੇ ਲਈ ਉਹਨਾਂ ਵੱਲੋਂ

ਬਣਾਈਆਂ ਸੁੰਦਰ ਫੌਂਟਸ ਨੂੰ ਛਾਪੇ ਖਾਨੇ ਦੀਆਂ ਜ਼ਰੂਰਤਾਂ ਅਨੁਸਾਰ ਨਹੀਂ ਸੀ ਵਰਤਿਆ ਜਾ ਸਕਦਾ। ਸਾਰੇ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਸਤਲੁਜ ਅਤੇ ਰਣਜੀਤ ਪਾਸਵਰਡ ਵਾਲੀ ਫੌਂਟ ਚਲਦੀ ਸੀ ਅਤੇ ਮਕਬੂਲ ਸੀ। ਇਸ ਦਾ ਕੀ ਬੋਰਡ ਸਾਡੀ ਪੁਰਾਣੀ ਰਮਿੰਗਟਨ ਟਾਈਪ ਮਸ਼ੀਨ ਅਨੁਸਾਰ ਸੀ। ਜਿੰਨੇ ਵੀ ਪੰਜਾਬੀ ਦੇ ਟਾਈਪਿਸਟ ਸਕੂਲ ਚਾਹੇ ਉਹ ਪ੍ਰਾਈਵੇਟ ਸਨ ਜਾਂ ਭਾਸ਼ਾ ਵਿਭਾਗ ਦੁਆਰਾ ਚਲਾਏ ਜਾਂਦੇ ਸਨ। ਉੱਥੇ ਰਮਿੰਗਟਨ ਕੀ ਬੋਰਡ ਦੁਆਰਾ ਹੀ ਪੰਜਾਬੀ ਸਿਖਾਈ ਜਾਂਦੀ ਸੀ। ਇਸੇ ਤਰ੍ਹਾਂ ਪੰਜਾਬ ਦੇ ਹਜ਼ਾਰਾਂ ਸਰਕਾਰੀ ਦਫਤਰਾਂ ਵਿਚ ਅਤੇ ਸੈਂਕੜੇ ਪ੍ਰਾਈਵੇਟ ਦਫਤਰਾਂ ਵਿਚ ਰਮਿੰਗਟਨ ਕੀ ਬੋਰਡ ਤੇ ਸਿੱਖੇ ਹੋਏ ਲੱਖਾਂ ਲੋਕ ਪੰਜਾਬੀ ਟਾਈਪ ਦਾ ਕੰਮ ਕਰਦੇ ਸਨ। ਇਸ ਲਈ ਮੇਰੇ ਮਨ ਵਿਚ ਆਈ ਕਿ ਕਿਉਂ ਨਾ ਸਤਲੁਜ ਵਰਗੀ ਫੌਂਟ ਬਣਾ ਕੇ ਉਸ ਨੂੰ ਬਿਨਾਂ ਕਿਸੇ ਪਾਸਵਰਡ ਦੇ ਜਾਰੀ ਕਰਕੇ ਇਹਨਾਂ ਲੱਖਾਂ ਲੋਕਾਂ ਨੂੰ ਟਾਈਪਰਾਈਟਰਾਂ ਤੋਂ ਕੰਪਿਊਟਰਾਂ ਉਤੇ ਤਰੱਕੀਯੋਗ ਬਣਾ ਦਿੱਤਾ ਜਾਵੇ। ਕਿਉਂਕਿ ਮੈਨੂੰ ਅੰਦਾਜ਼ਾ ਸੀ ਕੇ ਆਉਣ ਵਾਲੇ ਸਮੇਂ ਵਿਚ ਕੰਪਿਊਟਰ ਨੇ ਇਹਨਾਂ ਟਾਈਪਰਾਈਟਰਾਂ ਦੀ ਥਾਂ ਲੈ ਲੈਣੀ ਹੈ। ਇਹਨਾਂ ਅੱਧਖੜ ਟਾਈਪਿਸਟਾਂ ਨੂੰ ਨਵਾਂ ਕੀ ਬੋਰਡ ਸਿਖਾਉਣਾ ਬੜਾ ਔਖਾ ਹੋਵੇਗਾ। ਇਸ ਦਾ ਸਭ ਤੋਂ ਵੱਡਾ ਤਰਕ ਕਿਯੂ, ਡਬਲਿਯੂ, ਈ, ਆਰ ਤੋਂ ਮਿਲਿਆ ਕਿ ਜਦੋਂ ਕੰਪਿਊਟਰ ਦੇ ਖੋਜਕਾਰਾਂ ਨੇ ਟਾਈਪਰਾਈਟਰ ਨੂੰ ਕੰਪਿਊਟਰ ਵਿਚ ਤਬਦੀਲ ਕੀਤਾ ਤਾਂ ਉਹਨਾ ਦੇ ਮਨ ਵਿਚ ਵੀ ਆਇਆ ਸੀ ਕਿਉਂ ਨਾ ਇਸ ਕੰਪਿਊਟਰ ਦੇ ਕੀ ਬੋਰਡ ਨੂੰ ਸਿੱਧਾ ਏ, ਬੀ, ਸੀ, ਡੀ ਬਣਾ ਦਿੱਤਾ ਜਾਵੇ। ਪਰ ਉਹਨਾਂ ਟੈਕਨੀਕਲ ਇਕੱਤਰਤਾ ਵਿਚ ਇਹ ਫੈਸਲਾ ਲਿਆ ਗਿਆ ਕੇ ਜੇਕਰ ਅਸੀਂ ਇਹਨਾਂ ਸਿੱਖੇ ਹੋਏ ਹਜ਼ਾਰਾਂ-ਲੱਖਾਂ ਲੋਕਾਂ ਨੂੰ ਕੰਪਿਊਟਰ ਦੇ ਨਵੇਂ ਅਤੇ ਸਿੱਧੇ ਕੀ ਬੋਰਡ ਤੇ ਤਬਦੀਲ ਕਰ ਦਿੱਤਾ ਤਾਂ ਇਹਨਾਂ ਨੇ ਸੁਭਾਅ ਅਨੁਸਾਰ ਇਹ ਜਿੰਨੀ ਤੇਜ਼ੀ ਨਾਲ ਟਾਈਪ ਕਰਦੇ ਹਨ, ਉਹ ਸਪੀਡ ਬਹੁਤ ਘੱਟ ਜਾਵੇਗੀ ਅਤੇ ਗਲਤੀਆਂ ਵੀ ਵਧ ਜਾਣਗੀਆਂ, ਹੋ ਸਕਦਾ ਹੈ ਇਹ ਲੋਕ ਮਾਨਸਿਕ ਤੌਰ ਤੇ ਵੀ ਪ੍ਰੇਸ਼ਾਨ ਹੋ ਜਾਣ। ਇਸ ਤਰ੍ਹਾਂ ਇਸ ਸਮਾਜਿਕ ਤੇ ਮਾਨਸਿਕ ਉਥਲ ਪੁਥਲ ਤੋਂ ਬਚਣ ਲਈ ਉਸ ਕਮੇਟੀ ਨੇ ਇਹੀ ਫੈਸਲਾ ਕੀਤਾ ਕਿ ਅੰਗਰੇਜ਼ੀ ਦੇ ਟਾਈਪਰਾਇਟਰ ਵਾਲਾ ਕੀ ਬੋਰਡ ਕੰਪਿਊਟਰ ਤੇ ਰੱਖ ਲਿਆ ਜਾਵੇ। ਮੇਰੇ ਖਿਆਲ ਵਿਚ ਵੀ ਪੰਜਾਬੀ ਲਈ ਇਹੋ ਜਿਹੀ ਹੀ

ਗੱਲ ਸੀ। ਹੋ ਸਕਦਾ ਹੈ ਕਿ ਮੈਂ ਗਲਤ ਹੋਵਾਂ। ਪਰ ਇਸ ਦੇ ਚੰਗੇ ਨਤੀਜੇ ਨਿਕਲੇ ਅਤੇ ਪੰਜਾਬੀ ਦੇ ਛਾਪੇ ਖਾਨਿਆਂ ਅਤੇ ਡੀਜ਼ਾਈਨਰਾਂ ਨੇ ਮੇਰੀ ਫੌਂਟ ਸਮੇਤ 250 ਫੌਂਟ ਜੋ ਹੋਰਨਾਂ ਲੋਕਾਂ ਵੱਲੋਂ ਵੀ ਤਿਆਰ ਕੀਤੀਆਂ ਗਈਆਂ ਸਨ ਨੂੰ ਆਪਣੇ ਕਿੱਤੇ ਦਾ ਹਿੱਸਾ ਬਣਾ ਲਿਆ। ਇਹ ਤਾਂ ਸੀ ਇਕ ਲੋੜ ਦੀ ਗੱਲ, ਸਮੇਂ ਦੇ ਬੀਤਣ ਨਾਲ ਪੰਜਾਬੀ ਵਿਚ ਕੰਪਿਊਟਰ ਦੇ ਖੋਜੀਆਂ ਨੇ ਬਹੁਤ ਮੱਲਾਂ ਮਾਰੀਆਂ ਹਨ। ਫੌਂਟਸ ਦਾ ਏਕੀਕਰਨ ਪੰਜਾਬੀ ਸਪੈਲ ਚੈੱਕ, ਪੰਜਾਬੀ ਓ.ਸੀ.ਆਰ., ਪੰਜਾਬੀ ਕਰਮ ਅੰਕ ਪ੍ਰੋਗਰਾਮ, ਪੰਜਾਬੀ ਡੈਟਾ ਬੇਸ, ਪੰਜਾਬੀ ਲਿੱਪੀਅੰਤਰ ਪੰਜਾਬੀ ਅੱਖਰ ਬੋਧ, ਪੰਜਾਬੀ ਅੱਖਰ ਐਨੀਮੇਸ਼ਨ, ਪੰਜਾਬੀ ਬੋਲਚਾਲ ਆਦਿ ਆਦਿ ਦੇ ਸੈਂਕੜੇ ਪ੍ਰੋਗਰਾਮ ਬਣਾ ਲਏ ਹਨ। ਇਹ ਸਭ ਇਸੇ ਕਰਕੇ ਹੋਇਆ ਕੇ ਪੰਜਾਬੀ ਕੌਮ ਨੂੰ ਜਾਂ ਪੰਜਾਬੀਆਂ ਨੇ ਆਪਣੀ ਕੰਮ ਕਰਨ ਦੀ ਲੋੜ ਅਤੇ ਭਾਸ਼ਾ ਦੀ ਵਰਤੋਂ ਬਾਰੇ ਚਿੰਤਾ ਨਾਲ ਸੋਚਣਾ ਅਤੇ ਸਾਧਨ ਲੱਭਣੇ ਸ਼ੁਰੂ ਕਰ ਦਿੱਤੇ ਸਨ। ਕੰਪਿਊਟਰ ਤੋਂ ਹੋਰ ਕੰਮ ਲੈਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੀ ਸੋਚ ਤੇ ਸਮਝ ਨੂੰ ਨਿਖਾਰਦੇ ਜਾਈਏ। ਅੱਜ ਹਿੰਦੁਸਤਾਨ ਵਿਚ ਖੋਜ ਲਈ ਪੈਸਾ ਯੂਨੀਵਰਸਿਟੀਆਂ ਨੂੰ ਹੀ ਮਿਲਦਾ ਹੈ, ਚਾਹੇ ਉਹ ਪੰਜਾਬੀ ਯੂਨੀਵਰਸਿਟੀ ਜਾਂ ਖੇਤੀ ਬਾੜੀ ਯੂਨੀਵਰਸਿਟੀ ਜਾਂ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੋਵੇ। ਹਿੰਦੁਸਤਾਨ ਦੀ ਕਿਸੇ ਵੀ ਸੰਸਥਾ ਵੱਲੋਂ ਉਹ ਲੋਕ ਜੋ ਯੂਨੀਵਰਸਿਟੀਆਂ ਤੋਂ ਬਾਹਰ ਖੋਜਾਂ ਕਰਦੇ ਹਨ ਜਾਂ ਉਹਨਾਂ ਕੋਲ ਨਵੇਂ-ਨਵੇਂ ਖਿਆਲ (ਆਈਡੀਏ) ਹਨ, ਉਹਨਾਂ ਨੂੰ ਪੈਸਾ ਨਹੀਂ ਦਿੱਤਾ ਜਾਂਦਾ।

ਕਿਸੇ ਹੱਦ ਤੱਕ ਯੂਨੀਵਰਸਿਟੀਆਂ ਵੀ ਪੰਜਾਬੀ ਦੇ ਵਿਕਾਸ ਵਿਚ ਖੋਜ ਕਰਦੇ ਲੋਕਾਂ ਲਈ ਅੜਿਚਨ ਬਣਦੀਆਂ ਹਨ। ਜਿਵੇਂ ਪੰਜਾਬੀ ਯੂਨੀਵਰਸਿਟੀ ਦੀ ਉਦਾਹਰਣ ਲੈ ਲਈਏ ਕੇ ਲੋਕਾਂ ਕੋਲੋਂ ਟੈਕਸਾਂ ਰਾਹੀਂ ਉਗਰਾਹ ਕੇ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਪੰਜਾਬੀ ਉਤੇ ਖੋਜ ਕਰਨ ਲਈ ਪੈਸਾ ਦਿੱਤਾ ਜਾਂਦਾ ਹੈ। ਇਸੇ ਪੈਸੇ ਨਾਲ ਜੇ ਜ਼ਿਆਦਾ ਉਦਾਹਰਣਾਂ ਨਾ ਵੀ ਦੇਈਏ ਤਾਂ ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ-ਉਰਦੂ ਕਨਵਰਟਰ ਬਣਾਇਆ, ਜੋ ਉਹ ਕੀਮਤ ਰੱਖ ਕੇ ਵੇਚ ਰਹੀ ਹੈ। ਘੱਟੋ ਘੱਟ ਇਸ ਪ੍ਰੋਗਰਾਮ ਨੂੰ ਯੂਨੀਵਰਸਿਟੀ ਲੋਕਾਂ ਲਈ ਫਰੀ ਕਰ ਦੇਵੇ ਤਾਂ ਪੰਜਾਬੀ ਤੇ ਸ਼ਾਹਮੁਖੀ ਵਿਚ ਪੰਜਾਬੀ ਸਾਹਿਤ ਦਾ ਅਤੇ ਪੰਜਾਬੀ ਭਾਸ਼ਾ ਦਾ ਵਿਕਾਸ ਬਹੁਤ ਵਧ ਸਕਦਾ ਹੈ। ਇਸੇ ਨਾਲ ਹੀ

ਯੂਨੀਵਰਸਿਟੀਆਂ ਹੋਰਨਾਂ ਲੋਕਾਂ ਤੋਂ ਜੋ ਕੰਪਿਊਟਰ ਤੇ ਪੰਜਾਬੀ ਲਈ ਪ੍ਰੋਗਰਾਮ ਵਿਕਸਤ ਕਰ ਰਹੇ ਹਨ, ਉਹਨਾਂ ਨਾਲ ਸੰਧੀ ਕਰਕੇ ਚੰਗੇ ਪ੍ਰੋਗਰਾਮ ਮੁਫਤ ਜਾਰੀ ਕਰ ਸਕਦੀਆਂ ਹਨ, ਇਸ ਵਿਚਾਰਧਾਰਾ ਉਤੇ ਅਗਰ ਗੌਰ ਕੀਤਾ ਜਾਵੇ ਤਾਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਹੁਤ ਕਾਰਗਰ ਕਦਮ ਸਿੱਧ ਹੋਵੇਗਾ।

ਇਸ ਲੇਖ ਦੀ ਆਖਰੀ ਗੱਲ ਪਰ ਅਸਲੋਂ ਆਖਰੀ ਨਹੀਂ ਕੇ ਜਿਸ ਭਾਸ਼ਾ ਕੋਲ ਆਪਣੀ ਵਿਕਸਤ ਕੀਤੀ ਲਿਪੀ ਹੋਵੇ, ਸਦੀਆਂ ਪੁਰਾਣੇ ਵਿਦਵਤਾ ਭਰੇ ਗ੍ਰੰਥ ਹੋਣ, ਸਾਹਿਤ ਦੀਆਂ ਰਮਜ਼ਾਂ ਭਰੀਆਂ ਰਚਨਾਵਾਂ ਦੇ ਅਥਾਹ ਭੰਡਾਰ ਹੋਣ, ਸਾਰੀ ਦੁਨੀਆਂ ਵਿਚ ਪੰਜਾਬੀ ਕੌਮ ਦੇ ਬੰਦੇ ਆਪਣਾ ਡੰਕਾ ਵਜਾ ਰਹੇ ਹੋਣ, ਮਾਈਕਰੋ ਸਾਫਟ, ਅਡੋਬ, ਕੋਰਲ ਵਰਗੀਆਂ ਵੱਡੀਆਂ ਕੰਪਨੀਆਂ ਵਿਚ ਮੂਲ ਪ੍ਰੋਗਰਾਮਰ ਪੰਜਾਬੀ ਹੋਣ। ਪੰਜਾਬੀਆਂ ਦੀਆਂ ਇਸ ਵਕਤ ਹਜ਼ਾਰਾਂ ਕੰਪਿਊਟਰ ਦੇ ਸੋਫਟਵੇਅਰ ਅਤੇ ਹਾਰਡ ਵੇਅਰ ਦੀਆਂ ਕੰਪਨੀਆਂ ਹਨ। ਸਭ ਤੋਂ ਵੱਡੀ ਗੱਲ ਜਿਹੜੀ ਕੌਮ ਆਪਣੀਆਂ ਭਾਸ਼ਾਈ ਲੋੜਾਂ ਪ੍ਰਤੀ ਸੁਚੇਤ ਹੋ ਚੁੱਕੀ ਹੋਵੇ ਉਸ ਨੂੰ ਅਜੋਕਾ ਕੀ, ਆਉਣ ਵਾਲੇ ਯੁੱਗ ਦਾ ਕੰਪਿਊਟਰ ਵੀ ਮਾਰ ਨਹੀਂ ਸਕਦਾ, ਸਗੋਂ ਵਿਕਸਤ ਹੀ ਕਰੇਗਾ।

ਜੀਵੇ ਪੰਜਾਬ, ਪੰਜਾਬੀ, ਪੰਜਾਬੀਅਤ।

***

# ਨੈਸ਼ਨਲ ਸ਼ੂ ਪਾਰਟੀ

ਚੋਣਾਂ ਹੋਣ ਤੇ ਲੋਕ ਮਸਲਿਆਂ ਤੋਂ ਬਚਣ ਦੀ ਤਰਕੀਬ ਨਾ ਹੋਵੇ, ਹੋ ਨਹੀਂ ਸਕਦਾ, ਹਰ ਪਾਰਟੀ ਨੂੰ ਲੋਕਾਂ ਦੇ ਮਸਲੇ ਖੂਹ ਖਾਤੇ 'ਚ ਸੁੱਟਣ ਲਈ ਕਿਸੇ ਨਵੇਂ ਅਡੰਬਰ ਦੀ ਲੋੜ ਹੁੰਦੀ ਹੈ। ਟੀ.ਵੀ. ਮੀਡੀਏ ਨੂੰ ਖਾਸ ਕਰਕੇ, ਕਿਸੇ ਗਰਮਾ ਗਰਮ, ਚਟਕਾ ਚਟਕ ਮਸਾਲੇ ਦੀ ਲੋੜ ਹੁੰਦੀ ਹੈ। ਇਹੋ ਜਿਹੇ ਮੌਕੇ ਪੈਰੋਂ ਖਿਸਕ ਕਿ ਕਿਸੇ ਮੇਜ਼ ਤੇ ਡਿੱਗੀ ਜੁੱਤੀ, ਰੱਬੋਂ ਮਿਲੀ ਰਹਿਮਤ ਤੋਂ ਘੱਟ ਨਹੀਂ ਹੁੰਦੀ। ਜੁੱਤੀ ਕੀ ਉੱਛਲੀ, ਟੀ.ਵੀ. ਸਕਰੀਨਾਂ ਦੇ ਮੂੰਹ ਚਮਕ ਉੱਠੇ। ਕਮੈਂਟੇਟਰਾਂ ਦੇ ਗਲੇ ਉੱਚੀ ਬੋਲ ਬੋਲ ਬਹਿ ਗਏ। ਸਭ ਨੂੰ ਮੌਜ ਲਗ ਗਈ। ਚੋਣਾਂ ਦੇ ਅਸਲੀ ਮਸਲੇ, ਲੋਕਾਂ ਦੀਆਂ ਨਿੱਤ ਦਿਨ ਦੀਆਂ ਤਕਲੀਫਾਂ ਤੇ ਲੋੜਾਂ ਦੀਆਂ ਗੱਲਾਂ ਦਾ ਭੋਗ ਪੈ ਗਿਆ। ਊਂਠ ਦੀ ਸਰੀ ਹਵਾ ਵਾਂਗ ਸਭ ਕੁਝ ਉੱਤੋਂ ਉੱਤੋਂ ਦੀ ਲੰਘ ਗਿਆ। ਹੇਠਾਂ ਰਹਿ ਗਈ ਸਿਰਫ ਤੇ ਸਿਰਫ ਬਦਬੂਦਾਰ ਲਿੱਦ ਵਾਂਗ ਲੋਕ ਸਧਰਾਂ ਦੀ ਪਟਾਰੀ।

ਇੰਜ ਕਈ ਲੋਕ ਹੁਸ਼ਿਆਰ ਵੀ ਹੋ ਗਏ। ਉਹਨਾਂ ਨੂੰ ਲੱਗਾ ਕਿ ਸੱਚਮੁੱਚ ਛਿੱਤਰ ਚਲਾ ਕਿ ਸਵੇਰੇ ਸਵੇਰੇ ਸੁਰਖੀਆਂ ਵਿਚ ਸਣੇ ਫੋਟੋ ਆਇਆ ਜਾ ਸਕਦਾ ਹੈ। ਜਿਸਦੀ ਗੱਲ ਸੱਥ ਵਿਚ ਬੈਠੇ ਸਾਥੀ ਵੀ ਨਾ ਸੁਣਦੇ ਹੋਣ ਉਹ ਉਹਨਾਂ ਲਈ ਹੀਰੋ ਬਣ ਕਿ ਮੁੜਦਾ ਹੈ, ਇਹ ਗੱਲ ਵੱਖਰੀ ਹੈ ਕਿ ਸੁੱਜੇ ਪੁੜਿਆਂ ਨੂੰ ਸੇਕ ਆਪੇ ਹੀ ਦੇਣਾ ਪੈਂਦਾ ਹੈ। ਦੋ ਚਾਰ ਛਿੱਤਰ ਮੀਜ਼ਾਇਲ ਚੱਲਣ ਤੋਂ ਬਾਅਦ, ਇਹ ਵੀ ਬੇਅਸਰ ਹੋਣੇ ਸ਼ੁਰੂ ਹੋ ਗਏ ਹਨ। ਇਸ ਵਿਚ ਰਾਜਨੀਤਕ ਲੋਕਾਂ ਦਾ ਬੇਸ਼ਰਮ ਹੋਕੇ ਸਹਿਣਾ ਤੇ ਮਾਫ ਕਰਨ ਦੀ ਮਜ਼ਬੂਰੀ ਅਤੇ ਟੀ.ਵੀ. ਵੱਲੋਂ ਛਿੱਤਰ ਮੀਜ਼ਾਇਲ ਵਿਚ ਘਟੀ ਰੁੱਚੀ ਵੀ ਸ਼ਾਮਿਲ ਹੈ।

ਵੈਸੇ ਇਹ ਇਕ ਐਸਾ ਹਥਿਆਰ ਹੈ ਜੋ ਹੋਰ ਖੋਜ ਦੀ ਮੰਗ ਕਰਦਾ ਹੈ। ਇਸ ਲਈ ਨਾ ਮਹਿੰਗੇ ਤੇਲ ਦੀ ਲੋੜ ਹੈ, ਨਾ ਹੀ ਖਤਰਨਾਕ ਪ੍ਰਮਾਣੂ ਬੰਬ ਬਨਾਉਣ ਵਾਲੇ ਯੁਰੇਨੀਅਮ ਦੀ। ਇਸਨੂੰ ਰਾਕਟ ਲਾਂਚਰ ਵੀ ਨਹੀਂ ਚਾਹੀਦਾ। ਹੈਂਡ ਗਰਨੇਡ ਵਾਂਗ ਪਿੰਨ ਵੀ ਨਹੀਂ ਕੱਢਣਾ ਪੈਂਦਾ। ਕਿਤੇ ਵੀ ਅਸਾਨੀ ਨਾਲ ਬਿੰਨਾਂ ਚੈਕਿੰਗ ਦੇ ਲਿਜਾਇਆ ਜਾ ਸਕਦਾ ਹੈ। ਇਸਦੀ ਕੀਮਤ ਕੋਈ ਵੀ ਹੋ ਸਕਦੀ ਹੈ। ਪੁਰਾਣੇ ਖਰਾਬ ਹੋਏ ਫਟੇ ਪੁਰਾਣੇ ਛਿੱਤਰ ਵੀ ਵਧੀਆ ਕਾਰਗੁਜ਼ਾਰੀ ਦਿਖਾ ਸਕਦੇ ਹਨ।

ਪਰ ਇਹ ਸਭ ਕਰੇ ਕੌਣ? ਬੜਾ ਹੀ ਅਸਾਨ ਤਰੀਕਾ ਹੈ। ਇਕ 'ਨੈਸ਼ਨਲ ਸ਼ੂ ਪਾਰਟੀ' ਬਨਣੀ ਚਾਹੀਦੀ ਹੈ। ਜੋ ਸਭ ਤੋਂ ਪਹਿਲੋਂ ਖੋਜ ਕਰਕੇ ਇਹ ਨਿਰਧਾਰਤ ਕਰੇ ਕਿ ਕੌਣ ਕੌਣ 'ਜੁੱਤੀਆਂ ਖਾਣ' ਦੇ ਕਾਬਿਲ ਹੈ। ਇਹ ਨੇਤਾ, ਭ੍ਰਿਸ਼ਟ ਅਫਸਰ, ਜਖੀਰੇਬਾਜ਼, ਕਬਜ਼ਾਧਾਰੀ, ਚਿੱਟ-ਕੱਪੜੀਏ ਗੁੰਡੇ ਜਾਂ ਚੋਰ ਖੋਜੀ ਵੀ ਹੋ ਸਕਦੇ ਹਨ। ਇੰਨ੍ਹਾਂ ਦੀਆਂ ਜ਼ਿਲ੍ਹੇਵਾਰ ਲਿਸਟਾਂ ਬਣਾ ਕਿ ਜੁੱਤੀਆਂ ਦੀ ਕੁਲ ਲਾਗਤ ਦਾ ਬਜਟ ਬਣਾਇਆ ਜਾਵੇ। ਫੇਰ ਲੋਕਾਂ ਤੋਂ 'ਕੈਸ਼ ਜਾਂ ਕਾਇੰਡ' ਦੇ ਆਧਾਰ ਤੇ ਢਾਲ ਇਕੱਠੀ ਕੀਤੀ ਜਾਵੇ। ਇਸ ਸਭ ਕਾਸੇ ਨਾਲ ਚੋਣਾਂ ਲੜ ਕਿ ਮੈਂਬਰ ਬਣਾਏ ਜਾਣ, ਜੋ ਆਪਣੀਆਂ ਇੰਨ੍ਹਾਂ ਮੰਗਾਂ ਨੂੰ ਬਕਾਇਦਾ ਪਾਸ ਕਰਾਉਣ ਤੋਂ ਬਾਅਦ ਸਿਰਫ 'ਪਾਰਟੀ ਨਿਸ਼ਾਨ' ਲੱਗੀ ਜੁੱਤੀ ਦੇ ਮਿਜ਼ਾਇਲ ਦਾਗਣ।

ਹੋ ਸਕਦਾ ਹੈ ਕੁਝ ਸਮੇਂ ਬਾਅਦ ਇਹ ਪਾਰਟੀ ਖੁਦ ਵੀ ਇਸੇ ਵਰਤਾਰੇ ਦੀ ਹੱਕਦਾਰ ਹੋ ਜਾਵੇ। ਫੇਰ ਵੀ, ਕੰਧਾਂ ਤੇ ਲੱਗੇ ਪੋਸਟਰ ਵੇਖ ਲੋਕ ਕਹਿੰਦੇ ਤਾਂ ਰਹਿਣਗੇ ਹੀ: ਨੈਸ਼ਨਲ ਸ਼ੂ ਪਾਰਟੀ- ਜਿੰਦਾਬਾਦ/ਮੁਰਦਾਬਾਦ

ਜਿੰਦਾਬਾਦ, ਜਿੰਦਾਬਾਦ, ਮੁਰਦਾਬਾਦ, ਮੁਰਦਾਬਾਦ

***

# ਸਵਰਗ ਦੀ ਸੈਰ

'ਭਾਜੀ ਛੱਡੋ ਇਹਨਾਂ ਨੂੰ, ਜਾਣ ਦਿਓ ਜਿੱਥੇ ਜਾਂਦੇ ਆ, ਆਪਾਂ ਚਲੀਏ ਕਿਸੇ ਪਿੰਡ' ਰਣਜੋਧ ਨੇ ਮੇਰੇ ਦਿਲ ਦੀ ਗੱਲ ਕਹਿ ਦਿੱਤੀ। ਅਸੀਂ ਸੱਤ ਜਾਣੇ ਲੇਹ ਲਦਾਖ ਦੀ ਫੋਟੋਗ੍ਰਾਫੀ ਕਰਨ, ਇਕ ਹਫਤੇ ਲਈ ਉੱਥੇ ਗਏ ਸੀ। ਸਾਡੇ ਇੱਕ ਮਿੱਤਰ ਨੰਦਰਾ ਨੂੰ ਮਾਡਲ ਫੋਟੋਗ੍ਰਾਫੀ ਕਰਨ ਦਾ ਜਿਆਦਾ ਸ਼ੌਂਕ ਸੀ। ਉਸਦੀ ਤਮੰਨਾ ਸੀ ਕਿ ਪਹਾੜਾਂ ਦੀ ਪਿਛੋਕੜ ਲੈ ਕੇ ਸੁੰਦਰ ਮਾਡਲ ਦੀ ਸੁੰਦਰਤਾ ਹੋਰ ਵਧਾਈ ਜਾਵੇ। ਸੰਧੂ ਤੇ ਮਨਧੀਰ ਵੀ ਲੱਗਭਗ ਇਹਨਾਂ ਹੀ ਖਿਆਲਾਂ ਦੇ ਸਨ। ਪਰ ਮੈਂ, ਰਣਜੋਧ, ਸੱਗੂ ਤੇ ਏ.ਪੀ. ਕੁਦਰਤੀ ਨਜ਼ਾਰਿਆਂ ਨੂੰ ਹੀ ਕੈਦ ਕਰਨਾ ਚਾਹੁੰਦੇ ਸੀ। ਫੇਰ ਸਾਰੇ ਜਾਣੇ ਇਕ ਕਾਰ ਵਿਚ ਆ ਵੀ ਨਹੀਂ ਸਕਦੇ ਸਨ। ਆਖਿਰ ਮਤਾ ਇਹੋ ਪਕਾਇਆ ਕਿ ਆਪੋ ਆਪਣੇ ਦਿਲ ਦੀ ਗੱਲ ਮੰਨੀ ਜਾਵੇ। ਨੰਦਰਾ, ਸੰਧੂ ਤੇ ਮਨਧੀਰ ਹੁਰਾਂ ਨੇ ਇਕ ਟੈਕਸੀ ਕਰ ਲਈ ਤੇ ਆਪਣੇ ਮਿਸ਼ਨ ਤੇ ਨਿੱਕਲ ਗਏ। ਬਾਕੀ ਅਸੀਂ ਚਾਰੋ ਜਣੇ ਲੇਹ ਦੇ ਬਾਜ਼ਾਰ ਵਿੱਚੋਂ, ਰੱਜ ਕਿ ਖਾਧੇ ਹੋਏ ਪਰੌਂਠਿਆਂ ਦੇ ਸਹਾਰੇ ਤੁਰਦੇ ਤੁਰਦੇ ਬੱਸ ਅੱਡੇ ਕੋਲ ਪਹੁੰਚ ਗਏ। ਇੱਥੇ ਤਰ੍ਹਾਂ-ਤਰ੍ਹਾਂ ਦੇ ਪਹਾੜੀ ਲੋਕ ਵਣਜ ਵਪਾਰ ਕਰ ਰਹੇ ਸਨ। ਆਪੋ ਆਪਣੀ ਸਮਝ ਮੁਤਾਬਿਕ ਅਸੀਂ ਫੋਟੋਆਂ ਖਿੱਚਦੇ ਰਹੇ। ਤਕਰੀਬਨ ਘੰਟੇ ਕੁ ਬਾਅਦ ਇੱਕ ਲੋਕਲ ਬੱਸ ਵਿਚ ਜਾ ਬੈਠੇ। ਕੰਡਕਟਰ ਕੋਲੋਂ ਪੁੱਛ ਕਿ ਬਸ ਦੇ ਆਖਰੀ ਸਟਾਪ (ਪਿੰਡ) ਦੀ ਟਿੱਕਟ ਲੈ ਲਈ, ਸ਼ਾਇਦ 20 ਰੁਪਏ ਲੱਗੇ। ਪਹਾੜਾਂ ਦੇ ਹਰ ਮੋੜ ਤੇ ਛੱਤਰੀਆਂ ਲਈ ਖੜ੍ਹੀਆਂ ਸਵਾਰੀਆਂ ਨੂੰ ਬਸ ਆਪਣੇ ਉੱਤੇ ਲੱਦਦੀ ਰਹੀ। ਤਾਕੀ ਵਿਚ ਦੀ ਅਸੀਂ ਚਾਰੋ ਆਪਣੇ ਕੈਮਰਿਆਂ ਦੇ ਬਟਨ ਨੱਪਦੇ ਰਹੇ। ਕੁਝ ਅਨੰਦਮਈ ਦਿਖਣਾ ਤਾਂ ਇੱਕ ਦੂਜੇ ਨੂੰ ਝੱਟ ਦਸ ਦੇਣਾ। ਸਵਾਰੀਆਂ ਲਈ ਅਸੀਂ ਇਕ ਸਰਕਸ ਵਾਂਗ ਸਾਂ। ਜਿਵੇਂ ਸਰਕਸ ਦੇ ਚਾਰ ਜਾਨਵਰ ਹੱਥਾਂ ਵਿਚ ਕੈਮਰੇ ਫੜ ਕਿ ਫੋਟੋਆਂ ਖਿਚਵਾਉਣ ਦੀ ਜਗ੍ਹਾਂ ਫੋਟੋਆਂ ਖਿੱਚਣ ਲੱਗ ਪੈਣ। ਕਦੇ-ਕਦੇ ਕੋਈ ਸਾਡੇ ਵੱਲ ਵੇਖ ਕਿ ਮੁਸਕਾਨ ਵੀ ਦੇ ਦੇਂਦਾ ਸੀ। ਕਈ ਤਾਂ ਬਿਨ੍ਹਾਂ ਕੈਮਰੇ ਤੋਂ ਫੋਟੋ ਖਿੱਚਣ ਵੀ ਲੱਗ ਪਏ ਸਨ। ਫੋਟੋ ਖਿੱਚਣ ਤੋਂ ਪਹਿਲੋਂ ਫੋਟੋ ਲੱਭਣੀ ਪੈਂਦੀ ਹੈ। ਇਸ ਸੱਚ ਨੂੰ ਅਚੇਤ ਹੀ ਉਹ ਸਮਝ ਗਏ ਸਨ ਤੇ ਇੰਜ ਸਾਨੂੰ ਵੀ ਉਹ ਫੋਟੋਆਂ ਲਭ ਕਿ ਦੇਣ ਲੱਗ ਪਏ ਸਨ।

ਕਦੋਂ ਅਸੀਂ ਇਕ ਇਹੋ ਜਿਹੇ ਪਿੰਡ ਦੇ ਸਿਖਰ ’ਤੇ ਪਹੁੰਚ ਗਏ, ਜਿੱਥੇ ਜਾ ਸਾਰੀ ਬੱਸ ਖਾਲੀ ਹੋ ਗਈ, ਸਾਨੂੰ ਪਤਾ ਹੀ ਨਾ ਲੱਗਾ। ਸਵੇਰ ਦਾ ਖ਼ੂਬਸੂਰਤ ਮੌਸਮ, ਸਾਫ਼ ਗੂੜਾ ਨੀਲਾ ਅਸਮਾਨ, ਖੱਟੇ ਪੀਲੇ ਝੂਮਦੇ ਪਾਪੂਲਰ ਦੇ ਰੁੱਖ, ਲਹਿਲਹਿਲਾਉਂਦੀਆਂ ਗੂੜੀਆਂ ਹਰੀਆਂ ਫਸਲਾਂ, ਧੂੜ ਰਹਿਤ ਪਹਾੜ ਤੇ ਲੋਕਾਂ ਦੇ ਸੇਬ ਜਿਹੇ ਲਾਲ ਚਿਹਰੇ, ਮਿੱਟੀ ਨਾਲ ਲਿੱਪੇ ਸਾਫ ਸੁਥਰੇ ਘਰ, ਛੱਤਾਂ ਤੇ ਪਈਆਂ ਪੱਕੀ ਫਸਲ ਦੀਆਂ ਭਰੀਆਂ। ਕਿਸੇ ਫੋਟੋਗਰਾਫਰ ਲਈ ਇਹੀ ਤਾਂ ਸਵਰਗ ਦੀ ਹਕੀਕਤ ਹੈ।

ਕੈਮਰੇ ਦੀ ਕਲਿਕ ਕਲਿਕ ਵਿਚ ਅਸੀਂ ਇਕ ਦੂਜੇ ਤੋਂ ਦੂਰ–ਦੂਰ ਚਲੇ ਗਏ। ਹੌਲੀ–ਹੌਲੀ ਕਾਇਨਾਤ ਸਾਡੇ ਅੰਦਰ ਸਮਾਉਣ ਲੱਗ ਪਈ ਤੇ ਸਾਡੇ ਕੈਮਰੇ ਮੱਠੇ ਪੈਣੇ ਸ਼ੁਰੂ ਹੋ ਗਏ। ਸਾਥੀਆਂ ਦਾ ਖਿਆਲ ਆਉਣ ਲੱਗਾ। ਪੈਰ ਹੋਰ ਤੁਰਨੋਂ ਝਿਜਕ ਰਹੇ ਸਨ। ਰਣਜੋਧ ਨੇ ਮੈਨੂੰ ਦੇਖ ਲਿਆ ਸੀ ਤੇ ਸੱਗੂ, ਏ ਪੀ. ਨੂੰ ਲੱਭ ਚੁੱਕਾ ਸੀ। ਚਾਰੋ ਜਣੇ ਅਸੀਂ ਇਕ ਖ਼ਾਲ ’ਤੇ ’ਕੱਠੇ ਬੈਠ ਗਏ। ਕਿਸੇ ਚਸ਼ਮੇ ਦਾ ਠੰਡਾ ਸਾਫ਼ ਪਾਣੀ ਚੱਲ ਰਿਹਾ ਸੀ। ਰੱਜ–ਰੱਜ ਕਿ ਪੀਤਾ। ਕੈਮਰੇ ਵੀ ਸਾਥੋਂ ਅੱਕ ਚੁੱਕੇ ਸਨ ਤੇ ਅਸੀਂ ਵੀ ਸਵਰਗ ਦਾ ਝੂਟਾ ਲੈ ਚੁੱਕੇ ਸਾਂ। ਹੋਟਲ ਦੇ ਕਮਰੇ ਵਿੱਚ ਜਦੋਂ ਸਾਨੂੰ ਸਾਡੇ ਬਾਕੀ ਸਾਥੀ ਰੋਟੀ ਵਾਸਤੇ ਸੱਦਣ ਆਏ ਤਾਂ ਸਾਨੂੰ ਬਿਲਕੁਲ ਯਾਦ ਨਹੀਂ ਸੀ ਕਿ ਕਦੋਂ ਵਾਪਸੀ ਬਸ ਚੜ੍ਹੇ ਤੇ ਅੱਡੇ ਤੋਂ ਕਿੱਦਾਂ ਹੋਟਲ ਪਹੁੰਚੇ ਤੇ ਸਾਡੇ ਕਿਸ ਕੋਲ ਕਮਰੇ ਦੀ ਚਾਬੀ ਸੀ। ਬਸ ਯਾਦ ਸੀ ਤਾਂ ਇਕ ਸਵਰਗ ਦਾ ਅਨੰਦਮਈ ਝੂਟਾ। ਜੋ ਅੱਜ ਵੀ ਯਾਦ ਆਕੇ ਨਸ਼ਿਆ ਦੇਂਦਾ ਹੈ।

***

# ਤਖਾਣ ਦਾ ਕੁੱਤਾ

ਤਖਾਣ ਦੀ ਗੱਲ ਕਰਨੀ ਹੋਵੇ ਤਾਂ ਤਖਾਣ ਦੇ ਤੇਸੇ, ਤਖਾਣ ਦੀ ਆਰੀ ਜਾਂ ਤਖਾਣ ਦੇ ਅੱਡੇ ਨਾਲ ਕਰਨੀ ਬਣਦੀ ਹੈ। ਪਰ ਤਖਾਣ ਦੇ ਕੁੱਤੇ ਨਾਲ ਗੱਲ ਜ਼ਰਾ ਅਜੀਬ ਲੱਗੇਗੀ, ਇਸ ਦੇ ਵਿਸਥਾਰ ਵਿਚ ਜਾਕੇ ਇਹਨਾਂ ਦੇ ਅਟੁੱਟ ਰਿਸ਼ਤੇ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ। ਧਰਤੀ ਤੇ ਕਾਨੂੰਨ ਕਹਿੰਦੇ ਹਨ ਕਿ ਜਾਤ-ਪਾਤ ਤੇ ਅਧਾਰਤ ਗੱਲ ਨਹੀਂ ਕਰਨੀ ਚਾਹੀਦੀ। ਕਿਸੇ ਨੂੰ ਉੱਚਾ ਜਾਂ ਨੀਵਾਂ ਦਿਖਾਉਣਾ ਸਜ਼ਾ ਯੋਗ ਜ਼ੁਰਮ ਹੈ। ਪਰ ਇਸ ਸਭ ਕਾਸੇ ਦੇ ਬਾਵਜੂਦ, ਖਲਕਤ ਜਾਤਾਂ ਨਾਲ ਧੁਰ ਅੰਦਰ ਤੱਕ ਜੁੜੀ ਹੋਈ ਹੈ। ਕੋਈ ਜ਼ਾਤ ਦਿਖਾ ਕੇ ਆਪਣਾ ਨੀਵਾਂ ਪਨ ਜ਼ਾਹਿਰ ਕਰਦਾ ਹੈ ਤੇ ਕੋਈ ਆਪਣੀ ਜਾਤ ਲੁਕੋ ਕਿ ਨੀਵੀਂ ਸੋਚ ਦਾ ਪ੍ਰਗਟਾਵਾ ਕਰਦਾ ਹੈ। ਅਸੀਂ ਚਾਹੁੰਦੇ ਹੋਏ ਵੀ ਸੱਚ ਨਾ ਬੋਲਣ ਲਈ ਮਜ਼ਬੂਰ ਹਾਂ। ਲੋਕ ਵਿਖਾਵੇ ਜਾਂ ਕਲਪਨਿਕ ਚੌਧਰ ਖਾਤਰ ਅਸੀਂ, ਜਾਤਾਂ ਦੇ ਮਾਣ-ਸਨਮਾਨ ਲਈ ਇਕ ਦੂਜੇ ਨਾਲ ਲੜਦੇ ਝਗੜਦੇ ਹਾਂ। ਜਾਤਾਂ ਨੂੰ ਅਸੀਂ ਕਿੱਤਿਆਂ ਨਾਲ ਵੀ ਜੋੜ ਕੇ ਰੱਖਦੇ ਹਾਂ, ਜਾਂ ਇਓ ਕਹਿ ਲਵੋ ਕਿ ਕਿੱਤਿਆਂ ਦੇ ਪਲਾਟ ਅਸੀਂ ਜਾਤਾਂ ਦੇ ਨਾਮ ਕੀਤੇ ਹੋਏ ਹਨ। ਇਕ ਮਰਹੂਮ ਕਵੀ ਹਮਰਾਹੀ ਹੋਇਆ ਹੈ। ਉਹ ਆਪਣੇ ਬਾਰੇ ਲਿਖਦਾ ਹੈ ਕਿ, ''ਭਾਵੇਂ ਮੈਂ ਤਖਾਣ ਹਾਂ, ਪਰ ਮੈਂ ਕਿੱਲ ਸਿੱਧੀ ਨਹੀਂ ਠੋਕ ਸਕਦਾ, ਲੇਕਿਨ ਬੰਦਾ ਸਿੱਧਾ ਗੱਡ ਸਕਦਾ ਹਾਂ। '' ਅਸਲ ਵਿਚ ਅਸੀਂ ਸਾਰੇ ਕਰ ਹੀ ਇਹ ਕੰਮ ਰਹੇ ਹਾਂ ਅਸੀਂ ਬੰਦੇ ਹੀ ਤਾਂ ਕਿੱਲਾਂ ਵਾਂਗ ਠੋਕ ਰਹੇ ਹਾਂ। ਤਰੀਕਾ ਆਪੋ ਆਪਣਾ ਹੈ। ਆਮ ਧਾਰਨਾ ਹੈ ਕਿ ਤਖਾਣ ਵਧੀਆ ਕਵੀ ਹੁੰਦੇ ਹਨ। ਉਹਨਾਂ ਵਿਚ ਲੈਅ ਸੁਰ ਬੱਧ ਹੁੰਦੀ ਹੈ। ਇਹ ਕਿੱਥੋਂ ਤੱਕ ਜਾਂ ਕਿਹੜੇ ਯੁੱਗ ਤੱਕ ਸੀਮਤ ਗੱਲ ਹੈ ਇਸ ਬਾਰੇ ਤਾਂ ਮੈਂ ਗਰੰਟੀ ਨਹੀਂ ਦੇ ਸਕਦਾ ਪਰ ਇੰਨਾਂ ਜਰੂਰ ਜਾਣਦਾ ਹਾਂ ਕਿ ਸਾਡੇ ਸਮਿਆਂ ਵਿਚ ਇਹ ਸੱਚ ਵਰਗਾ ਹੀ ਸੱਚ ਹੈ। ਦੂਸਰੇ ਪਾਸੇ ਜੇ ਜੱਟਾਂ ਦੀ ਗੱਲ ਕਰੀਏ ਤਾਂ ਉਹ ਚੰਗੇ ਕਥਾਕਾਰ ਹੁੰਦੇ ਹਨ। ਸ਼ਾਇਦ ਖੇਤਾਂ ਵਿਚ ਹਲ ਵਾਹੁੰਦੇ ਲੰਮੇ ਲੰਮੇ ਨਾ ਮੁੱਕਣ ਵਾਲੇ ਸਿਆੜਾਂ ਵਾਂਗ, ਉਹ ਵੀ ਲੰਮੀ ਗੱਲ ਕਰਨ ਦੇ ਆਦੀ ਹੋ ਗਏ ਹੋਣ। ਇਹ ਵੀ ਇਕ ਧਾਰਨਾ ਹੀ ਹੈ ਕਿ ਜੱਟ ਗੁੱਸੇ ਖੋਰ ਤੇ ਸ਼ਰੀਕੇਬਾਜ ਰੱਜ ਕਿ ਹੁੰਦਾ ਹੈ। ਇਹ ਗੁਣ ਉਸ ਵਿੱਚ ਕਿੱਥੋਂ ਆ ਗਏ, ਇਸ ਲਈ ਖੋਜ ਵਾਸਤੇ ਸ਼ਾਇਦ ਇੱਕ ਵੱਖਰੀ ਯੂਨੀਵਰਸਿਟੀ ਦੀ ਲੋੜ

ਪਵੇ। ਜੱਟ ਦੀ ਇੱਕ ਹੋਰ ਆਦਤ ਹੈ। ਉਹ ਦੂਸਰੀਆਂ ਜਾਤਾਂ ਕੋਲੋਂ ਕੰਮ ਕਰਵਾਏਗਾ ਮਚਲਾ ਹੋਕੇ ਤੇ ਆਲੇ ਦੁਆਲੇ ਦੇਖ ਕਿ ਬਾਅਦ ਵਿਚ ਜਾਤ ਉਤੇ ਟਕੋਰ ਵੀ ਲਾਏਗਾ। ਹੋ ਸਕਦਾ ਹੈ ਸਾਰੇ ਜੱਟ ਇਹੋ ਜਿਹੇ ਨਾ ਹੋਣ। ਪਰ ਮੈਂ ਜਿੰਨਿਆਂ ਕੁ ਨੂੰ ਜਾਣਦਾ ਹਾਂ ਉਹਨਾਂ ਵਿਚੋਂ ਬਹੁਤੇ ਇੰਝ ਹੀ ਕਰਦੇ ਹਨ। ਇਹ ਵੀ ਹੋ ਸਕਦਾ ਹੈ ਕਿ ਮੇਰੀ ਜਾਣਕਾਰੀ ਵਾਲੇ ਹੀ ਏਦਾਂ ਦੇ ਹੋਣ ਤੇ ਬਾਕੀ ਸਾਰੇ ਠੀਕ ਹੀ ਹੋਣ। ਜੱਟ ਦੀ ਸਭ ਤੋਂ ਪਸੰਦੀਦਾ ਜਾਤਾਂ ਦੀ ਤੁਲਨਾ ਜਾਨਵਰਾਂ ਨਾਲ ਕੀਤੀ ਹੁੰਦੀ ਹੈ। ਕੁੱਤਾ ਵੀ ਉਹਨਾਂ ਵਿੱਚੋਂ ਇੱਕ ਹੈ।

ਸਮਾਂ ਬਦਲ ਰਿਹਾ ਹੈ ਤੇ ਸਮੇਂ ਦੇ ਸਾਰੋਕਾਰ ਵੀ ਬਦਲ ਰਹੇ ਹਨ। ਸਭ ਲੋਕ (ਹਰ ਜਾਤ ਦੇ) ਸੁਚੇਤ ਹੋ ਰਹੇ ਹਨ। ਨਾ ਕੋਈ ਕਿਸੇ ਤੋਂ ਊਣਾ ਰਹਿਣਾ ਚਾਹੁੰਦਾ ਹੈ ਤੇ ਨਾ ਹੀ ਆਪਣੀ ਸਮਰਥਾ ਨੂੰ ਢਾਹ ਲੱਗਣ ਦੇਣਾ ਚਾਹੁੰਦਾ ਹੈ। ਇਸੇ ਵਿੱਚ ਨਵੇਂ ਟਕਰਾਅ ਉਭਰ ਰਹੇ ਹਨ। ਸਦੀਆਂ ਦੇ ਹੈਂਕੜ ਤੇ ਅਧੀਨਗੀ, ਮੁਕਾਬਲੇ ਤੇ ਆਣ ਖੜ੍ਹੀ ਹੋਈ ਹੈ। ਸੰਸਥਾਵਾਂ ਦਾ ਖੁੰਭਾਂ ਵਾਂਗ ਉੱਗਣਾ ਤੇ ਪਾਰਟੀਆਂ ਦਾ ਹੋਂਦ ਵਿਚ ਆਉਣਾ, ਨਵੇਂ ਸਮੀਕਰਣ ਪੈਦਾ ਕਰ ਰਿਹਾ ਹੈ। ਹਰ ਜਾਤ ਦੇ ਲੋਕ ਇਹਨਾਂ ਵਿੱਚ ਆਕੇ ਚੌਧਰ ਲੈਣਾ ਚਾਹੁੰਦੇ ਹਨ। ਇਹੀ ਕਾਰਣ ਹੈ, ਸ਼ਬਦੀ ਜੰਗ ਤੇਜ਼ ਹੋ ਰਹੀ ਹੈ। ਖਾਸ ਕਰ ਸੰਸਥਾਵਾਂ ਦੀਆਂ ਚੋਣਾਂ ਦੌਰਾਨ। ਹਰ ਤਰ੍ਹਾਂ ਦੇ ਹਥਕੰਡੇ ਵਰਤੇ ਜਾਂਦੇ ਹਨ। ਜਾਤ-ਪਾਤ ਦਾ ਪੱਤਾ ਖੇਡਣਾ ਆਮ ਗੱਲ ਹੋ ਗਈ ਹੈ। ਇਕ ਸੰਸਥਾ ਵਿੱਚ ਮੈਨੂੰ ਇਸਦਾ ਪ੍ਰਤੱਖ ਰੂਪ ਦਿਖਿਆ ਜਦੋਂ ਇੱਕ ਹੈਂਕੜਬਾਜ਼, ਦੂਸਰੀ ਜਾਤ ਦੇ ਚੌਧਰੀ ਬਨਣ ਜਾ ਰਿਹੇ ਬੰਦੇ ਦੇ ਨਾਲ ਵਾਰ ਵਾਰ ਕੁੱਤਾ ਸ਼ਬਦ ਜੋੜ ਕਿ ਉਸਦੀ ਜਾਤ ਨੂੰ ਨੀਵਾਂ ਦਿਖਾ ਰਿਹਾ ਸੀ। ਸਬੱਬ ਹੀ ਉਹ ਚੌਧਰੀ ਬਣ ਗਿਆ ਤੇ ਹੈਂਕੜਬਾਜ਼ ਛੋਟਾ ਚੌਧਰੀ। ਜਦੋਂ ਮੀਟਿੰਗ ਸ਼ੁਰੂ ਹੋਈ ਤਾਂ ਛੋਟਾ ਚੌਧਰੀ, ਵੱਡੇ ਚੌਧਰੀ ਦੀਆਂ ਸਿਫਤਾਂ ਦੇ ਪੁੱਲ ਬੰਨ੍ਹਣ ਲੱਗ ਪਿਆ। ਉਸਦੀ ਹਰ ਹਾਂ 'ਚ ਹਾਂ ਮਿਲਾਉਣ ਲੱਗ ਪਿਆ। ਆਪਣੇ ਆਪ ਨੂੰ ਉਸਦੇ ਹੀ ਗੁੱਟ ਦਾ ਸਾਬਤ ਕਰਨ ਲਗ ਪਿਆ। ਮੇਰੇ ਨਾਲ ਦੇ ਇਕ ਸਾਥੀ ਨੇ ਮੇਰੇ ਕੰਨ ਕੋਲ ਹੋਕੇ ਕਿਹਾ,''ਦੇਖ ਯਾਰ ਪਹਿਲੋਂ ਬਾਹਰ ਇਹ ਕਿਵੇਂ ਜਾਤ ਤੋਂ ਪਹਿਲਾਂ ਕੁੱਤਾ ਕਹਿੰਦਾ ਸੀ ਤੇ ਹੁਣ ਕਿਵੇਂ ਇਹ ਇਸੇ ਦਾ ਕੁੱਤਾ ਬਣ ਕਿ ਦਿਖਾ ਰਿਹਾ ਹੈ। '' ਜਵਾਬ ਦੇਣ ਲਈ ਮੇਰੇ ਕੋਲ ਕੁੱਝ ਨਹੀਂ ਸੀ।

***

# ਆਪੋ ਆਪਣਾ ਟੂੱਲ

ਬਹੁਤ ਸਾਲ ਪਹਿਲੋਂ ਜਦੋਂ ਇਹ ਸ਼ਬਦ ਸੁਣਿਆ ਸੀ ਤਾਂ ਉਦੋਂ ਮੈਂ ਹਾਲੇ ਕਾਲਜ ਵਿੱਚ ਨਵਾਂ ਨਵਾਂ ਦਾਖਲ ਹੋਇਆ ਸੀ। ਮੇਰੇ ਇੱਕ ਜਮਾਤੀ ਨੇ ਦੂਸਰੇ ਨੂੰ ਕਿਹਾ ਸੀ, 'ਕਿਉਂ ਐਵੇਂ ਟੂੱਲ ਲਾਈ ਜਾਨਾ'। ਮੈਨੂੰ ਆਲੇ ਦੁਆਲੇ ਕੋਈ ਮੁੰਡਾ 'ਗੁੱਲੀ ਡੰਡਾ' ਖੇਲਦਾ ਨਜ਼ਰੀ ਨਹੀਂ ਪਿਆ ਸੀ ਤੇ ਨਾ ਹੀ ਉਸ ਜਮਾਤੀ ਕੋਲ 'ਡੰਡਾ ਜਾਂ ਗੁੱਲੀ' ਸੀ।

ਜਿਸ ਦਿਨ ਮੈਨੂੰ ਇਹ ਗੱਲ ਸਮਝ ਲੱਗੀ, ਉਸ ਦਿਨ ਤੋਂ ਬਾਅਦ ਇਸ ਦੇ ਬਹੁ ਪਰਤੀ ਮਤਲਬ ਰੋਜ਼ ਹੀ ਸਮਝ ਆਉਂਦੇ ਗਏ। ਥਾਂ ਥਾਂ ਲੱਗਦੇ 'ਟੂੱਲ' ਦਿਸਣ ਲੱਗ ਪਏ ਤੇ ਲੱਗੇ ਹੋਏ 'ਟੂੱਲਾਂ' ਦੀਆਂ ਸੱਟਾਂ ਰਿੱਸਦੀਆਂ ਮਹਿਸੂਸ ਹੋਣ ਲੱਗ ਪਈਆਂ। ਕਈ ਵਾਰੀ ਕਿਸੇ ਦਾ ਲੱਗਾ 'ਟੂੱਲ' ਉਸਨੂੰ ਫਰਸ਼ੋਂ, ਅਰਸ਼ ਤੇ ਪਹੁੰਚਾ ਦੇਂਦਾ ਹੈ ਤੇ ਫੇਰ ਕਿਸੇ ਹੋਰ ਦੇ 'ਟੂੱਲ' ਨਾਲ ਉਹ ਕਿਸੇ ਥਾਂ ਜੋਗਾ ਨਾ ਰਹਿੰਦਾ। ਕਈ ਵਾਰੀ ਕਈ ਲੋਕ ਵੱਗਦੀ ਗੰਗਾ ਵਿੱਚੋਂ ਵੀ 'ਟੂੱਲ' ਲਾ ਜਾਂਦੇ ਹਨ। ਲੜਾਈ ਕਿਸੇ ਹੋਰ ਦੀ ਹੁੰਦੀ ਹੈ, ਸਮਝੌਤੇ ਦੀ ਆੜ ਹੇਠ ਮਾਂਜਾ ਦੋਨਾਂ ਧਿਰਾਂ ਨੂੰ ਫੇਰ ਜਾਂਦੇ ਹਨ। ਜਿਵੇਂ ਸਾਡੇ ਇੱਕ ਜਾਣਕਾਰ ਦੇ ਨਿਪਾਲੀ ਡਰਾਈਵਰ ਦੀ ਹਾਦਸੇ ਵਿਚ ਮੌਤ ਹੋ ਗਈ। ਉਸਨੇ ਇਨਸਾਨੀਅਤ ਦੇ ਨਾਤੇ 7 ਲੱਖ ਉਸਦੀ ਪਤਨੀ ਨੂੰ ਦੇਣ ਦਾ ਵਿਚਾਰ ਬਣਾ ਲਿਆ। ਪਰ ਵਿਚੇ ਹੀ ਘੜਮ ਚੌਧਰੀ ਆ ਵੜੇ, 'ਅਖੇ ਸਾਡੇ ਨਾਲ ਸਮਝੌਤਾ ਕਰੋ'। ਉਹ ਡਰ ਗਿਆ, ਪਰ ਫੇਰ ਵੀ ਵਫਾਦਾਰ ਕਿਰਤੀ ਖਾਤਰ ਮੰਨ ਗਿਆ ਤੇ ਸਮਝੌਤੇ ਲਈ ਰਾਜ਼ੀ ਹੋ ਗਿਆ। ਘੜਮ ਚੌਧਰੀਆਂ ਨੇ 2 ਲੱਖ ਦੀ ਮੰਗ ਰੱਖ ਦਿੱਤੀ। ਜਾਣਕਾਰ ਬੜਾ ਹੈਰਾਨ ਹੋਇਆ। ਬਾਅਦ ਵਿਚ ਪਤਾ ਲੱਗਾ ਕਿ ਸਸਕਾਰ 'ਤੇ ਹੋਰ ਪ੍ਰਬੰਧਾਂ ਲਈ ਉਹ ਕਿਰਤੀ ਦੀ ਪਤਨੀ ਤੋਂ ਲੱਖ ਰੁਪਿਆ ਤਾਂ ਉਦੋਂ ਹੀ ਲੈ ਗਏ। ਬਾਕੀ ਪੈਸੇ ਵੀ ਉਸ ਔਰਤ ਨੂੰ ਮਿਲੇ ਕਿ ਨਹੀਂ, ਇਹ ਤਾਂ 'ਟੂੱਲ' ਲਾਉਣ ਵਾਲੇ ਹੀ ਜਾਨਣ। ਕਈ ਲੋਕ ਤਾਂ 'ਟੂੱਲ' ਲਾਉਣ ਲਈ ਹਮੇਸ਼ਾਂ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹਨ। ਸਮਾਜਿਕ ਉੱਥਲ ਪੁੱਥਲ ਹੋਵੇ ਜਾਂ ਲਾਟਰੀ ਸ਼ਾਟਰੀ ਨਿਕਲ ਆਵੇ, ਇਹ ਮੌਕੇ ਦੇ ਰੰਗ ਅਨੁਸਾਰ ਪਰਨੇ ਪਾਕੇ ਕਿਤੇ ਨਾ ਕਿਤੇ 'ਟੂੱਲ' ਲਾ ਹੀ ਲੈਂਦੇ ਹਨ।

ਜਿਵੇਂ ਅੱਜਕਲ੍ਹ ਚੋਣਾਂ ਦਾ ਸਮਾਂ ਹੈ। ਇਹੋ ਜਿਹੇ ਮੌਕੇ ਪੱਤਰਕਾਰਾਂ ਨੂੰ ਵੀ 'ਟੂੱਲ' ਲਗਾਉਣੇ ਅਨੁਕੂਲ ਲੱਗਦੇ ਹਨ। ਪੇਡ ਖਬਰਾਂ ਇਸੇ 'ਟੂੱਲ' ਦਾ ਭਾਗ ਹਨ। ਪਿਛਲੇ ਦਿਨੀਂ ਇੱਕ ਮਾਲਕੀ ਵਾਲੀ ਅਖਬਾਰ ਦੇ ਇੱਕ ਸਫੇ 'ਤੇ ਇੱਕੋ ਵਿਧਾਨ ਸਭਾ ਹਲਕੇ ਦੇ ਦੋ ਉਮੀਦਵਾਰਾਂ ਦੀ ਉੱਤੇ ਥੱਲੇ ਖਬਰ ਵੀ ਇੱਕੋ ਜਿਹੀ ਛਪੀ ਕਿ 'ਬਾਜ਼ੀ ਜਿੱਤ ਲਈ'। ਹੁਣ ਦੱਸੋ ਦੋ ਜਣਿਆਂ ਨੂੰ ਇੱਕ ਪੱਤਰਕਾਰ, ਇੱਕੋ ਸਮੇਂ ਇੱਕੋ ਥਾਂ ਤੋਂ ਕਿਵੇਂ ਜਿਤਾ ਸਕਦਾ ਹੈ। ਬਸ ਇੱਕੋ ਗੱਲ ਹੋ ਸਕਦੀ ਹੈ, ਉਸਦਾ ਦੋਵੇਂ ਉਮੀਦਵਾਰਾਂ 'ਤੇ 'ਟੂੱਲ' ਲਗ ਗਿਆ ਹੋਣਾ। ਸ਼ਾਇਦ ਇਸੇ ਲਈ 'ਪੀਲੀ ਪੱਤਰਕਾਰੀ' ਹੁਣ 'ਟੂੱਲ ਪੱਤਰਕਾਰੀ' ਦਾ ਨਾਮ ਲੈ ਲਵੇ। ਹੋਰ ਤਾਂ ਹੋਰ ਇੱਕ ਸੰਤ ਜੋ ਆਪਣੇ ਆਪ ਨੂੰ ਵਾਤਾਵਰਣ ਪ੍ਰੇਮੀ ਅਖਵਾਉਂਦਾ ਹੈ, ਆਪਣਾ ਹੀ 'ਟੂੱਲ' ਲਾਈ ਜਾ ਰਿਹਾ ਹੈ, 'ਅਖੇ ਸਾਰੇ ਉਮੀਦਵਾਰ ਵਾਤਾਵਰਣ ਦੀ ਸੰਭਾਲ ਲਈ ਸੌਂਹਾਂ ਖਾਣ'। ਉਸਨੂੰ ਇਹ ਨਹੀਂ ਪਤਾ ਕਿ ਇਹ ਝੂਠੀਆਂ ਸੌਂਹਾਂ ਖਾਣ ਦੇ ਆਦੀ ਸਿਆਸੀ ਲੋਕ ਸਿਰਫ ਇਸੇ ਲਈ ਫੋਟੋ ਖਿਚਵਾਉਂਦੇ ਹਨ ਤਾਂ ਕਿ ਬਾਬੇ ਦੇ ਬਹਾਨੇ ਉਹਨਾਂ ਦੀ ਫੋਟੋ ਅਖਬਾਰ ਵਿਚ ਛਪਣ ਦਾ 'ਟੂੱਲ' ਲਗ ਜਾਵੇ। ਜੇ ਗੱਲ ਨੂੰ ਅੱਗੇ ਤੋਰਨਾ ਹੋਵੇ ਤਾਂ ਸੈਂਕੜੇ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਮੈਨੂੰ ਲੱਗਦਾ ਹੈ ਕਿ ਮੇਰਾ ਏਨਾ ਕੁ 'ਟੂੱਲ' ਹੀ ਕਾਫੀ ਹੈ।

***

# ਆਫਟਰ ਇਫੈਕਟਸ

ਅੱਜ ਤੱਕ ਮੈਨੂੰ ਇਹ ਨਹੀਂ ਪਤਾ ਲੱਗ ਸਕਿਆ ਜਾਂ ਇਉਂ ਕਹਿ ਲਵੋ ਕਿ ਮੈਂ ਪਤਾ ਕਰਨ ਦੀ ਖਾਸ ਕੋਸ਼ਿਸ਼ ਵੀ ਨਹੀਂ ਕੀਤੀ ਕਿ ਭਾਸ਼ਾ ਵਿਭਾਗ ਦੀ ਪਿਛਲੀ ਸਲਾਹਕਾਰ ਕਮੇਟੀ ਦਾ ਮੈਨੂੰ ਕਿਉਂ ਤੇ ਕਿਸਨੇ ਮੈਂਬਰ ਬਣਾਇਆ। ਇਨਾਮ ਲੈਣੇ ਤੇ ਦੇਣੇ ਮੇਰੇ ਸੁਭਾਅ ਦਾ ਕੋਈ ਅਨਿੱਖੜਵਾਂ ਅੰਗ ਨਹੀਂ ਹੈ ਜਾਂ ਸੀ। ਫੇਰ ਵੀ 6 ਸਾਲ ਦੇ ਇਨਾਮਾਂ ਦੀ ਵੰਡ ਨੇ ਬੜੇ ਹੀ ਹੁਸੀਨ ਤੇ ਸਿਖਿਆਦਾਇਕ ਤਜ਼ਰਬੇ ਦਿੱਤੇ। ਇਨਾਮਾਂ ਦੇ ਚਾਹਵਾਨ ਤੇ ਇਨਾਮਾਂ ਤੋਂ ਭੱਜਦੇ ਹਰ ਕਿਸਮ ਦੇ ਲੋਕਾਂ/ਲੇਖਕਾਂ ਨਾਲ ਖੱਟੇ ਮਿੱਠੇ ਅਹਿਸਾਸ ਸਾਂਝੇ ਹੋਏ। ਕਈਆਂ ਨੇ ਮੈਨੂੰ ਬਹੁਤ ਵੱਡਾ ਮਿਹਰਬਾਨ ਬਣਾ ਦਿੱਤਾ ਤੇ ਮੇਰੀਆਂ ਪ੍ਰਾਪਤੀਆਂ ਦਾ ਲੰਮਾ ਚਿੱਠਾ ਸੁਣਾ ਕਿ ਮੈਨੂੰ ਵੀ ਦਸ ਦਿੱਤਾ ਕਿ ਮੈਂ ਕੋਈ 'ਚੀਜ਼' ਹਾਂ। ਕਈਆਂ ਨੇ ਮੇਰੇ ਯਾਰਾਂ/ਦੋਸਤਾਂ/ਵਾਕਫਕਾਰਾਂ ਦੇ ਮਨ ਤੇ ਬੋਝ ਪਾਕੇ ਮੇਰੇ 'ਅਹਿਸਾਨਮੰਦ ਹੋਵਾਂਗੇ' ਦਾ ਲੇਬਲ ਲਗਾ ਦਿੱਤਾ। ਲੈ ਦੇ ਕੇ 6 ਵਾਰੀ ਦੇ ਇਨਾਮਾਂ ਨੇ ਮੇਰੀ ਜਾਣਕਾਰੀ ਵਿਚ ਬਹੁਤ ਵਾਧਾ ਕੀਤਾ। ਇਹ ਇਨਾਮ ਕੌਣ ਲੈ ਗਿਆ ਤੇ ਕੌਣ ਰਹਿ ਗਿਆ, ਇਹ ਇਕ ਵੱਖਰਾ ਵਿਸ਼ਾ ਹੈ, ਤੇ ਇਸ ਵਿਚ 'ਕਿਉਂ' ਵੀ ਸ਼ਾਮਿਲ ਕਰਨਾ ਬਣਦਾ ਹੈ। ਖੈਰ ਸਮਾਂ ਬੀਤਣ ਨਾਲ ਸੁੱਖੀ ਸਾਂਦੀ ਮੈਂ ਫਾਰਗ ਹੋ ਗਿਆ। ਕਿਸੇ ਵੱਡੇ ਇਲਜ਼ਾਮ ਤੋਂ ਮੇਰਾ ਬਚਾਅ ਹੋ ਗਿਆ। ਮੈਂ ਫੇਰ ਆਮ ਮਨੁੱਖ ਬਣ ਗਿਆ। 'ਚੀਜ਼' ਹੋਣ ਦਾ ਲੇਬਲ ਰੱਫੂ ਚੱਕਰ ਹੋ ਗਿਆ।

ਇੱਕ ਦਿਨ ਮੇਰੇ ਇੱਕ ਦੋਸਤ ਦਾ ਜਲੰਧਰੋਂ ਫੋਨ ਆਇਆ। ਉਸ ਨੇ ਇੱਕ ਸੁਆਲ ਪੁੱਛਣ ਦੀ ਇੱਛਾ ਜਾਹਿਰ ਕੀਤੀ। ਮੈਂ ਕਿਹੜਾ ਕੋਈ ਮੰਤਰੀ ਸੀ ਕਿ ਮੇਰੇ ਕੋਲੋਂ ਕਿਸੇ ਨੂੰ ਔਖਾ ਸੁਆਲ ਪੁੱਛਣ ਤੇ ਪੁਲੀਸ ਦੀ ਕਰੋਪੀ ਸਹਿਣੀ ਪਵੇ ਸੋ ਆਖਿਆ 'ਪੁੱਛੋ'। ਉਸਦਾ ਸੁਆਲ ਸੀ,''ਬਾਈ ਇਹ ਦਸ, ਸਾਡੇ ਸ਼ਹਿਰ ਦੇ ਫਲਾਣੇ ਭੱਦਰ ਪੁਰਸ਼ ਦਾ 'ਇਨਾਮ ਕਮੇਟੀ' 'ਚ ਕਿਹਨ੍ਹੇ ਕਿਹਨ੍ਹੇ ਵਿਰੋਧ ਕੀਤਾ?''

ਮੈਂ ਯਾਦ ਕਰਨ ਦੀ ਕੋਸ਼ਿਸ਼ ਕਰਨ ਲੱਗ ਪਿਆ ਤੇ ਪੁੱਛਿਆ, 'ਕੀ ਗੱਲ ਹੋਈ'।

'ਹੋਣਾ ਕੀ ਵਿਚਾਰਾ ਬੜਾ ਪ੍ਰੇਸ਼ਾਨ ਹੈ। ਕਹਿੰਦਾ, 'ਮੈਂ ਕਿਸੇ ਨੂੰ ਕਦੇ ਮਾੜਾ ਨਹੀਂ ਕਿਹਾ, ਕਿਸੇ ਦੇ ਵਿਰੁੱਧ ਨਹੀਂ ਲਿਖਿਆ, ਕਿਸੇ ਗੁੱਟ ਦਾ ਪੱਖ ਨਹੀਂ ਪੂਰਿਆ, ਫੇਰ ਵੀ ਮੇਰੀ ਸਲਾਹਕਾਰ ਕਮੇਟੀ 'ਚ ਏਨੀ ਵਿਰੋਧਤਾ ਕਿਉਂ ਹੋਈ? ਉਹ ਬੜਾ ਹੀ ਪ੍ਰੇਸ਼ਾਨ ਹੈ। ਉਸਨੂੰ ਸਮਝ ਨਹੀਂ ਲਗ ਰਹੀ ਕਿ ਇਹਨਾਂ 31 ਬੰਦਿਆਂ 'ਚੋਂ ਉਹਦੇ ਕਿਹੜੇ ਵਿਰੋਧੀ ਹੋਣ ਦਾ ਸ਼ੌਂਕ ਪਾਲ ਰਹੇ ਹਨ। ''

ਮੈਨੂੰ ਜਦ ਤੱਕ ਯਾਦ ਆ ਗਿਆ ਤੇ ਉਸਨੂੰ ਕਿਹਾ,'ਯਾਰ ਵਿਰੋਧਤਾ ਤਾਂ ਹੁੰਦੀ ਜੇ ਉਸਦਾ ਨਾਮ ਕਿਸੇ ਪੇਸ਼ ਕੀਤਾ ਹੋਵੇ?'

ਮੇਰਾ ਦੋਸਤ ਹੈਰਾਨ ਰਹਿ ਗਿਆ। 'ਨਾਂ ਹੀ ਨਹੀਂ ਪੇਸ਼ ਹੋਇਆ ?'

'ਹਾਂ ਹਾਂ ਭਦਰ ਪੁਰਸ਼ ਦਾ ਤਾਂ ਨਾਮ ਹੀ ਨਹੀਂ ਕਿਸੇ ਪੇਸ਼ ਕੀਤਾ, ਵਿਰੋਧਤਾ ਕਿੱਥੋਂ ਹੋਣੀ ਸੀ?'

ਮੇਰਾ ਦੋਸਤ ਕੁਝ ਰਾਹਤ ਮਹਿਸੂਸ ਕਰ ਰਿਹਾ ਸੀ। ਖੈਰ ਗੱਲ ਆਈ ਗਈ ਹੋ ਗਈ।

ਥੋੜ੍ਹੇ ਦਿਨਾਂ ਬਾਅਦ ਹੀ ਸੰਗਰੂਰ ਦੇ ਇਕ ਗਰੀਬੜੇ ਲੇਖਕ ਦਾ ਫੋਨ ਆਇਆ, 'ਕਿਉਂ ਬਾਈ ਠੀਕ ਐਂ?' 'ਹਾਂ ਜੀ ਹਾਂ ਜੀ, ਬਿਲਕੁਲ'।

'ਮੈਂ ਤਾਂ ਕਈ ਦਿਨਾਂ ਦਾ ਪ੍ਰੇਸ਼ਾਨ ਹਾਂ'।

'ਕਿਉਂ ਕੀ ਹੋਇਆ?'

'ਮੈਨੂੰ ਤਾਂ ਅੱਜ ਸੁੱਤੇ ਨੂੰ 10 ਦਿਨ ਹੋ ਗਏ ਸਮਝ ਨਹੀਂ ਲੱਗਦੀ ਕੀ ਕਰਾਂ। '

ਮੈਂਨੂੰ ਲੱਗਿਆ, ਸ਼ਾਇਦ ਸ਼ੂਗਰ, ਬਲੱਡ ਪ੍ਰੈਸ਼ਰ ਜਾਂ ਹੋਰ ਕੋਈ ਛੋਟੀ ਮੋਟੀ ਬਿਮਾਰੀ ਨਾਲ ਪ੍ਰੇਸ਼ਾਨ ਹੋਵੇਗਾ ਜਾਂ ਫੇਰ ਘਰੇ ਲੜਾਈ ਝਗੜਾ ਜਾਂ ਤਕਰਾਰ ਹੋ ਗਿਆ ਹੋਵੇਗਾ।

'ਤੂੰ ਮੇਰੀ ਪ੍ਰੇਸ਼ਾਨੀ ਦੂਰ ਕਰ'।

ਮੈਨੂੰ ਲੱਗਾ ਕਿਤੇ ਇਹ ਮੈਨੂੰ ਡਾਕਟਰ ਤਾਂ ਨਹੀਂ ਸਮਝ ਰਿਹਾ, ਜਾਂ ਫੇਰ ਕਿਸੇ ਹਸਪਤਾਲ ਜਾਂ ਡਾਕਟਰ ਦਾ ਪਤਾ ਪੁੱਛੂ। ਮੈਂ ਡਰਦੇ ਡਰਦੇ ਕਿਹਾ,'ਹਾਂ ਜੀ ਦੱਸੋ, ਮੈਂ ਕੀ ਕਰ ਸਕਦਾਂ?'

'ਮੈਨੂੰ ਇਹ ਦੱਸੋ ਕਿ ਭਾਸ਼ਾ ਵਿਭਾਗ ਦੇ 'ਇਨਾਮੀ ਸਲਾਹਕਾਰ ਬੋਰਡ' ਵਿਚ ਮੇਰੀ ਵਿਰੋਧਤਾ ਕਿਸ ਕਿਸ ਨੇ ਕੀਤੀ ਤੇ ਕਿਉਂ ਹੋਈ ਏਨੀ ਜ਼ਿਆਦਾ

ਵਿਰੋਧਤਾ?

'ਤੁਹਾਡੀ ਵਿਰੋਧਤਾ? 'ਮੇਰਾ ਤਾਂ ਨੀ ਖਿਆਲ ਕਿ ਤੁਹਾਡਾ ਨਾਮ ਵੀ ਵਿਚਾਰਿਆ ਗਿਆ ਹੋਵੇ, ਜੇ ਮੈਨੂੰ ਯਾਦ ਹੈ ਤਾਂ। '

'ਇਹ ਕਿਵੇਂ ਹੋ ਸਕਦਾ? ਮੇਰੇ ਖਾਸ ਬੰਦੇ ਨੇ ਦੱਸਿਆ ਕਿ ਜਦੋਂ ਉਸਨੇ ਮੇਰਾ ਨਾਮ ਲਿਆ, ਕਈ ਜਣਿਆਂ ਨੇ ਕੱਠੇ ਹੋ ਮੇਰੀ ਸਖਤ ਵਿਰੋਧਤਾ ਕੀਤੀ। '

'ਇਹੋ ਜਿਹੀ ਤਾਂ ਕੋਈ ਗੱਲ ਨਹੀਂ ਹੋਈ ਉੱਥੇ, ਮੈਂ ਹੁਣ ਤਾਂ ਪੱਕੇ ਤੌਰ ਤੇ ਕਹਿ ਸਕਦਾ ਕਿ ਤੁਹਾਡਾ ਨਾਮ ਲਿਸਟ ਤੇ ਨਹੀਂ ਸੀ।

'ਅੱਛਾ ਅਜੀਬ ਗੱਲ ਹੈ, ਪਰ ਜਿਸ ਦੱਸਿਆ, ਉਹ ਤਾਂ ਬੜਾ ਦਾਨਾ ਪੁਰਸ਼ ਹੈ, ਵੱਡਾ ਲੇਖਕ ਹੈ, ਮੇਰਾ ਬੇਲੀ ਹੈ। ਚਲੋ ਜੇ ਤੁਸੀਂ ਕਹਿੰਦੇ ਹੋ ਤਾਂ ਇਹ ਮੇਰੇ ਲਈ ਸੁੱਖਦ ਗੱਲ ਹੈ। '

'ਇਹ ਕਿਹੜਾ ਦਾਨਾ ਪੁਰਸ਼ ਹੈ?' ਤੇ ਉਸਨੇ ਜਦੋਂ ਉਸ ਪੁਰਸ਼ ਦਾ ਨਾਮ ਲਿਆ ਤਾਂ ਮੇਰੇ ਕਪਾਟ ਖੁੱਲ ਗਏ। ਫੋਨ ਤੇ ਜਦੋਂ ਜਲੰਧਰੋਂ ਵੀ ਉਸੇ ਨਾਮ ਦੀ ਪੁਸ਼ਟੀ ਹੋ ਗਈ ਤਾਂ ਮੈਨੂੰ ਫੋਟੋਗ੍ਰਾਫੀ ਤੇ ਫਿਲਮਸਾਜ਼ੀ ਵਿਚ ਵਰਤੇ ਜਾਂਦੇ ਸਾਫਟਵੇਅਰ 'ਆਫਟਰ ਇਫੈਕਟਸ' ਦੀ ਯਾਦ ਆ ਗਈ। ਜਿਸ ਵਿਚ ਫੋਟੋ ਖਿੱਚਣ ਤੋਂ ਬਾਅਦ ਜਾਂ ਫਿਲਮਾਂ ਬਣਾਉਣ ਤੋਂ ਬਾਅਦ ਲੈਬ ਵਿਚ ਚਿੱਤਰਾਂ ਦੀ ਸੋਧ ਕੀਤੀ ਜਾਂਦੀ ਹੈ। ਨਵੇਂ ਸਮੇਂ ਨੂੰ ਪੁਰਾਣਾ ਤੇ ਰੰਗਾਂ ਨੂੰ ਨੀਲਾ ਜਾਂ ਪੀਲਾ ਬਦਲਿਆ ਜਾਂਦਾ ਹੈ ਜਿਸ ਨਾਲ ਪਰਦੇ ਤੇ ਜਦੋਂ ਫਿਲਮ ਚਲਦੀ ਹੈ ਤਾਂ ਲੋਕ ਬੜੇ ਅਨੰਦ ਨਾਲ ਦੇਖਦੇ ਹਨ। ਮੈਨੂੰ ਲੱਗਾ ਭਾਸ਼ਾ ਵਿਭਾਗ ਦੇ ਇਨਾਮਾਂ ਨਾਲ ਲੱਗੇ ਇਹ 'ਆਫਟਰ ਇਫੈਕਟ' ਨੇ ਮੇਰੇ ਮਨੋਰੰਜਨ ਵਿਚ ਚੋਖਾ ਵਾਧਾ ਕੀਤਾ ਹੈ। ਅਸਲ ਗੱਲ ਪਤਾ ਲਗੀ ਕੇ ਉਸ ਦਾਨੇ ਨੇ ਕਈਆਂ ਨਾਲ ਇਨਾਮ ਦਵਾਉਣ ਦਾ ਵਾਅਦਾ ਕਰ ਲਿਆ ਸੀ, ਪਰ ਕਮੇਟੀ ਵਿਚ ਕੰਮ ਨਹੀਂ ਕਰਾ ਸਕਿਆ, ਸੋ ਇਹ ਵਿਰੋਧਤਾ ਦਾ ਫਾਰਮੂਲਾ ਵਰਤ ਰਿਹਾ ਸੀ। ਮੇਰੀ ਜਾਣਕਾਰੀ ਵਿਚ ਵਾਧਾ ਕਰਨ ਲਈ ਮੈਂ ਉਸ ਦਾਨੇ ਪੁਰਸ਼ ਦਾ ਧੰਨਵਾਦੀ ਹਾਂ।

***

# ਰੱਬ ਦੀ ਬਖਸ਼ਿਸ਼

ਦੁਨੀਆਂ ਦੀ ਰੌਚਿਕਤਾ ਦਾ ਮੂਲ ਅੰਸ਼ ਇਸ ਗੱਲ ਵਿੱਚ ਪਿਆ ਹੈ ਕਿ ਇੱਥੇ ਇੱਕੋ ਹੀ ਪ੍ਰਾਣੀਜਾਤੀ ਵਿੱਚ ਵੱਖ ਵੱਖ ਕਿਸਮਾਂ ਜਾਂ ਸੁਭਾਅ ਹੁੰਦੇ ਹਨ। ਇਹ ਸੁਭਾਅ ਵੀ ਇੱਕ ਤੋਂ ਵੱਧ ਪ੍ਰਾਣੀਆਂ ਵਿੱਚ ਹੁੰਦਾ ਹੈ। ਜਿਵੇਂ ਮੱਝਾਂ ਗਾਵਾਂ ਦੀਆਂ ਕਿਸਮਾਂ ਅਨੁਸਾਰ ਉਹਨਾਂ ਦੇ ਗੁਣ-ਔਗੁਣ ਹੁੰਦੇ ਹਨ। ਸਾਲ ਕੁ ਪੁਰਾਣੀ ਗੱਲ ਹੈ। ਮੈਂ ਤੇ ਮੇਰਾ ਇੱਕ ਦੋਸਤ, ਸਰਦੀਆਂ ਦੀ ਸਵੇਰੇ ਨੂੰ ਆਪਣੀ ਕਾਰ ਵਿੱਚ ਕਿਤੇ ਜਾ ਰਹੇ ਸੀ। ਅਸੀਂ ਆਪਣਾ ਰਸਤਾ ਪਿੰਡਾਂ ਵਿੱਚ ਦੀ ਚੁਣਿਆ ਤਾਂ ਕਿ ਰਸਤੇ ਵਿੱਚ ਕੁਝ ਫੋਟੋਗ੍ਰਾਫੀ ਵੀ ਕਰ ਸਕੀਏ ਤੇ ਕੁਝ ਵਿਚਾਰ-ਵਟਾਂਦਰਾ ਵੀ ਮੁੱਖ ਸੜਕ ਦੀ ਤੜਕ-ਭੜਕ ਤੋਂ ਬਚ ਕੇ ਹੀ ਹੋ ਸਕੇਗਾ। ਅਸੀਂ ਕਈ ਵਿਸ਼ਿਆਂ ਤੇ ਗੱਲਬਾਤ ਕੀਤੀ। ਛੱਪੜਾਂ ਤੋਂ ਉਠਦੀ ਭਾਫ ਨੂੰ ਮਾਣਿਆ। ਚੜ੍ਹਦੇ ਸੂਰਜ ਦੀ ਬਦਲਦੀ ਲਾਲੀ ਬਾਰੇ ਗੱਲ ਕੀਤੀ। ਸੂਰਜ ਦੀ ਵਿਸ਼ਾਲਤਾ ਅੱਗੇ ਚੰਨ ਦੀ ਨਿਮਰਤਾ ਦੀ ਵਡਿਆਈ ਕੀਤੀ। ਕਣਕਾਂ ਨੂੰ ਢੱਕੀ ਹੋਈ ਤਰੇਲ ਦੇ ਲੋਪ ਹੋਣ ਦੇ ਸਮੇਂ ਦੀ ਚਿੰਤਾ ਕੀਤੀ। ਠੰਡ ਵਿੱਚ ਕੁੰਗੜੇ ਬੈਠੇ ਪੰਛੀਆਂ ਬਾਰੇ ਸੋਚਿਆ ਤੇ ਸ਼ਿਕਾਰ ਦੀ ਭਾਲ ਵਿੱਚ ਉੱਡੇ ਫਿਰਦੇ 'ਚਿੜੀ ਮਾਰ' ਨੂੰ ਫੜਫੜਾਉਂਦੇ ਦੇਖਿਆ। ਇੰਝ ਲੱਗ ਰਿਹਾ ਸੀ ਕੁਦਰਤ ਅਣਲਿਖੇ ਅਸੂਲਾਂ ਨੂੰ ਕਾਰਜ ਸ਼ੈਲੀ ਦੇ ਰਹੀ ਹੋਵੇ।

'ਬਾਈ ਜੀ ਇਹ ਦੱਸੋ, ਆਹ ਜਿਹੜੇ ਆਪਣੇ ਸ਼ਹਿਰ ਦੇ ਕਈ ਬੰਦੇ ਆ, ਇਹ ਕਿਹੋ ਜਿਹੇ ਹਨ? ਜਦੋਂ ਵੀ ਕੋਈ ਬਾਹਰੋਂ ਲੀਡਰ ਜਾਂ ਮਸ਼ਹੂਰ ਬੰਦਾ ਆਉਂਦਾ ਹੈ, ਇਹ ਮੂਹਰੇ ਹੋ ਹੋ ਕੇ ਫੋਟੋਆਂ ਖਿਚਵਾਉਂਦੇ ਆ। ਫੇਰ ਪੱਤਰਕਾਰਾਂ ਦੀ ਚਮਚੀ ਮਾਰ ਕੇ ਖਬਰ ਛਪਵਾਉਂਦੇ ਆ। ਇਹ ਸਭ ਕੁਝ ਕਾਹਤੋਂ ਕਰਦੇ ਆ ਤੇ ਕੀ ਮਿਲਦਾ ਇਹਨਾਂ ਨੂੰ?

ਮੇਰੇ ਮਿੱਤਰ ਨੇ ਕਾਰ ਚਲਾਉਂਦੇ ਹੋਏ ਸਵਾਲ ਕੱਢ ਮਾਰਿਆ।

"ਵੀਰ ਇਹ ਤਾਂ ਇਹਨਾਂ ਨੂੰ ਰੱਬ ਦੀ ਬਖਸ਼ਿਸ਼ ਆ"

'ਉਹ ਕਿਵੇਂ'- ਮੇਰਾ ਦੋਸਤ ਹੈਰਾਨ ਹੋ ਕੇ ਪੁੱਛਣ ਲੱਗਾ।

'ਦੇਖ ਆਪਾਂ ਪਿੰਡਾਂ ਵਿੱਚ ਦੀ ਆਏ ਆਂ। ਜਦ ਵੀ ਆਪਣੀ ਕਾਰ ਕਿਸੇ ਰੂੜੀ ਆਦਿ ਕੋਲੋਂ ਲੰਘੀ। ਪਿੰਡ ਦੇ ਕੁੱਤੇ ਆਪਣੇ ਨਾਲ ਦੌੜ ਪੈਂਦੇ ਸਨ। ਕੋਈ

ਪਹਿਲਾਂ ਤਿਆਰ ਹੁੰਦਾ ਦੌੜਨ ਲਈ ਤੇ ਕੋਈ ਮੌਕੇ ਤੇ। ਆਪਾਂ ਕਾਰ ਨੀਂ ਰੋਕੀ ਕਦੇ। ਉਹ ਆਪੋ-ਆਪਣੇ ਦਮ ਅਨੁਸਾਰ ਥੋੜਾ ਬਹੁਤਾ ਦੌੜ ਕੇ ਫਿਰ ਕਿਸੇ ਹੋਰ ਕਾਰ ਦਾ ਇੰਤਜ਼ਾਰ ਕਰਨ ਲੱਗ ਪੈਂਦੇ ਸਨ। ਇਹ ਹਰ ਪਿੰਡ ਵਿੱਚ ਹੁੰਦਾ। ਕੋਈ ਪਿੰਡੋਂ ਪਿੰਡ ਕੁੱਤਿਆਂ ਨੂੰ ਸਿਖਾਉਣ ਤਾਂ ਨੀਂ ਜਾਂਦਾ। ਇਹ ਸਭ ਰੱਬ ਦੀ ਬਖਸ਼ਿਸ਼ ਹੈ। ਇਹ ਇੱਕ ਕਸਰਤ ਹੈ ਜੋ ਇਹਨਾਂ ਨੂੰ ਕਾਇਮ ਰੱਖਦੀ ਹੈ। ਬੰਦੇ ਵੀ ਤਾਂ ਰੱਬ ਨੇ ਬਣਾਏ ਨੇ। ਬੰਦਿਆਂ ਨੂੰ ਵੀ ਕਸਰਤ ਦੀ ਲੋੜ ਹੈ। ਫੇਰ ਇਹ ਸਿਰਫ ਆਪਣੇ ਸ਼ਹਿਰ ਹੀ ਨਹੀਂ, ਹਰ ਸ਼ਹਿਰ ਗਰਾਂ ਇਹ ਮਿਲ ਜਾਣਗੇ, ਰੱਬ ਦੇ ਬਖਸ਼ੇ ਹੋਏ। '

'ਬਾਕੀ, ਤੂੰ ਹੁਣ ਸਿਆਣਾ ਹੈਂ ਆਪੇ ਸਮਝ ਲੈ।

***

# ਭੁੱਖੇ ਮਾਰਤੇ ਚੋਣ ਕਮਿਸ਼ਨ ਨੇ

ਚੋਣਾਂ ਦੀ ਉਡੀਕ ਹਰ ਇੱਕ ਨੂੰ ਰਹਿੰਦੀ ਹੈ। 65 ਸਾਲ ਤੋਂ ਸਿਆਸੀ ਲੋਕ ਤੇ ਆਮ ਲੋਕ ਉਡੀਕਦੇ ਰਹਿੰਦੇ ਹਨ ਕਿ ਕਦ ਚੋਣਾਂ ਹੋਣ? ਭਲਾ ਇਹ ਕਿਉਂ ਉਡੀਕਦੇ ਹਨ? ਸਿਆਸੀ ਲੋਕ ਤਾਂ ਇਸ ਲਈ ਉਡੀਕਦੇ ਹਨ ਕਿ ਜਿੱਤਿਆਂ ਨੂੰ ਠਿੱਬੀ ਲਾਕੇ ਭੁੰਜੇ ਸੁੱਟੀਏ ਤੇ ਆਪਣੀਆਂ ਚੰਮ ਦੀਆਂ ਚਲਾਈਏ। ਜਾਂ ਫੇਰ ਨਵੀਂ ਚੋਣ ਜਿੱਤ ਕਿ ਆਪਣਾ ਮੁੱਲ ਵਧਾਈਏ। ਸੰਤਰੀ ਤੋਂ ਮੰਤਰੀ ਤੱਕ ਦਾ ਸਫਰ ਮੁਕਾਈਏ। ਇਹ ਤਾਂ ਹੀ ਹੋ ਸਕਦਾ ਹੈ ਜੇ ਚੋਣਾਂ ਛੇਤੀ ਹੋਣ। ਖਾਸ ਕਰ ਉਹਨਾਂ ਲੋਕਾਂ ਦੀ ਇਹ ਖਾਹਿਸ਼ ਜਿਆਦਾ ਪ੍ਰਬਲ ਹੁੰਦੀ ਹੈ ਜੋ ਰਾਜ ਸੱਤਾ ਤੋਂ ਬਾਹਰ ਹੋਣ।

ਜਦੋਂ ਚੋਣਾਂ ਦਾ ਐਲਾਨ ਹੋ ਜਾਵੇ ਤਾਂ ਇਹ ਲੋਕ ਭਲਵਾਨਾਂ ਵਾਂਗੂ ਪੈਸਿਆਂ ਦੇ ਲੰਗੋਟੇ ਕੱਸ ਲੈਂਦੇ ਹਨ। ਕੀ ਰਿਕਸ਼ਾ ਵਾਲੇ, ਕੀ ਲੇਟੀ ਵਾਲੇ, ਕੀ ਢੋਲ ਵਾਲੇ, ਕੀ ਇਸ਼ਤਿਹਾਰਾਂ ਵਾਲੇ, ਕੀ ਲਾਊਡ ਸਪੀਕਰਾਂ ਵਾਲੇ, ਕੀ ਸਟਿੱਕਰਾਂ ਵਾਲੇ, ਕੀ ਟੈਂਟਾਂ ਵਾਲੇ, ਕੀ ਪਰਚਿਆਂ ਵਾਲੇ, ਕੀ ਚਾਹਾਂ ਵਾਲੇ, ਕੀ ਸ਼ਰਾਬ ਵੇਚਣ ਵਾਲੇ, ਕੀ ਭੁੱਕੀ ਵੇਚਣ ਵਾਲੇ, ਕੀ ਅਫੀਮ ਵੇਚਣ ਵਾਲੇ, ਕੀ ਝੰਡੀਆਂ ਵਾਲੇ, ਕੀ ਤੇਲ ਪੰਪਾਂ ਵਾਲੇ, ਕੀ ਬੰਦੇ ਢੋਣ ਵਾਲੇ, ਕੀ ਲੰਗਰ ਵਾਲੇ, ਕੀ ਟੈਕਸੀਆਂ ਵਾਲੇ ਤੇ ਕੀ ਐਵੇਂ ਮੁੱਛ ਖੜੀ ਕਰਨ ਵਾਲੇ, ਸਭ ਆਸਵੰਦ ਹੋ ਜਾਂਦੇ ਹਨ ਕਿ ਮਹੀਨਾ ਭਰ ਬੁੱਕਾਂ ਭਰ ਕਿ ਮਾਇਆ ਮਿਲੂ, ਮੂੰਹ ਮੰਗੀ ਮਜ਼ਦੂਰੀ ਮਿਲੂ। 65 ਸਾਲ ਤੋਂ ਇਹ ਲੋਕ ਸਾਲ ਭਰ ਦੀਆਂ ਰੋਟੀਆਂ ਦਾ ਇੱਕ ਇੱਕ ਚੋਣ ਤੋਂ ਇੰਤਜ਼ਾਮ ਕਰਦੇ ਆਏ ਹਨ। ਇਸੇ ਲਈ ਇਹ ਲੋਕ ਸਿਆਸੀ ਲੋਕਾਂ ਦੀਆਂ ਤੱਤੀਆਂ, ਠੰਡੀਆਂ ਸਭ ਜਰਦੇ ਆਏ ਹਨ। ਚਾਰ ਦਿਨ ਲੀਡਰਾਂ ਤੋਂ ਖਾ ਪੀ ਕੇ, 5 ਸਾਲ ਆਪਣੇ ਕੰਮ ਲਈ ਜੁੱਤੀਆਂ ਘਸਾਉਂਦੇ ਰਹੇ ਹਨ ਤੇ ਖਾਧੇ ਪੀਤੇ ਤੋਂ ਵੱਧ ਖਰਚ ਕਰ ਦੇਂਦੇ ਹਨ। ਲਏ ਹੋਏ ਲਾਭ ਦੁਗਣੇ-ਤਿਗੁਣੇ ਹੋਕੇ ਵਾਪਸ ਜਾਂਦੇ ਹਨ।

ਪਰ ਆਹ ਕੀ ਹੋਇਆ? ਅਚਾਨਕ ਇਸ ਵਾਰੀ ਚੋਣਾਂ ਦਾ ਰੰਗ ਢੰਗ ਹੀ ਬਦਲ ਗਿਆ। ਕਾਨੂੰਨ ਹੀ ਨਵੇਂ ਬਣ ਗਏ। ਲੀਡਰਾਂ ਨੂੰ ਵੱਖਰੀ ਕਿਸਮ ਦੀ ਨਕੇਲ ਪਾ ਦਿੱਤੀ ਗਈ। ਚੋਣਾਂ ਵਿਚ ਐਨੀ ਸਖਤੀ ਕਰ ਦਿੱਤੀ ਕਿ ਪੈਸੇ ਖਰਚਣ ਦਾ ਸਮਾਂ ਹੀ ਨਹੀਂ ਦਿੱਤਾ ਗਿਆ। ਖਰਚੇ ਦਾ ਹਿਸਾਬ ਸਿਰਫ ਰੱਖਣਾ

ਹੀ ਨਹੀਂ, ਲਗਾਤਾਰ ਚੈਕ ਵੀ ਹੋਣ ਲੱਗ ਪਿਆ। ਜਲਸੇ ਜਲੂਸ ਲੱਗਭਗ ਖਤਮ ਕਰ ਦਿੱਤੇ। ਇਸ ਸਭ ਕਾਸੇ ਨੇ ਉਪਰੋਕਤ ਕਿੱਤਿਆਂ ਵਾਲਿਆਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਥੋੜ ਚਿਰ ਵਿਚ ਹੀ ਚੋਖੀ ਆਮਦਨ ਕਰ ਲੈਣ ਦਾ ਮੌਕਾ ਹੀ ਖ਼ਤਮ ਕਰ ਦਿੱਤਾ। ਭਾਵੇਂ ਇਹ ਲੋਕ ਆਪਣੇ ਆਪ ਨੂੰ ਠੱਗੇ ਮਹਿਸੂਸ ਕਰਦੇ ਹੋਣ ਪਰ ਆਖਿਰ ਭਲਾ ਤਾਂ ਇਹਨਾਂ ਦਾ ਹੀ ਹੋਣਾ ਹੈ। ਚੋਣ ਕਮਿਸ਼ਨ ਵੱਲੋਂ ਥੋੜ੍ਹੇ ਸਮੇਂ ਦੀ ਰਖਵਾਈ ਭੁੱਖ, ਮਿਹਨਤਕਸ਼ੀ ਨੂੰ ਜਨਮ ਦੇਵੇਗੀ ਤੇ ਦੇਸ਼ ਨੂੰ ਇੱਕ ਨਵੀਂ ਅਜ਼ਾਦੀ।

***

# ਰੱਬ ਦਾ ਬੰਦਾ

ਆਪਣੀ ਪੜ੍ਹਾਈ ਤੋਂ ਬਾਅਦ ਮੈਂ ਸੋਚਿਆ ਕਿ ਨੌਕਰੀ ਨਹੀਂ ਕਰਨੀ। ਇਸ ਲਈ ਛਾਪੇਖਾਨੇ ਦਾ ਕੰਮ ਕੀਤਾ ਜਾਵੇ। ਇਸ ਨੂੰ ਸਿੱਖਣ ਲਈ ਮੈਂ ਜਰਮਨੀ ਦੀਆਂ ਮਸ਼ਹੂਰ ਪ੍ਰਿੰਟਿੰਗ ਕੰਪਨੀਆਂ ਵਿਚ ਗਿਆ ਅਤੇ ਉਥੋਂ ਸਮੇਂ ਦੇ ਅਨੁਕੂਲ ਪ੍ਰਿੰਟਿੰਗ ਅਤੇ ਡਿਜ਼ਾਈਨਿੰਗ ਦੀ ਟ੍ਰੇਨਿੰਗ ਲਈ। ਮੇਰਾ ਇੰਜਨੀਅਰਿੰਗ ਪਿਛੋਕੜ ਹੋਣ ਕਰਕੇ ਮੈਨੂੰ ਬਹੁਤ ਲਾਭ ਹੋਇਆ। ਸਾਰਾ ਕੰਮ ਆਪ ਸਿੱਖਿਆ। ਕੰਪੋਜ਼ਿੰਗ ਕਰਨੀ, ਮਸ਼ੀਨ ਚਲਾਉਣੀ ਆਦਿ, ਕਿਉਂਕਿ ਮੇਰੀ ਧਾਰਨਾ ਸੀ ਕਿ ਜਿਸ ਮਾਲਕ ਨੂੰ ਆਪ ਕੰਮ ਕਰਨਾ ਨਹੀਂ ਆਉਂਦਾ, ਉਹ ਕਾਮੇਆਂ ਤੋਂ ਚੰਗਾ ਕੰਮ ਨਹੀਂ ਲੈ ਸਕਦਾ। ਨਵੀਂ ਖੋਜ ਅਤੇ ਮਸਲਿਆਂ ਨੂੰ ਹਲ ਵੀ ਉਹੀ ਕਰ ਸਕਦਾ ਹੈ, ਜੋ ਕੰਮ ਆਪ ਕਰਨਾ ਜਾਣਦਾ ਹੋਵੇ। ਕਿਉਂਕਿ ਸਾਡੇ ਪਰਿਵਾਰ ਵਿਚ ਕਿਸੇ ਨੇ ਵੀ ਕਦੇ ਵਪਾਰ ਨਹੀਂ ਸੀ ਕੀਤਾ। ਇਸ ਲਈ ਮੈਨੂੰ ਵੀ ਵਪਾਰ ਦੇ ਤੌਰ ਤਰੀਕੇ ਨਹੀਂ ਸਨ ਆਉਂਦੇ। ਮੈਨੂੰ ਨਹੀਂ ਸੀ ਪਤਾ ਕਿ ਵੱਡੇ ਵੱਡੇ ਲੋਕ, ਲੇਖਕ ਵੀ ਕਮਿਸ਼ਨ ਖਾਂਦੇ ਹਨ। ਮੈਂ ਤਾਂ ਸਭ ਦੀ ਇਜ਼ਤ ਕਰਦਾ ਸੀ। ਆਪਣੇ ਵਲੋਂ ਹਰ ਇਕ ਤੋਂ ਘੱਟ ਤੋਂ ਘੱਟ ਲਾਭ ਲੈਣ ਦੀ ਕੋਸ਼ਿਸ਼ ਕਰਦਾ ਸੀ। ਸਭ ਤੋਂ ਵੱਡੀ ਗਲ ਮੈਨੂੰ ਆਪਣੇ ਆਪਣੇ ਆਲੇ ਦੁਆਲੇ ਦੇ ਲੋਕਾਂ ਉਤੇ ਪੂਰਾ ਵਿਸ਼ਵਾਸ ਸੀ। ਇਹ ਸੋਚ ਕੁਝ ਲੋਕਾਂ ਨੂੰ ਮੇਰੇ ਤੋਂ ਦੂਰ ਵੀ ਕਰ ਰਹੀ ਸੀ। ਪਰ ਮੈਂ ਇਸ ਵਾਪਰ ਰਹੇ ਘਟਨਾ ਕਰਮ ਤੋਂ ਸੁਚੇਤ ਨਹੀਂ ਸਾਂ। ਸਭ ਕੁਝ ਆਪਣੇ ਵਾਪਰ ਰਿਹਾ ਸੀ।

ਇਸ ਸਾਰੇ ਸਮੇਂ ਦੌਰਾਨ ਇਕ ਐਕਸਰੇਅ ਵਾਲੇ ਡਾ. ਰਵੀ ਨਾਲ ਮੇਲ ਹੋਇਆ। ਭਾਵੇਂ ਉਹ ਸਹਿਜਧਾਰੀ ਸਨ ਪਰ ਹਰ ਰੋਜ਼ ਸਵੇਰੇ ਗੁਰਦੁਆਰੇ ਜਾਂਦੇ ਸਨ। ਉਹਨਾਂ ਦੇ ਪਿਤਾ ਜੀ ਬਹੁਤ ਸਹਿਜ ਸੁਭਾਅ ਵਾਲੇ ਸਨ। ਉਹਨਾਂ ਨੇ ਮੈਨੂੰ ਐਕਸਰੇਅ ਵਾਲੇ ਲਿਫਾਫੇ ਦਾ ਕੰਮ ਦੇ ਦਿੱਤਾ। ਇਹ ਲਿਫਾਫੇ ਮੈਂ ਹਿੰਮਤ ਕਰਕੇ ਫੀਲਡ ਗੰਜ ਦੀਆਂ ਔਰਤਾਂ ਤੋਂ ਬਣਵਾਉਣੇ ਸ਼ੁਰੂ ਕਰ ਦਿੱਤੇ। ਇਸਦਾ ਕਾਰਣ ਸੀ ਕਿ ਇਸ ਸਾਇਜ਼ ਦੇ ਲਿਫਾਫੇ ਬਜ਼ਾਰ ਵਿਚ ਕਿਤੇ ਵੀ ਨਹੀਂ ਸਨ ਮਿਲਦੇ। ਡਾ. ਸਾਹਿਬ ਵੀ ਮੇਰੇ ਕੰਮ ਤੋਂ ਖੁਸ਼ ਸਨ। ਜਿਸ ਦਿਨ ਹਿਸਾਬ ਕਰਨਾ, ਉਹਨਾਂ ਨੇ ਕਦੇ ਘੱਟ ਵੱਧ ਨਹੀਂ ਸੀ ਕੀਤਾ। ਉਹਨਾਂ ਨੇ ਪੈਸੇ ਫੜਾ ਦੇਣੇ ਤੇ ਮੈਂ ਬਸ ਜੇਬ ਵਿਚ ਪਾ ਲੈਣੇ। ਹੋਰ ਵੀ ਉਹਨਾਂ ਨੇ ਕੰਮ

ਕਰਵਾਉਣੇ ਤੇ ਆਪਣੇ ਦੋਸਤਾਂ ਮਿੱਤਰਾਂ ਦੇ ਨਾਲ ਵੀ ਮੇਰਾ ਸੰਪਰਕ ਕਰਵਾਇਆ। ਇਹ ਸਿਲਸਿਲਾ ਕਈ ਸਾਲ ਚੱਲਦਾ ਰਿਹਾ।

ਇਕ ਦਿਨ ਡਾ. ਸਾਹਿਬ ਕੋਲੋਂ ਮੈਂ ਤਿੰਨ ਹਜ਼ਾਰ ਰੁਪਏ ਕੰਮ ਦੇ ਲਏ ਤੇ ਆਪਣੇ ਦਫਤਰ ਆ ਗਿਆ। ਅੱਗੇ ਮੈਂ ਇਹ ਪੈਸੇ ਕਿਸੇ ਨੂੰ ਦੇਣੇ ਸਨ। ਉਹ ਤਿੰਨ ਹਜ਼ਾਰ ਮੈਂ ਉਸੇ ਤਰ੍ਹਾਂ ਉਸ ਬੰਦੇ ਨੂੰ ਪਕੜਾਅ ਦਿੱਤਾ। ਉਸ ਬੰਦੇ ਨੇ ਪੈਸੇ ਲੈ ਕੇ ਗਿਣਨੇ ਸ਼ੁਰੂ ਕਰ ਦਿੱਤੇ। ਉਸਨੇ ਦੋ ਵਾਰੀ ਗਿਣੇ ਤੇ ਬੋਲਿਆ ਯਾਰ ਆ ਇਕ ਸੌ ਰੁਪਿਆ ਫਾਲਤੂ ਆ ਗਿਆ ਤੇ ਮੈਂ ਓਹ ਸੌ ਰੁਪਿਆ ਵਾਪਸ ਲੈ ਲਿਆ। ਕੁਦਰਤੀ ਦੂਸਰੇ ਦਿਨ ਮੈਂ ਡਾ. ਰਵੀ ਕੋਲ ਜਾਣਾ ਹੀ ਸੀ। ਜਦੋਂ ਮਿਲਿਆ ਤਾਂ ਮੈਂ ਡਾ. ਸਾਹਿਬ ਨੂੰ ਕਿਹਾ ਕਿ ਕੱਲ ਤੁਸੀਂ ਸੌ ਰੁਪਿਆ ਫਾਲਤੂ ਦੇ ਦਿੱਤਾ ਸੀ।

ਡਾ. ਰਵੀ ਬੋਲੇ, 'ਤੂੰ ਪੈਸੇ ਗਿਣੇ ਸੀ?'

'ਨਹੀਂ ਇਹ ਤਾਂ ਜਿਹਨੂੰ ਮੈਂ ਦਿੱਤੇ ਉਹਨੇ ਗਿਣੇ ਸੀ, ਵਿਚੋਂ ਸੌ ਫਾਲਤੂ ਨਿਕਲਿਆ'

'ਤੂੰ ਪੈਸੇ ਗਿਣਦਾ ਨਹੀਂ ਹੁੰਦਾ?'

'ਨਹੀਂ ਜੀ, ਮੈਂ ਆਪਣੇ ਦੋਸਤਾਂ, ਵਿਸ਼ਵਾਸ ਪਾਤਰਾਂ ਅਤੇ ਆਪਣੇ ਤੋਂ ਵੱਡੇ ਲੋਕਾਂ ਦੇ ਸਤਿਕਾਰ ਵਜੋਂ ਪੈਸੇ ਗਿਣ ਕੇ ਨਹੀਂ ਲੈਂਦਾ '

ਡਾ. ਰਵੀ ਬੋਲੇ 'ਅੱਛਾ, ਤੈਨੂੰ ਸ਼ਾਇਦ ਇਸੇ ਲਈ ਨਹੀ ਪਤਾ ਲੱਗਾ ਕਿ ਮੈਂ ਹਰ ਵਾਰੀ ਤੈਨੂੰ ਸੌ ਰੁਪਿਆ ਵੱਧ ਦੇਂਦਾ ਰਿਹਾ ਹਾਂ, ਇਹ ਮੇਰੀ ਆਦਤ ਹੈ, ਮੈਂ ਹਰ ਕੰਮ ਵਾਲੇ ਨੂੰ ਹਮੇਸ਼ਾਂ ਉਸਦੀ ਮਿਹਨਤ ਤੋਂ ਕੁਝ ਨਾ ਕੁਝ ਵੱਧ ਹੀ ਦੇਂਦਾ ਹਾਂ। ਜਦ ਪ੍ਰਮਾਤਮਾ ਮੈਨੂੰ ਮੇਰੀ ਮੁਰਾਦ ਤੋਂ ਵਧ ਦੇਂਦਾ ਹੈ ਤਾਂ ਮੈਂ ਅੱਗੇ ਕਿਉਂ ਨਾਂ ਵੰਡਾਂ?'

ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਮੈਂ ਕੀ ਕਹਾਂ? ਅਜ ਉਹ ਰੂਹ ਭਾਵੇਂ ਇਸ ਦੁਨੀਆਂ ਤੇ ਨਹੀਂ ਹੈ, ਪਰ ਮੇਰੀ ਸੋਚ ਵਿਚੋਂ ਉਸਦਾ ਵਾਸਾ ਕਦੇ ਵੀ ਨਹੀਂ ਉਤਰੇਗਾ।

***

# ਪਹਿਲੀ ਮੁਲਾਕਾਤ

ਲੁਧਿਆਣੇ ਦੇ ਕਿਸੇ ਕੇਂਦਰ ਵਿਖੇ ਕੋਈ ਪ੍ਰੋਗਰਾਮ ਤੇ ਮੈਂ ਵੀ ਸ਼ੌਂਕ ਵਜੋਂ ਉਥੇ ਪਹੁੰਚਿਆ ਹੋਇਆ ਸੀ। ਕਈ ਗੌਣ ਵਾਲੇ ਆਏ ਹੋਏ ਸਨ। ਹਰਭਜਨ ਤੇ ਜਤਿੰਦਰ ਵੀ ਉੱਥੇ ਹਾਜ਼ਰ ਸਨ। ਕੈਮਰੇ ਦੇ ਕਰਕੇ ਸਟੇਜ ਦੇ ਅੱਗੇ ਪਿੱਛੇ ਹੋਣ ਦਾ ਮੌਕਾ ਮਿਲਦਾ ਸੀ। ਉਹਨਾਂ ਦਿਨਾਂ ਵਿਚ ਅਮਰ ਨੂਰੀ ਤੇ ਸਰਦੂਲ ਦੀ ਚੜ੍ਹਤ ਸੀ ਪਰ ਉਹ ਹਾਲੇ ਵਿਆਹੇ ਹੋਏ ਨਹੀਂ ਸਨ। ਸਰਦੂਲ ਵੱਲੋਂ ਨੂਰੀ ਦੀ ਖੁਸ਼ਾਮਦੀ ਤੇ ਤਰਲਾ ਜਿਹਾ ਵਰਤਾਓ ਦੇਖਣਯੋਗ ਸੀ। ਸਰਦੂਲ ਦੀ ਇਸ ਤਰ੍ਹਾਂ ਦੀ ਹਾਲਤ ਸਾਡੇ ਲਈ ਮਜ਼ਾਕ ਕਰਨ ਦਾ ਵਿਸ਼ਾ ਬਣੀ ਹੋਈ ਸੀ। ਹਰਭਜਨ ਵੀ ਆਪਣੇ ਟੋਟਕੇ ਜਿਹੇ ਛੱਡੀ ਜਾਂਦਾ ਸੀ। ਸਟੇਜ ਤੇ ਜੱਬਲ ਤੇ ਜਤਿੰਦਰ ਨੇ ਕੀ ਸੁਣਾਇਆ ਇਹ ਤਾਂ ਯਾਦ ਨਹੀਂ ਪਰ ਦੇਰ ਰਾਤ ਇਹ ਦੋਵੇਂ ਤੇ ਇਕ ਦੋ ਹੋਰ ਕਲਾਕਾਰ ਸਾਡੇ ਘਰ ਮੇਰੇ ਨਾਲ ਆ ਗਏ। ਸਾਰੇ ਲੋਕ ਇਹਨਾਂ ਦੋਹਾਂ ਨੂੰ ਪਤੀ-ਪਤਨੀ ਸਮਝਦੇ ਸਨ। ਸਾਡੀ ਮਾਤਾ ਜੀ ਵੀ ਟੀ.ਵੀ. ਦੇਖਦੇ ਸਨ ਇਸ ਲਈ ਉਹਨਾਂ ਦੇ ਖਿਆਲ ਅਨੁਸਾਰ ਇਹੀ ਸੱਚ ਸੀ। ਪਰ ਜੱਬਲ ਨੂੰ ਮੌਕਾ ਸਾਂਭਣਾ ਆਉਂਦਾ ਸੀ। ਰੋਟੀ ਪਾਣੀ ਦੇ ਬਾਅਦ ਬੈਠੇ ਤਾਂ ਉਹ ਬੋਲਿਆ। ''ਬੀਜੀ ਇਹ ਮੇਰੀ ਵਹੁਟੀ ਨਹੀਂ', ਅਸਲ ਵਿਚ ਉਹ ਇਸ ਤੋਂ ਸੋਹਣੀ ਹੈ, ਪਰ ਇਹਨੂੰ ਕੁਝ ਅਕਲ ਉਸ ਤੋਂ ਵੱਧ ਹੈ, ਸਮਝੋ ਨਿਭੀ ਜਾ ਰਹੀ ਹੈ। '' ਪਰ ਇਹ ਤਾਂ ਮੇਰੀ ਜੱਬਲ ਨਾਲ ਪਹਿਲੀ ਮੁਲਾਕਾਤ ਨਹੀਂ ਲੱਗਦੀ।

ਮੈਨੂੰ ਉਹ ਇਕ ਦਿਨ ਦੂਰਦਰਸ਼ਨ ਦੇ ਗਲਿਆਰੇ ਵਿਚ ਮਿਲ ਗਿਆ। ਸ਼ਾਇਦ ਕਿਸੇ ਨਾਟਕ ਦੇ ਚੱਕਰਾਂ ਵਿਚ ਸੀ। ਜਿਵੇਂ ਚਾਹ ਮੈਨੂੰ ਕਿਸੇ ਨੇ ਪਿਲਾ ਦਿੱਤੀ ਤੇ ਉਹ ਵੀ ਕਿਸੇ ਤੋਂ ਪੀ ਬੈਠਾ ਸੀ। ਐਵੇਂ ਗੱਲਾਂ ਵਿਚ ਮੈਂ ਕਹਿ ਬੈਠਾ, 'ਹੁਣ ਤਾਂ ਤੁਸੀਂ ਅਮੀਰ ਕਲਾਕਾਰ ਹੋ ਗਏ ਹੋ, ਪੰਜਾਬੀ ਫਿਲਮ ਕਰਨ ਲਗ ਪਏ ਹੋ, ਚਲੋ ਟੀ.ਵੀ. ਤੋਂ ਖਹਿੜਾ ਛੁੱਟਾ, ਹੁਣ ਕੀ ਤੁਸੀਂ ਬੰਬੇ ਜਾਵੋਗੇ?'

'ਛੱਡ ਯਾਰ, ਐਥੇ ਤਾਂ ਫਿਲਮ ਦੀ ਸ਼ੂਟਿੰਗ ਤੇ ਕਿਰਾਇਆ ਵੀ ਆਪਣਾ ਲਾਕੇ ਜਾਈਦਾ। ਤੈਨੂੰ ਨਹੀਂ ਪਤਾ ਇਹ ਫਿਲਮ ਦੂਰਦਰਸ਼ਨ ਦੇ ਇਕ ਅਧਿਕਾਰੀ ਦੀ ਹੈ। ਜੇ ਬਾਹਲ਼ਾ ਨਖਰਾ ਕਰਦੇ ਤਾਂ ਐਨਾਂ ਦੂਰਦਰਸ਼ਨ ਦੇ ਪ੍ਰੋਗਰਾਮਾਂ ਤੋਂ ਵੀ ਹੱਥ ਧੋ ਬੈਠਾਂਗਾ।

ਮੈਂ ਕੀ ਜਵਾਬ ਦਿੱਤਾ ਇਹ ਵੀ ਯਾਦ ਨਹੀਂ ਤੇ ਇਹ ਵੀ ਨਹੀਂ ਯਾਦ ਕਿ ਕਿਵੇਂ ਇਹ ਮੁਲਾਕਾਤ ਖ਼ਤਮ ਹੋਈ ਪਰ ਸ਼ਰਤੀਆ ਇਹ ਵੀ ਪਹਿਲੀ ਮੁਲਾਕਾਤ ਨਹੀਂ ਸੀ।

ਉਹ ਦਿਨ ਮਿੱਠਾ ਜਿਹਾ ਸੀ, ਪਰ ਸੀ ਖੁੱਲ੍ਹਾ। ਲਲਤੋਂ ਪਿੰਡ (ਲੁਧਿਆਣਾ) ਵਿਚ ਜਸਵਿੰਦਰ ਭੱਲੇ ਜਾਂ ਸ਼ਾਇਦ ਕਿਸੇ ਹੋਰ ਕਲਾਕਾਰ ਦੀ ਸ਼ੂਟਿੰਗ ਚੱਲ ਰਹੀ ਸੀ। ਪਰ ਐਨਾ ਜ਼ਰੂਰ ਯਾਦ ਹੈ ਕਿ ਉਸ ਵਿਚ ਜੱਗਬਾਣੀ ਵਾਲਾ ਕੁਲਦੀਪ ਬੇਦੀ ਐਕਟਿੰਗ ਕਰ ਰਿਹਾ ਸੀ। ਕੈਮਰੇ ਵਾਲੇ ਕਦੇ ਇਧਰ ਲਾਇਨ ਜਿਹੀ ਲਾ ਲੈਂਦੇ ਕਦੇ ਓਧਰ। ਕਦੇ ਲਾਇਟਾਂ ਹੀ ਚੈੱਕ ਕਰੀ ਜਾਂਦੇ। ਕੱਟ, ਓ.ਕੇ, ਵਾਰ ਵਾਰ ਸੁਣਦਾ ਸੀ। ਅਸੀਂ ਇਕ ਕੰਧ ਦੇ ਓਟੇ ਦੇ ਨਾਲ ਖੜ੍ਹੇ ਗੱਲਾਂ ਕਰਦੇ ਸੀ। ਬਾਹਰ ਖੜ੍ਹੇ ਬੱਚੇ ਸ਼ੋਰ ਮਚਾ ਰਹੇ ਸਨ। ਇਸ ਨਾਲ ਸ਼ੂਟਿੰਗ ਵਿਚ ਵਿਘਨ ਪੈਂਦਾ ਸੀ। ਉਤੋਂ 'ਘੁੱਗੀ' ਆ ਗਿਆ, ਮੈਨੂੰ ਘੁੱਗੀ ਦੇ ਚੁਟਕਲਿਆਂ ਨੇ ਤਾਂ ਸ਼ਾਇਦ ਕਦੇ ਇੰਨਾਂ ਨਾ ਹਸਾਇਆ ਹੋਵੇ, ਜਿੰਨ੍ਹਾਂ ਉਸ ਦਿਨ ਬੱਚਿਆਂ ਦੀਆਂ ਅਵਾਜ਼ਾਂ ਨੇ ਇਕਸੁਰਤਾ ਵਿਚ 'ਘੁੱਗੀ ਓਏ ਘੁੱਗੀ ਓਏ' ਦੇ ਕੀਤੇ ਅਲਾਪ ਨੇ। ਅਸੀਂ ਨਾਲੇ ਬੱਚੇ ਚੁੱਪ ਕਰਾਈ ਜਾਈਏ ਨਾਲੇ ਹੱਸੀ ਜਾਈਏ। ਉਸ ਦਿਨ ਸਲਾਹ ਬਣੀ ਕਿ ਜੱਬਲ-ਜਤਿੰਦਰ ਦੇ 'ਹਾਸੇ ਠੁੱਲਿਆਂ' ਦੀ ਇਕ ਕਿਤਾਬ ਪ੍ਰਕਾਸ਼ਤ ਕੀਤੀ ਜਾਏ। ਜੱਬਲ ਨੇ ਉਸ ਦਿਨ ਵਾਅਦਾ ਕੀਤਾ ਕਿ ਉਹ ਸਾਰਾ ਮੈਟਰ ਇਕੱਠਾ ਕਰਕੇ ਛੇਤੀ ਹੀ ਭੇਜ ਦੇਵੇਗਾ। ਪਰ ਇਹ ਛੇਤੀ ਉਸਦੀ ਕਿਸੇ ਮਜ਼ਬੂਰੀ ਦੀ ਭੇਟਾ ਚੜ੍ਹ ਗਈ ਤੇ ਮੇਰੀ ਇਹ ਮੁਲਾਕਾਤ ਵੀ ਤਾਂ ਉਸ ਨਾਲ ਪਹਿਲੀ ਪਹਿਲੀ ਨਹੀਂ ਸੀ।

ਮੈਨੂੰ ਉਸਨੇ ਆਪਣਾ ਅੰਮ੍ਰਿਤਸਰ ਦਾ ਫੋਨ ਨੰਬਰ ਦਿੱਤਾ ਤੇ ਤਾਕੀਦ ਕੀਤੀ ਕਿ ਮੇਰੇ ਘਰੇ ਜ਼ਰੂਰ ਆਉਣਾ। ਰਸਤਾ ਮੈਨੂੰ ਪਤਾ ਨਹੀਂ ਸੀ। ਲੋਅ ਵਾਲੇ ਅਮਰੀਕ ਅਮਨ ਕੋਲੋਂ ਫੋਨ ਕੀਤਾ ਕਿ ਘਰ ਦਾ ਰਾਹ ਦੱਸੋ। ਅੰਬਰਸਰ ਦੇ ਕਿਸੇ ਗਲੀ ਮੁਹੱਲੇ ਵਿਚ ਉਸਦੇ ਸਕੂਟਰ ਮਗਰ ਮੇਰਾ ਮੋਟਰਸਾਇਕਲ ਚੱਲਦਾ ਗਿਆ। 'ਆਹ ਕੀ!' ਨਾਲ਼ੇ, ਪੋਣੀਆਂ, ਪੱਖੀਆਂ ਤੇ ਦਰਬਾਰ ਸਾਹਿਬ ਦੇ ਮਾਡਲ। ਭਾਈ ਇਹ ਕੀ ਹੈ? ਇਹ ਮੈਂ ਤਿਆਰ ਕਰਦਾਂ। ਰੋਟੀ ਵੀ ਖਾਣੀ ਆ। ਕਲਾਕਾਰੀ ਕੀ ਟੱਟੂ ਦੇਂਦੀ ਹੈ। ਫੇਰ ਉਸ ਨੇ ਦਿਖਾਇਆ ਕਿ ਕਿਵੇਂ ਹੱਡੀਆਂ ਤੋਂ ਇਹ ਸਮਾਨ ਬਣਦਾ। ਜਦੋਂ ਦੀ ਹਾਥੀ ਦੰਦ ਦੀ ਵਿਕਰੀ ਤੇ

ਪਬੰਦੀ ਲੱਗੀ ਹੈ, ਉਸਨੇ ਊਠ ਦੀ ਲੱਤ ਦੀ ਹੇਠਲੀ ਹੱਡੀ (ਜਿਸਨੂੰ ਅੰਗਰੇਜ਼ੀ ਵਿਚ ਫੀਮੁਰ ਕਹਿੰਦੇ ਹਨ) ਤੋਂ ਇਹ ਸਮਾਨ ਬਨਾਉਣਾ ਸ਼ੁਰੂ ਕਰ ਦਿੱਤਾ ਹੈ। ਮੇਰੇ ਲਈ ਊਠ ਦੀ ਲੱਤ ਦੀ ਹੱਡੀ ਨੂੰ ਹਾਥੀ ਦੰਦ ਦੇ ਨਾਲ ਇਕਸੁਰਤਾ ਦੇਣੀ ਬੜੀ ਅਜੀਬ ਲੱਗੀ। ਅੱਜ ਵੀ ਇਹ ਮੇਰੇ ਲਈ ਹਮੇਸ਼ਾ ਨਵੀਂ ਗੱਲ ਵਾਂਗੂ ਰਹਿੰਦੀ ਹੈ। ਹੁਣ ਜਦ ਵੀ ਸੜ੍ਹਕ ਤੇ ਹੱਡੀਆਂ ਦੇ ਭਰੇ ਟਰੱਕ ਲੰਘਦੇ ਮਿਲਦੇ ਹਨ ਤਾਂ ਮੈਨੂੰ ਜੱਬਲ ਦੇ ਹਾਥੀ ਦੰਦ ਦਿਖਾਈ ਦੇਂਦੇ ਹਨ। ਪਰ ਇਹ ਮੇਰੀ ਉਸ ਨਾਲ ਪਹਿਲੀ ਮੁਲਾਕਾਤ ਦਾ ਨਤੀਜਾ ਬਿਲਕੁਲ ਨਹੀਂ ਸੀ।

ਵੈਸੇ ਮੋਹਨ ਸਿੰਘ ਮੇਲੇ ਤੇ ਹੋਏ ਮੇਲ ਨੂੰ ਵੀ ਪਹਿਲੀ ਮੁਲਾਕਾਤ ਨਹੀਂ ਕਿਹਾ ਜਾ ਸਕਦਾ। ‘ਮੇਲੇ ਵਾਲੇ’ ਕਿਸੇ ਹਾਸਰਸ ਵਾਲੇ ਕਲਾਕਾਰ ਨੂੰ ਇਨਾਮ ਦੇਣਾ ਚਾਹੁੰਦੇ ਸੀ। ਇਸ ਇਨਾਮ ਨੂੰ ਉਹਨਾਂ ਖੁਦ ਹੀ ਦੇਣਾ ਸੀ। ਕੁਝ ਪੈਸੇ ਦੇਣ ਲਈ ਮੇਲਾ ਪ੍ਰਬੰਧਕਾਂ ਨੂੰ ਮੈਂ ਮਨਾ ਲਿਆ ਕਿ, ਜ਼ਿੰਦਗੀ ਦੀ ਹਕੀਕਤ ਨਾਲ ਜੁੜੇ ਤਾਂ ਇਹ ਹੀ ਦੋਵੇਂ ਕਲਾਕਾਰ ਹਨ। ਬਾਕੀ ਤਾਂ ਲੁੱਟੀ ਜਾ ਰਹੇ ਹਨ, ਇਹ ਹਮਾਤੜ ਤਾਂ ਆਪਣੇ ਹਾਸੇ ਵੀ ਲੁਟਾਈ ਜਾ ਰਹੇ ਹਨ। ਖੈਰ ਮੇਰੀ ਗੱਲ ਪ੍ਰਬੰਧਕਾਂ ਨੂੰ ਕੀਲ ਕਰ ਗਈ। ਇੱਕੋ ਸੱਦੇ ਤੇ ਉਹਨਾਂ ਹਾਂ ਕਰ ਦਿੱਤੀ, ਮੇਲੇ ਵਿਚ ਢਿੱਡੀਂ ਪੀੜਾਂ ਵੀ ਪਾਈਆਂ। ਸਭ ਤੋਂ ਵੱਧ ਹੈਰਾਨੀ ਉਹਨਾਂ ਨੂੰ ਇਨਾਮ ਵਿਚ ਪੈਸੇ ਦੇਖ ਕਿ ਹੋਈ। ‘ਆਹ ਤਾਂ ਯਾਰ ਚੰਗਾ ਹੋਇਆ, ਆਪਣਾ ਕਿਰਾਇਆ ਬਚ ਗਿਆ। ’

ਫੋਨ ਤੇ ਮੈਂ ਉਸਨੂੰ ਸੱਦਾ ਪੱਤਰ ਦਿੱਤਾ ਕਿ ਲੁਧਿਆਣੇ ਆ ਜਾਵੋ, ਕੁਝ ਪ੍ਰੋਗਰਾਮ ਉਲੀਕਣੇ ਹਨ। ਉਸਨੇ ਝੱਟ ਆਉਣ ਦੀ ਹਾਮੀ ਭਰ ਦਿੱਤੀ। ਉਹ ਬਹੁਤ ਖੁਸ਼ ਸੀ। ਮਿੱਥੇ ਸਮੇਂ ਤੋਂ ਪਹਿਲੋਂ ਪਹੁੰਚ ਗਿਆ। ਰੋਟੀ ਖਾਂਦਿਆਂ ਉਸ ਦੱਸਿਆ ਕਿ ਅੰਬਰਸਰ ਹੁਣ ਉਹਨਾਂ ਕੋਲ ਇਕ ਵੱਡੀ ਕਲਾ ਇਮਾਰਤ (ਸ਼ਾਇਦ ਵਿਰਸਾ ਵਿਹਾਰ) ਆ ਗਈ ਤੇ ਮੇਰੀ ਉਹ ਉਥੇ ਨੁਮਾਇਸ਼ ਲਗਾਉਣਗੇ, ਨਾਲੇ ਨਵੇਂ ਕਲਾਕਾਰਾਂ ਦਾ ਡਰਾਮਾ ਵੀ ਲੈਕੇ ਆਓ। ਭਵਿੱਖ ਦੀਆਂ ਉਸ ਹੋਰ ਵੀ ਬਹੁਤ ਗੱਲਾਂ ਕੀਤੀਆਂ। ਪਰ ਕੀ ਪਤਾ ਸੀ ਕਿ ਇਹ ਸਭ ਕੁਝ ਹੋਣ ਤੋਂ ਪਹਿਲੋਂ ਹੀ ਉਸਦੇ ‘ਅਲਵਿਦਾ’ ਦੀ ਖਬਰ ਆ ਜਾਣੀ ਹੈ।

ਐਨੀਆਂ ਗੱਲਾਂ ਤੁਹਾਨੂੰ ਦਸ ਦਿੱਤੀਆਂ ਪਰ ਹਾਲੇ ਤੱਕ ਮੈਨੂੰ ਉਸ ਅਛੋਪਲੇ ਜਿਹੇ, ਸਹਿਜੇ ਜਿਹੇ, ਕਿਸੇ ਸ਼ਾਮ, ਸਵੇਰ ਜਾਂ ਦੁਪਹਿਰ ਦੀ ਯਾਦ

ਨਹੀਂ ਆਈ ਜਦੋਂ ਇਸ ਸਟੇਜੀ ਅਮੀਰ ਪੰਜਾਬੀ ਪੁੱਤਰ ਨੇ ਮੇਰੇ ਦਿਲ ਦੀ ਪਹਿਲੀ ਪੌੜੀ ਚੜ੍ਹੀ ਹੋਵੇ। ਹੋ ਸਕਦਾ ਕਦੇ ਯਾਦ ਆ ਜਾਵੇ ਪਰ ਕਹਿੰਦੇ ਹਨ ਕਿ ਮੁਹੱਬਤ ਦਾ ਤਾਂ ਪਹਿਲਾ ਰਾਗ ਵੀ ਯਾਦ ਨਹੀਂ ਰਹਿੰਦਾ। ਫੇਰ ਇਕ ਪੂਰੇ ਦਾ ਪੂਰਾ ਮਨ ਦੀਆਂ ਤੈਹਾਂ 'ਚ ਉੱਤਰ ਜਾਣ ਵਾਲਾ ਇਹ ਸਮੁੰਦਰ ਜੇਡਾ ਹਾਸਿਆਂ ਦਾ ਬਾਦਸ਼ਾਹ ਮੈਨੂੰ ਕਦੋਂ ਕਿਹੜੇ ਬੋਲ ਦੇ ਰਾਗ ਨਾਲ ਕੀਲ ਗਿਆ। ਮੈਨੂੰ ਭਲਾ ਕਿਵੇਂ ਯਾਦ ਰਹਿ ਸਕਦਾ ਸੀ।

***

# ਮੂਹਰਲੀ ਸੀਟ

ਜਿਥੇ ਵੀ ਸੀਟਾਂ ਹੋਣਗੀਆਂ, ਮੂਹਰਲੀ ਤੇ ਮਗਰਲੀ ਸੀਟ ਜ਼ਰੂਰ ਹੋਵੇਗੀ। ਜਿਥੇ ਸੀਟਾਂ ਜ਼ਿਆਦਾ ਹੋਣਗੀਆਂ ਉਥੇ ਕਈ ਮੂਹਰਲੀਆਂ ਸੀਟਾਂ ਹੋਣਗੀਆਂ। ਇਹ ਕੋਈ ਆਲੋਕਾਰੀ ਗਲ ਨਹੀਂ। ਪਰ ਇਹ ਸੀਟ ਹੁੰਦੀ ਬੜੀ ਅਜਬ ਸ਼ੈਅ ਹੈ। ਮੂਹਰਲੀ ਸੀਟ ਦੀ ਇਕ ਖਾਸ ਖਿੱਚ, ਇਕ ਖਾਸ ਕਸ਼ਸ਼ ਹੁੰਦੀ ਹੈ ਤੇ ਇਕ ਖਾਸ ਮਹੱਤਵ। ਇਹ ਬਹੁਤ ਸਾਰੇ ਲੋਕਾਂ ਦੇ ਅੰਦਰ ਝੁਨਝੁਣੀ ਜਿਹੀ ਪੈਦਾ ਕਰਦੀ ਹੈ। ਜਦੋਂ ਕੋਈ ਪ੍ਰੋਗਰਾਮ ਹੋਵੇ ਤਾਂ ਇਹ ਮੂਹਰਲੀ ਸੀਟ ਹਮੇਸ਼ਾ ਇਕ ਮਸਲਾ ਬਣੀ ਰਹਿੰਦੀ ਹੈ। ਮੈਂ ਦੇਖਿਆ ਹੈ ਕਿ ਕਈ ਲੋਕ (ਜਿਹਨਾਂ ਵਿਚ ਲੇਖਕ ਵੀ ਸ਼ਾਮਲ ਹਨ) ਅਕਸਰ ਦਾਅ ਜਿਹਾ ਲਾਕੇ ਮੂਹਰਲੀਆਂ ਸੀਟਾਂ ਵਿੱਚੋਂ ਇਕ ਮਲੱਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਹਾਲ ਵਿਚ ਲੋਕ ਬੈਠਣ ਜਾ ਰਹੇ ਹੁੰਦੇ ਹਨ ਜਾਂ ਮੁੱਖ ਮਹਿਮਾਨ ਪਹੁੰਚ ਰਿਹਾ ਹੁੰਦਾ ਹੈ ਤਾਂ ਇਹਨਾਂ ਲੋਕਾਂ ਦੀ ਅੱਖ ਖਾਲੀ ਪਈ ਜਾਂ ਖਾਲੀ ਰੱਖੀ ਗਈ ਮੂਹਰਲੀ ਸੀਟ ਤੇ ਲੱਗੀ ਹੁੰਦੀ ਹੈ। ਕੁਝ ਛੋਹਲੇ ਕਦਮ, ਕੁਝ ਦੂਸਰੇ ਲੋਕਾਂ ਨੂੰ 'ਮਾਫ ਕਰਨਾ' ਕਹਿ ਇਹ ਜਾ ਮੱਲਦੇ ਹਨ ਮੂਹਰਲੀ ਸੀਟ। ਬਸ ਫੇਰ ਜਿਨ੍ਹਾਂ ਚਿਰ ਸਮਾਗਮ ਚਲੇਗਾ ਇਹ, ਲਖ ਤਕਲੀਫ ਹੋਣ ਦੇ ਬਾਵਜੂਦ ਵੀ ਉੱਠਣਗੇ ਨਹੀਂ। ਇਹ ਲੋਕ ਤਾਂ ਘੜੀ ਮੁੜੀ ਪਿਛੇ ਮੁੜ ਮੁੜ ਕਿ ਵੇਖਣਗੇ ਤਾਂ ਕਿ ਪਿਛਲਿਆਂ ਨੂੰ ਅਹਿਸਾਸ ਹੁੰਦਾ ਰਹੇ ਕਿ ਉਹ ਮੂਹਰਲੀ ਸੀਟ ਦੇ ਵਾਸੀ ਹਨ।

ਮੂਹਰਲੀ ਸੀਟ ਜਿਥੇ ਇਕ ਮਾਨਸਿਕ ਸੰਤੁਸ਼ਟੀ ਦੇਂਦੀ ਹੈ ਇਹਨਾਂ ਲੋਕਾਂ ਨੂੰ, ਉਥੇ ਇਕ ਦੁਬਿਧਾ ਵਿਚ ਵੀ ਹਮੇਸ਼ਾ ਹੀ ਪਾਈ ਰੱਖਦੀ ਹੈ। ਖਾਂਦੇ-ਪੀਂਦੇ, ਸੌਂਦੇ-ਉਠਦੇ, ਕੰਮ-ਕਾਰ ਕਰਦੇ ਜਾਂ ਤੁਰੇ-ਫਿਰਦੇ ਇਹ ਹਮੇਸ਼ਾ ਮੂਹਰਲੀ ਕੁਰਸੀ ਦੀ ਤਲਾਸ਼ ਵਿਚ ਰਹਿੰਦੇ ਹਨ। ਕਿਥੇ, ਕਦੋਂ ਤੇ ਕਿਵੇਂ ਆਪਣੀ ਹੋਂਦ ਨੂੰ ਦਰਸਾਉਣ ਲਈ ਮੂਹਰਲੀ ਸੀਟ ਲੱਭਣੀ ਹੈ ਇਹ ਭਾਲ ਹਮੇਸ਼ਾ ਚਲਦੀ ਰਹਿੰਦੀ ਹੈ। ਕਈ ਵਾਰੀ ਮੂਹਰਲੀ ਸੀਟ ਇਕ ਹੁੰਦੀ ਹੈ ਤੇ ਦਾਅਵੇਦਾਰ 2 ਜਾਂ ਵੱਧ ਪੈਦਾ ਹੋ ਜਾਂਦੇ ਹਨ। ਜਿਵੇਂ ਤਕੜੇ ਕੁੱਤੇ ਦੇ ਅੱਗੇ ਮਾੜੇ ਕੁੱਤੇ ਪੂਛ ਦੱਬਾ ਕਿ ਪਿਛੇ ਹਟ ਜਾਂਦੇ ਹਨ, ਬਿਲਕੁਲ ਇਵੇ

ਂ ਹੀ ਇਹਨਾਂ ਦੋ ਤਕੜੇ ਦਾਅਵੇਦਾਰ ਦਾ ਮੁਕਾਬਲਾ, 'ਹੀ ਹੀ' ਕਰਕੇ ਛੱਡ ਦਿੱਤਾ ਜਾਦਾ ਹੈ ਤੇ ਜਾਂ ਫੇਰ, 'ਕੋਈ ਨਹੀਂ ਅਸੀਂ ਤੁਹਾਡੇ ਪਿਛੇ ਬੈਠਦੇ ਹਾਂ, ਸਮਾਗਮ ਨੂੰ ਪੂਰਾ ਦੇਖਾਂਗੇ, ਪਿਛਿਓਂ ਹਰ ਕੋਈ ਦਿਖਦਾ ਹੈ' ਕਹਿ ਕਿ ਛਿੱਪੇ ਜਿਹੇ ਪਿਛੇ ਸੀਟ ਭਾਲਣ ਲਗ ਜਾਣਗੇ ਤੇ ਜੇਕਰ ਕੋਈ ਮਾੜਾ ਬੰਦਾ ਜਾਂ ਛੋਟੀ ਹੈਸੀਅਤ ਵਾਲਾ ਨੇੜੇ ਹੀ ਲਭ ਪਵੇ ਤਾਂ ਉਸਨੂੰ ਆਖਣਗੇ , 'ਇਹ ਸੀਟ ਮਹਿਮਾਨਾ ਲਈ ਚਾਹੀਦੀ ਹੈ, ਤੁਸੀਂ ਪਿਛੇ ਚਲੇ ਜਾਵੋ' ਤੇ ਆਪ ਸੀਟ ਤੇ ਕਬਜ਼ਾ ਕਰ ਲੈਣਗੇ।

ਕਈ ਵਾਰੀ ਟੱਕਰ ਇਕੋ ਜਿਹੇ 'ਮੂਹਰਲੀ ਸੀਟ ਭਲਵਾਨਾਂ' ਦੀ ਹੋ ਜਾਂਦੀ ਹੈ। ਫੇਰ ਕਿ ਬਸ ਛੋਟੇ ਛੋਟੇ ਟੋਟਕੇ ਛੱਡਣਗੇ, ਦਿਖਾਵਾ ਸ਼ਿਸ਼ਟਾਚਾਰ ਦਾ ਹੋਵੇਗਾ ਪਰ ਜ਼ੁਬਾਨ ਵਿਚ ਤੇ ਨਜ਼ਰਾਂ ਵਿਚ ਹੋਣਗੀਆਂ ਅਣਦੇਖੀਆਂ ਛੁਰੀਆਂ। ਥੋੜਾ ਜਿਹਾ ਧੱਕਾ ਤੇ ਸੀਟ 'ਤੇ ਕਬਜ਼ਾ।

ਮੂਹਰਲੀ ਸੀਟ ਤੇ ਬੈਠਾ ਬੰਦਾ ਅਕਸਰ ਮੁੱਖ ਮਹਿਮਾਨ ਨਾਲ ਅੱਖ ਮਿਲਾਉਂਦਾ ਰਹੇਗਾ ਤੇ ਮੌਕਾ ਮਿਲਦੇ ਹੀ ਦੋਵੇਂ ਹੱਥ ਜੋੜ ਫਤਿਹ ਬੁਲਾਏਗਾ, ਜਦੋਂ ਫੋਟੋ ਵਾਲਾ ਭਾਈ ਫੋਟੋ ਖਿਚਣ ਲਗੇਗਾ ਤਾਂ ਇੰਜ ਪੋਜ਼ ਬਣਾਵਣਗੇ ਜਿਵੇਂ ਬਹੁਤ ਹੀ ਸੀਰੀਅਸ ਸਰੋਤਾ ਹੋਵੇ, ਜਾਂ ਫਿਰ ਹਥ ਤੇ ਉਂਗਲੀ ਖੜੀ ਕਰ ਸੁਆਲ ਕਰਨ ਦੀ ਮੁਦਰਾ ਵਿਚ ਫੋਟੋ ਖਿਚਵਾਉਣਗੇ ।

ਸਮਾਗਮ ਕੀ ਹੈ ਜਾਂ ਕੀ ਨਹੀਂ ਇਹਨਾਂ ਮੂਹਰਲੀਆਂ ਸੀਟਾਂ ਦੇ ਇੱਛੁਕਾਂ ਲਈ ਕੋਈ ਮਾਅਨਾ ਨਹੀਂ ਰਖਦਾ। ਬਸ ਸੀਟ ਮਿਲ ਜਾਵੇ, ਲੋਕ ਦੇਖ ਲੈਣ ਜਾਂ ਖਬਰ ਜੋਗੇ ਹੋ ਜਾਣ, ਇਹੋ ਇਹਨਾਂ ਦੀ ਮੰਜ਼ਿਲ ਹੈ। ਮੂਹਰਲੀਆਂ ਸੀਟਾਂ ਤੋਂ ਵੀ ਮੂਹਰੇ ਇਕ ਸੀਟ ਹੁੰਦੀ ਹੈ ਡਰਾਇਵਰ ਸੀਟ, ਕਦੇ ਇਥੇ ਪਹੁੰਚਣਾ ਇਨਾਂ ਦਾ ਨਿਸ਼ਾਨਾ ਤਾਂ ਹੋ ਸਕਦਾ ਪਰ ਕਾਬਲੀਅਤ ਨਹੀਂ। ਖੈਰ ਇਸ ਸੀਟ ਦੀ ਗਲਬਾਤ ਫੇਰ ਕਦੇ ਕਰਾਂਗੇ

–ਆਮੀਨ–

# ਬੱਸ ਸਟਾਪ ਦੀ ਤਲਾਸ਼

ਦਿਨ ਬੜਾ ਸੋਹਣਾ ਚੜ੍ਹਿਆ ਸੀ। ਮੇਰੇ ਹਿਸਾਬ ਨਾਲ ਤਾਪਮਾਨ ਬਿਲਕੁਲ ਸਰੀਰਕ ਸੁੱਖ ਲਈ ਅਨੁਕੂਲ ਸੀ। ਕਈ ਦਿਨਾਂ ਦਾ ਮੇਰਾ ਦਿਲ ਕਰਦਾ ਸੀ ਕਿ ਬਰਮਿੰਘਮ ਸ਼ਹਿਰ ਦੀ ਲਾਇਬਰੇਰੀ ਵਿਚ ਜਾਕੇ ਕੁਝ ਫੋਲਾ ਫਰਾਲੀ ਕੀਤੀ ਜਾਵੇ, ਕੁਝ ਮਗਜ਼ ਪੱਚੀ ਕੀਤੀ ਜਾਵੇ ਕਿਤਾਬਾਂ ਨਾਲ। ਇਹ ਵੀ ਮਨ ਵਿਚ ਸੀ ਕਿ ਕੁਝ ਪੁਰਾਣੇ ਕਲਾਸਿਕ ਆਰਟ ਦੀਆਂ ਕਿਤਾਬਾਂ ਨਾਲ ਦੋਸਤੀ ਪਾਈ ਜਾਵੇ। ਕੁਝ ਸੰਸਾਰੀ ਸਾਹਿਤ ਦੇ ਨਵੇਂ ਸੰਵਾਦ ਨਾਲ ਆਪਣੀ ਸੋਚ ਦੇ ਪਰ ਖੋਲ੍ਹੇ ਜਾਣ। ਮੇਰੀ ਇਸ ਖਾਹਿਸ਼ ਨੂੰ ਮੋਤਾ ਸਿੰਘ ਸਰਾਏ ਸਮਝ ਗਏ ਅਤੇ ਉਹਨਾਂ ਨੇ ਇਕ ਸੌਖਾ ਕੰਮ ਕਰ ਦਿੱਤਾ। ਉਨ੍ਹਾਂ ਨੇ ਆਪਣੇ ਅਜ਼ੀਜ਼ 'ਬਚੜਾ ਜੀ' ਨੂੰ ਇਹ ਜ਼ਿੰਮੇਵਾਰੀ ਦੇ ਦਿੱਤੀ ਕਿ ਸ਼ਹਿਰ ਉਹ ਮੈਨੂੰ ਲੈਕੇ ਜਾਣਗੇ। ਬਚੜਾ ਜੀ ਤੇ ਮੈਂ ਫੈਸਲਾ ਲਿਆ ਕਿ ਟਰੈਫਿਕ ਵਿਚ ਫਸਣ ਨਾਲੋਂ ਰੇਲ ਗੱਡੀ ਤੇ ਇਹ 10-15 ਕਿਲੋਮੀਟਰ ਦਾ ਸਫਰ ਕੀਤਾ ਜਾਵੇ। ਇਸ ਨਾਲ ਚੋਖਾ ਸਮਾਂ ਬਚ ਜਾਵੇਗਾ। ਰੇਲਵੇ ਸਟੇਸ਼ਨ ਸਾਡੇ ਟਿਕਾਣੇ ਤੋਂ ਕਰੀਬ ਇਕ ਕਿਲੋਮੀਟਰ ਹੀ ਸੀ। ਸੁਹਾਵਣੇ ਮੌਸਮ ਵਿਚ ਅਸੀਂ ਪੈਦਲ ਮਾਰਚ ਕਰਦੇ ਸਟੇਸ਼ਨ ਤੇ ਪਹੁੰਚ ਗਏ। ਸਟੇਸ਼ਨ ਸੜਕ ਤੋਂ ਕਾਫੀ ਨੀਵੀਂ ਥਾਂ ਤੇ ਸੀ। ਆਲੇ-ਦੁਆਲੇ ਕਾਫੀ ਫੁੱਲ ਬੂਟੇ ਸਨ। ਰੇਲਵੇ ਲਾਈਨ ਦੇ ਨਾਲ ਇੱਕਾ ਦੁੱਕਾ ਮੁਸਾਫਰ ਖੜੇ ਸਨ। ਅਸੀਂ ਵੀ ਟਿਕਟਾਂ ਲਈਆਂ ਅਤੇ ਗੱਡੀ ਦਾ ਇੰਤਜ਼ਾਰ ਕਰਨ ਲੱਗ ਪਏ। ਥੋੜ੍ਹੀ ਦੇਰ ਵਿਚ ਹੀ ਨਿਰਧਾਰਤ ਸਮੇਂ ਤੇ ਗੱਡੀ ਆ ਗਈ ਅਤੇ ਅਸੀਂ ਅੰਦਰ ਸੀਟਾਂ ਤੇ ਬੈਠ ਕਿ ਆਲੇ ਦੁਆਲੇ ਦੇ ਨਜ਼ਾਰੇ ਦੇਖਦੇ ਕੁਝ ਮਿੰਟਾਂ ਵਿਚ ਹੀ ਬਰਮਿੰਘਮ ਰੇਲਵੇ ਸਟੇਸ਼ਨ ਪਹੁੰਚ ਗਏ। ਇੱਥੇ ਸਟੇਸ਼ਨ ਜ਼ਮੀਨਦੋਜ਼ ਬਣਿਆ ਹੋਇਆ ਹੈ ਤੇ ਸਾਨੂੰ ਕਾਫੀ ਪੌੜੀਆਂ ਚੜ੍ਹ ਕਿ ਉਪਰ ਆਉਣਾ ਪਿਆ। ਇੱਥੋਂ ਅਸੀਂ ਲਾਇਬਰੇਰੀ ਵਲ ਨੂੰ ਚਾਲੇ ਪਾ ਦਿੱਤੇ। ਵੱਡੇ ਟਾਊਨ ਹਾਲ ਦੇ ਸਾਹਮਣੇ ਫੁਆਰੇ ਤੇ ਮੂਰਤੀਆਂ ਬਣੀਆਂ ਹੋਈਆਂ ਹਨ। ਇੱਥੇ ਖੁੱਲ੍ਹੀ ਥਾਂ ਉੱਤੇ ਕੁਝ ਲੋਕ ਰਾਜਨੀਤਕ ਰੈਲੀ ਕਰ ਰਹੇ ਸਨ। ਉਹ ਲੋਕਾਂ ਨੂੰ ਇਸ਼ਤਿਹਾਰ ਵੀ ਵੰਡ ਰਹੇ ਸਨ ਤੇ ਦੂਸਰੇ ਪਾਸੇ ਸੈਲਾਨੀ ਬੁੱਤਾਂ ਤੇ ਫੁਆਰਿਆਂ ਨਾਲ ਫੋਟੋਆਂ ਖਿਚਵਾ ਰਹੇ ਸਨ। ਥੋੜ੍ਹਾ ਹੋਰ ਅੱਗੇ ਗਏ ਤਾਂ

ਕੁਝ ਦੇਸੀ ਬਜ਼ੁਰਗ ਔਰਤਾਂ ਕੱਠੀਆਂ ਬੈਠੀਆਂ ਸਨ। ਸ਼ਾਇਦ ਇਹ ਥਾਂ ਉਹਨਾਂ ਦੇ ਦੁੱਖ-ਸੁੱਖ ਸਾਂਝੇ ਕਰਨ ਲਈ ਚੁਣੀ ਹੋਵੇ। ਅੱਗੇ ਚਲ ਕਿ ਖੱਬੇ ਪਾਸੇ ਇੱਕ ਖੁੱਲਾ ਰੰਗਮੰਚ ਸੀ। ਜਿੱਥੇ ਬੱਚਿਆਂ ਲਈ ਤਾਲਮੇਲਿਕ ਨਾਟਕ ਚਲ ਰਿਹਾ ਸੀ। ਛੋਟੇ ਬੱਚੇ ਨਾਟਕ ਵਾਲਿਆਂ ਦੇ ਪਿੱਛੇ ਲਗ ਕਿ ਨਕਲਾਂ ਲਾ ਰਹੇ ਸਨ ਤੇ ਮਾਂ-ਬਾਪ ਉਹਨਾਂ ਦੀਆਂ ਹਰਕਤਾਂ ਨੂੰ ਕੈਮਰੇ ਨਾਲ ਸਮਾਂਬੱਧ ਕਰ ਰਹੇ ਸਨ। ਥੋੜ੍ਹੀ ਦੇਰ ਵਿਚ ਹੀ ਅਸੀਂ ਲਾਇਬਰੇਰੀ ਪਹੁੰਚ ਗਏ। ਕਈ ਮੰਜ਼ਿਲਾ ਵਿਚ ਇਹ ਲਾਇਬਰੇਰੀ ਪਤਾ ਨਹੀਂ ਕਿੰਨੇ ਸ਼ਬਦਾਂ ਦੇ ਟਾਪੂ ਸਾਂਭੀ ਬੈਠੀ ਹੈ। ਇੱਥੇ ਮੈਂ ਰੱਜ ਕਿ ਸਮਾਂ ਲਾਇਆ ਅਤੇ ਆਪਣੀ ਇੱਛਾ ਮੁਤਾਬਕ ਜਾਣਕਾਰੀ ਦੇ ਖਜ਼ਾਨੇ ਲੁੱਟੇ। ਹੁਣ ਸਮਾਂ ਕਾਫੀ ਹੋ ਗਿਆ ਸੀ। ਸੋ ਵਾਪਸੀ ਚਾਲੇ ਪਾ ਦਿੱਤੇ। ਵਾਪਸੀ ਤੇ ਰਾਹ ਵਿਚ ਕੁਝ ਖਾ ਵੀ ਲਿਆ ਤੇ ਐਵੇਂ ਫਜ਼ੂਲ ਜਿਹੀ ਖਰੀਦਦਾਰੀ ਵੀ ਕੀਤੀ। ਅਸਲ ਵਿਚ ਇਹ ਖਰੀਦਦਾਰੀ ਵੀ ਘਰੋਂ ਬਾਹਰ ਨਿਕਲ ਕਿ ਇਕ ਮਨ ਦੀ ਅਵੱਸਥਾ ਹੁੰਦੀ ਹੈ। ਚੰਗਾ ਭਲਾ ਪਤਾ ਹੁੰਦਾ ਹੈ ਕਿ ਇਹ ਚੀਜ਼ ਲੁਧਿਆਣੇ ਇੱਥੋਂ ਨਾਲੋਂ ਸਸਤੀ ਮਿਲਦੀ ਹੈ ਪਰ ਐਵੇਂ ਹੀ ਮਨ ਤਿਲਕੀ ਜਾਂਦਾ ਹੈ। ਜਦੋਂ ਅਸੀਂ ਵਾਪਸ ਸਟੇਸ਼ਨ ਤੇ ਪਹੁੰਚੇ ਤਾਂ ਇਹ ਦੇਖ ਕਿ ਹੈਰਾਨ ਰਹਿ ਗਏ ਕਿ ਸਾਡੀ ਟਰੇਨ ਦੇ ਜਾਣ ਵਾਲੇ ਦਰਵਾਜ਼ੇ ਨੂੰ ਬੰਦ ਕਰ ਦਿੱਤਾ ਗਿਆ। ਥੋੜ੍ਹਾ ਅੱਗੇ ਗਏ ਤਾਂ ਨੋਟਿਸ ਲੱਗਿਆ ਸੀ ਕਿ ਮੁਰੰਮਤ ਲਈ ਇਹ ਰੇਲਵੇ ਲਾਈਨ ਬੰਦ ਹੈ। ਮੁਸਾਫਰ ਆਪਣੀ ਟਿਕਟ ਦਿਖਾ ਕੇ ਨਾਲ ਸਪੈਸ਼ਲ ਖੜੀ ਬਸ ਰਾਹੀਂ ਆਪੋ ਆਪਣੀ ਮੰਜ਼ਿਲ ਵਲ ਜਾ ਸਕਦੇ ਹਨ। ਅਸੀਂ ਵੀ ਪੁੱਛ ਪੁਛਾ ਕਿ ਆਪਣੇ ਇਲਾਕੇ ਵਲ ਜਾਂਦੀ ਬਸ ਲੱਭ ਲਈ। ਬਸ ਚਲਦੀ ਰਹੀ ਤੇ ਅਸੀਂ ਛੋਟੀਆਂ ਛੋਟੀਆਂ ਗੱਲਾਂ ਕਰਦੇ ਰਹੇ। ਹੌਲੀ ਹੌਲੀ ਬਸ ਖਾਲੀ ਹੁੰਦੀ ਗਈ। ਕੁਝ ਸਮੇਂ ਬਾਅਦ ਅਸੀਂ ਇਕੱਲੇ ਹੀ ਬਸ ਵਿਚ ਰਹਿ ਗਏ। ਮੈਨੂੰ ਲੱਗਾ ਕਿ ਕਮਾਲ ਹੈ, ਐਡੀ ਵੱਡੀ ਬਸ ਸਾਡੇ ਪੰਜਾਬੀਆਂ ਲਈ ਕੱਲੀ ਹੀ ਤੁਰੀ ਫਿਰਦੀ ਹੈ। ਗੱਲਾਂ-ਗੱਲਾਂ 'ਚ ਪਤਾ ਹੀ ਨਾ ਲੱਗਾ ਕਿ ਇਕ ਘੰਟੇ ਤੋਂ ਵੱਧ ਦਾ ਸਫਰ ਹੋ ਗਿਆ ਹੈ। ਮੈਂ 'ਬਚੜਾ' ਜੀ ਨੂੰ ਪੁੱਛਿਆ ਕਿ ਹੋਰ ਕਿੰਨ੍ਹਾਂ ਕੁ ਸਫਰ ਹੈ? ਤਾਂ ਉਹਨਾਂ ਨੇ ਅਣਜਾਣਤਾ ਜ਼ਾਹਿਰ ਕਰਦੇ ਹੋਏ ਇਲਾਕੇ ਦੀ ਵਾਕਫੀ ਤੋਂ ਇਨਕਾਰ ਕਰ ਦਿੱਤਾ। ਮੈਨੂੰ ਫਿਰ ਬੜੀ

ਹੈਰਾਨੀ ਹੋਈ। ਆਖ਼ਰ ਬਸ ਜਾ ਕਿੱਥੇ ਰਹੀ ਹੈ? ਮੈਂ ਉਠ ਕਿ ਡਰਾਇਵਰ ਕੋਲ ਗਿਆ ਤੇ ਉਸਨੂੰ ਪੁੱਛਿਆ ਕਿ 'ਕਿੰਨੀ ਦੂਰ' ਤਾਂ ਉਸਦਾ ਜਵਾਬ ਸੁਣ ਕਿ ਬੜਾ ਹਾਸਾ ਆਇਆ, 'ਮੇਰੀ ਡਿਊਟੀ ਅਚਾਨਕ ਲੱਗੀ ਹੈ। ਮੈਂ ਇਸ ਪਾਸੇ ਕਦੇ ਆਇਆ ਹੀ ਨਹੀਂ, ਇਸ ਲਈ ਰਸਤਾ ਭੁੱਲ ਗਿਆ ਹਾਂ। ਮੈਨੂੰ ਕੁਝ ਸਮਝ ਨਹੀਂ ਆ ਰਿਹਾ। '' ਫੇਰ ਅਸੀਂ ਤਿੰਨੇ ਜਣੇ ਰਸਤਾ ਲੱਭਣ ਲੱਗ ਪਏ। ਤਕਰੀਬਨ ਉਹ ਦੋਨੋਂ ਜਣੇ ਪੰਦਰਾਂ ਮਿੰਟ ਸੜਕਾਂ ਦਾ ਹਿਸਾਬ ਲਾਉਂਦੇ ਰਹੇ। ਮੈਂ ਤਾਂ ਇਸ ਮਾਮਲੇ ਬਾਰੇ ਅਨਪੜ੍ਹ ਹੀ ਸੀ। ਅਚਾਨਕ ਮੈਂ ਆਖਿਆ, 'ਬਸ ਰੋਕੋ' ਦੋਵੇਂ ਮੇਰੇ ਵੱਲ ਦੇਖਣ ਲੱਗੇ। ਮੈਂ ਸਾਹਮਣੇ ਬਸ ਸਟਾਪ ਪਛਾਣ ਲਿਆ ਸੀ। ਇੱਥੇ ਤੱਕ ਅਸੀਂ ਸੈਰ ਕਰਨ ਆਉਂਦੇ ਸੀ ਤੇ ਇੱਥੇ ਵੱਡੇ ਵੱਡੇ ਦਰਖਤਾਂ ਦੀ ਮੈਂ ਫੋਟੋਗ੍ਰਾਫੀ ਕੀਤੀ ਸੀ। ਡਰਾਇਵਰ ਨੇ ਥੋੜ੍ਹਾ ਅੱਗੇ ਜਾਕੇ ਬਸ ਸਟਾਪ ਤੇ ਬਸ ਰੋਕ ਲਈ। ਇਥੋਂ ਅਸੀਂ ਡਰਾਇਵਰ ਨੂੰ ਉਸਦਾ ਰਾਹ ਸਮਝਾ, ਹੱਸਦੇ ਹੱਸਦੇ ਘਰ ਪਹੁੰਚ ਗਏ।

***

# ਚੰਗਾ ਹੋਇਆ ਉਹ ਮਰ ਗਿਆ

ਸਵੇਰੇ ਸਵੇਰੇ ਫੋਨ ਆਇਆ ਤੇ ਇਕ ਦੋਸਤ ਨੇ ਦਸਿਆ ਕਿ ਫਲਾਣਾ ਬੰਦਾ ਪੂਰਾ ਹੋ ਗਿਆ। ਅਜ ਗਿਆਰਾਂ ਵਜੇ ਨਹਿਰ ਵਾਲੇ ਸ਼ਮਸਾਨ ਘਾਟ ਵਿਖੇ ਸਸਕਾਰ ਹੈ, ਤੁਸੀਂ ਜ਼ਰੂਰ ਪਹੁੰਚਣਾ ਹੈ। ਸੁਣ ਕਿ ਮਨ ਨੂੰ ਅਫਸੋਸ ਜਿਹਾ ਹੋਇਆ। ਚੰਗਾ ਭਲਾ ਬੰਦਾ ਸੀ। ਵਪਾਰੀ ਵੀ ਸੀ, ਇਕ ਕਾਰਖਾਨਾ ਵੀ ਚਲਦਾ ਸੀ। ਕਾਰਾਂ ਦੀ ਖਰੀਦੋ ਫਰੋਖਤ ਵੀ ਕਰਦਾ ਸੀ। ਤੇ ਪੱਗ ਦਾ ਰੰਗ ਵੀ  ਸਮੇਂ ਦੀ ਸਰਕਾਰ ਅਨੁਸਾਰ ਬਦਲ ਲੈਂਦਾ ਸੀ। ਇਹੋ ਜਿਹੇ ਦੁਨੀਆਵੀ ਜੀਵ ਦਾ ਤੁਰ ਜਾਣਾ, ਵਿਹਾਰੀ ਲੋਕਾਂ ਲਈ ਘਾਟੇ ਦਾ ਸੌਦਾ ਸੀ। ਛੋਟੇ ਲੋਕਾਂ ਦੇ ਕੰਮ ਤਾਂ ਉਹ ਮੁਫ਼ਤ ਹੀ ਕਰਵਾ ਦੇ ਂਦਾ ਸੀ ਤੇ ਵੱਡੇ ਲੋਕਾਂ ਦੇ ਕਿਵੇਂ ਕਰਵਾਉਂਦਾ ਸੀ, ਮੈਨੂੰ ਇਸ ਗਲ ਦਾ ਇਲਮ ਨਹੀਂ ਸੀ। ਵੈਸੇ, ਮੈਨੂੰ ਕਦੇ ਉਸ ਦੀ ਲੋੜ ਨਹੀਂ ਸੀ ਪਈ। ਹਾਂ ਪਰ ਉਹ ਮਿਲਦਾ ਬਹੁਤ ਤਪਾਕ ਕਿ ਸੀ ਤੇ ਹਰ ਵਾਰ ਉਲਾਂਭਾ ਦੇਂਦਾ ਸੀ, 'ਆਪਣੇ ਬਾਈ ਨੂੰ ਕਦੇ ਅਜ਼ਮਾ ਕਿ ਤਾਂ ਵੇਖੋ' ਇਹ ਅਕਸਰ ਉਸਦਾ ਵਾਕ ਹੁੰਦਾ। ਮੈਂ ਚਾਹੁੰਦਾ ਸੀ ਕਿ ਉਸਦੇ ਸਸਕਾਰ ਤੇ ਜ਼ਰੂਰ ਪਹੁੰਚਾਂ ਤੇ ਉਸਦੇ ਸ਼ਰਧਾਲੂਆਂ ਦੀ ਭੀੜ ਦੇਖਾਂ, ਪਰ ਮਜ਼ਬੂਰੀ ਵਸ ਸਮਾਂ ਬੜਾ ਥੋੜਾ ਸੀ। ਮੇਰਾ ਦੂਸਰੇ ਸ਼ਹਿਰ ਪਹੁੰਚਣਾ ਲਾਜ਼ਮੀ ਸੀ। ਆਪਣੇ ਮਨ ਨਾਲ ਇਕ ਬਹਾਨੇ ਦਾ ਸੌਦਾ ਕਰ ਮੈਂ ਦੂਸਰੇ ਸ਼ਹਿਰ ਤੁਰ ਗਿਆ।

ਦੂਸਰੇ ਦਿਨ ਸਵੇਰੇ ਅਖਬਾਰਾਂ ਵਿਚ ਉਸਦੇ ਸਸਕਾਰ ਦੀ ਵੀ ਖਬਰ ਸੀ। ਕਈ ਲੋਕਾਂ ਦੇ ਉਥੇ ਪਹੁੰਚਣ ਦੀ ਸੂਚਨਾ ਵੀ ਸੀ। ਇਕ ਆਪੂ ਬਣੇ ਚੌਧਰੀ ਨੇ ਸਟੇਜ ਸਕੱਤਰੀ ਦਾ ਕੰਮ ਕੀਤਾ ਹੋਇਆ ਲੱਗਦਾ ਸੀ। ਵੱਖ ਵੱਖ ਲੋਕਾਂ ਦੇ ਉਸ ਤੁਰ ਗਏ ਲਈ ਉਸਤਤੀ ਭਰੇ ਬਿਆਨ ਸਨ। ਮਨ ਨੂੰ ਦੂਹਰਾ ਅਫਸੋਸ ਹੋਇਆ। ਮੈਨੂੰ ਵੀ ਉਥੇ ਜਾਣਾ ਚਾਹੀਦਾ ਸੀ। ਐਡੀ ਕੀ ਗਲ ਸੀ, ਕੰਮ ਤਾਂ ਥੋੜੇ  ਤਰੱਦਦ ਨਾਲ ਅਗੇ ਵੀ ਪਾਇਆ ਜਾ ਸਕਦਾ ਸੀ। ਮੈਨੂੰ ਵੀ ਚਾਹੀਦਾ ਸੀ ਕੁਝ ਸ਼ਬਦ ਉਸ ਜੀਵ ਦੀ ਨੇਕ ਦਿਲੀ ਬਾਰੇ ਕਹਿੰਦਾ। ਆਪਣੇ ਆਪ ਨੂੰ ਕੋਸਦੇ ਨੇ ਦਿਨ ਲੰਘਾ ਦਿਤਾ। ਦੋ ਕੁ ਦਿਨਾਂ ਵਿਚ ਸਭ ਭੁਲ ਭੁਲਾ ਗਿਆ।

ਲਾਗਲੇ ਪਿੰਡ ਦਾ ਸਰਪੰਚ ਸ਼ਹਿਰ ਆਉਂਦਾ ਹੀ ਰਹਿੰਦਾ ਹੈ ਤੇ

ਇਕ ਜੋਟੀਦਾਰ ਦੀ ਦੁਕਾਨ ਤੇ ਅਕਸਰ ਮਿਲ ਪੈਂਦਾ ਹੈ। ਅਜ ਉਹ ਮਿਲ ਪਿਆ ਤਾਂ ਯਾਦ ਆਇਆ ਕਿ ਇਸਦਾ ਬਹੁਤ ਹੀ ਵਧੀਆ ਬਿਆਨ ਉਸ ਤੁਰ ਗਏ ਬੰਦੇ ਦੇ ਸਸਕਾਰ ਮੌਕੇ ਹੋਈ ਮੀਟਿੰਗ ਵਿਚ ਸੀ ਤੇ ਅਖਬਾਰ ਵਿਚ ਛਪਿਆ ਵੀ ਸੀ। ਦਿਲ ਕਰ ਆਇਆ ਕਿ ਚਲੋ ਇਸੇ ਕੋਲ ਹੀ ਅਫਸੋਸ ਕਰ ਦੇਵਾਂ। ਮੈਂ ਹੌਲੀ ਜਿਹੀ ਬੋਲਿਆ,'ਤੁਸੀਂ ਬਹੁਤ ਅੱਛੀਆਂ ਗੱਲਾਂ ਕਹੀਆਂ ਉਸ ਦਿਨ'

'ਕਿਸ ਦਿਨ?' ਉਸ ਪੁਛਿਆ

'ਫਲਾਣੇ ਦੇ ਸਸਕਾਰ ਮੌਕੇ, ਤੁਹਾਡਾ ਅਖਬਾਰ ਵਿਚ ਬਿਆਨ ਸੀ।' ਮੈਂ ਦਸਿਆ।

'ਉਹ ਮਰ ਗਿਆ? ਚੰਗਾ ਹੋਇਆ, ਬਹੁਤ ਖਰਾਬ ਬੰਦਾ ਸੀ' ਉਸ ਆਪਣੀ ਅਗਿਆਨਤਾ ਜ਼ਾਹਿਰ ਕੀਤੀ।

ਹੁਣ ਮੇਰੀਆਂ ਅੱਖਾਂ ਸਾਹਮਣੇ ਇਕ ਚਿਖਾ ਸੁੰਨਸਾਨ ਜਗਹਾ ਤੇ ਜਲ ਰਹੀ ਸੀ, ਤੇ ਸ਼ਹਿਰ ਦਾ ਇਕ ਬੰਦਾ ਟੇਬਲ ਤੇ ਬੈਠਾ ਕਾਗਜ਼ਾਂ ਨੂੰ ਕਾਲੇ ਕਰੀ ਜਾ ਰਿਹਾ ਸੀ ਤੇ ਕਾਗਜ਼ ਭਾਸ਼ਨ ਕਰੀ ਜਾ ਰਹੇ ਸਨ ਅਖਬਾਰਾਂ ਵਲ ਨੂੰ ਮੂੰਹ ਕਰਕੇ।

# ਪ੍ਰਧਾਨਗੀ ਮੰਡਲ

ਸਮਾਗਮ ਕਾਹਦਾ ਰੱਖ ਬੈਠੇ, ਪੰਗਾ ਹੀ ਲੈ ਲਿਆ। ਇਕ ਪ੍ਰਵਾਸੀ ਮਿੱਤਰ ਚਾਹੁੰਦਾ ਸੀ ਕਿ ਜਦ ਦੇਸ਼ ਆਵਾਂ ਤਾਂ ਉਸਦਾ ਬਣਦਾ ਸਰਦਾ ਸਨਮਾਨ ਹੋ ਜਾਵੇ। ਕਵਿਤਾ, ਕਹਾਣੀ ਆਦਿ ਨੂੰ ਉਹ ਮੂੰਹ ਮਾਰ ਲੈਂਦਾ ਸੀ। ਅਖਬਾਰ ਨੂੰ ਸਿਫ਼ਤਾਂ ਭਰੀ ਚਿੱਠੀ ਲਿਖਣੀ ਉਸਦਾ ਸ਼ੌਕ ਸੀ ਤੇ ਉਤੋਂ ਇਕ ਵਿਦੇਸ਼ੀ ਰਸਾਲੇ ਦਾ ਮੂੰਹ ਬੋਲਿਆ ਭਰਾ (ਸਲਾਹਕਾਰ) ਵੀ ਸੀ। ਮੈਨੂੰ ਪਹਿਲੋਂ ਖ਼ਤ ਆਇਆ, ਫੇਰ ਫੋਨ ਦੀ ਘੰਟੀ ਵਜੀ, 'ਬਾਈ ਜੀ ਐਂਤਕੀ ਫੇਰ ਕਰਿਓ ਕੁਝ, ਬਾਕੀ ਸਮਝ ਲਾਂਗੇ' ਉਸਦੀ ਗਲ ਵਿਚ ਦਮ ਲਗਾ। ਪੈਸੇ ਅਗਲੇ ਨੇ ਖਰਚਣੇ, ਸਨਮਾਨ ਆਪਾਂ ਮੁਫਤੋਂ ਮੁਫਤੀ ਕਰ ਦੇਣਾ, ਖਬਰਾਂ ਅਖਬਾਰਾਂ ਵਾਲਿਆਂ ਲਾ ਦੇਣੀਆਂ। ਆਪਣਾ ਕੀ ਜਾਂਦਾ। ਚਲੋ ਚਾਰ ਦਿਨ ਬੱਲੇ-ਬੱਲੇ ਹੀ ਕਰਵਾਈਏ।

ਇਕ ਦੋ ਮਿਤਰਾਂ ਨਾਲ ਸਲਾਹ ਕੀਤੀ, ਵਿਦੇਸ਼ੀ ਮਿੱਤਰ ਦੀਆਂ ਭਾਸ਼ਾ ਪ੍ਰਤੀ ਵਫਾਦਾਰੀਆਂ ਤੇ ਜ਼ਿੰਮੇਵਾਰੀਆਂ ਦੇ ਪੁੱਲ ਬੰਨੇ, ਖਰਚੇ ਦਾ ਵਿਸ਼ਵਾਸ ਦੁਆਇਆ, ਬਸ ਸਮਾਗਮ ਰਖ ਹੋ ਗਿਆ।

ਇਸ ਮੁਫ਼ਤਲੇ ਪ੍ਰੋਗਰਾਮ ਦੀ ਭਿਣਕ ਛੇਤੀ ਹੀ ਕਈਆਂ ਨੂੰ ਪੈ ਗਈ। ਤਿਆਰੀਆਂ ਸ਼ੁਰੂ ਹੋ ਗਈਆਂ। ਤਲਾਸ਼ ਸ਼ੁਰੂ ਹੋ ਗਈ ਉਸ ਸਵਰਗਵਾਸੀ ਚਾਨਣਮੁਨਾਰੇ ਦੀ ਜਿਸਦੇ ਨਾਮ ਤੇ ਸਨਮਾਨ ਦਿੱਤਾ ਜਾਣਾ ਸੀ। 'ਇਨਾਮ ਦੀ ਰਾਸ਼ੀ ਮੈਂ ਦੇ ਦਊਂ ਜੇਕਰ ਇਨਾਮ ਸਾਡੇ ਬਾਬੇ ਦੇ ਨਾਮ ਤੇ ਰਖ ਲਓ।' ਇਕ ਸਾਹਿਤਕ ਪੋਤੇ ਨੂੰ ਬਾਬੇ ਦਾ ਮੋਹ ਜਾਗ ਪਿਆ। 'ਨਾ ਕੀ ਕਰਦਾ ਸੀ ਤੇਰਾ ਬਾਬਾ?' ਇਕ ਕਮੇਟੀ ਮੈਂਬਰ ਨੇ ਪੁੱਛਿਆ। 'ਬਹੁਤ ਵਡੀ ਦੁਕਾਨ ਸੀ ਕਪੜੇ ਸਿਉਂਣ ਦੀ, ਲੇਖਕਾਂ ਦੇ ਕਪੜੇ ਮੁਫ਼ਤ ਨਹੀਂ ਤਾਂ ਘੱਟੋ ਘੱਟ ਸਸਤੇ ਜ਼ਰੂਰ ਸਿਊਂਦਾ ਹੋਊ।'

'ਗਲ ਤਾਂ ਠੀਕ ਆ ਵਿਚਾਰ ਕਰਦੇਂ', 'ਪਰ ਇਕ ਗਲ ਦਾ ਖਿਆਲ ਰਖਿਓ ਪ੍ਰਧਾਨਗੀ ਮੰਡਲ ਵਿਚ ਮੈਨੂੰ ਬਿਠਾਣਾ ਜ਼ਰੂਰ ਆ' ਇੱਛਾ ਧਾਰੀ ਪੋਤਰੇ ਨੇ ਹੁਕਮ ਸੁਣਾਇਆ।

'ਇੰਜ ਤਾਂ ਫੇਰ ਮੇਰਾ ਮਾਮਾ ਵੀ ਬੜਾ ਦਾਨੀ ਸੀ, ਕਈ ਗੁਰਦੁਆਰਿਆਂ ਦਾ ਪ੍ਰਧਾਨ ਸੀ ਉਹ, ਜੇ ਉਹਦੇ ਨਾਮ ਤੇ ਸਨਮਾਨ ਦੇਂਦੇ

ਹੋ ਤਾਂ ਮੈਂ ਦੇਣਾ ਰਾਸ਼ੀ' ਇਕ ਹੋਰ ਭਾਣਜੇ ਨੇ ਮੈਦਾਨ ਵਿਚ ਨਿੱਤਰ ਐਲਾਨ ਕੀਤਾ।

'ਲੈ ਫੇਰ ਸਾਡੀ ਬੇਬੇ ਵੀ ਕਮਾਲ ਸੀ, ਆਂਢ-ਗੁਆਂਢ ਕੋਈ ਕੰਮ ਹੋਵੇ, ਝੱਟ ਤੁਰ ਪੈਂਦੀ ਸੀ। ਦਾਈ ਨੂੰ ਸੱਦਣ ਤੋਂ ਲੈਕੇ ਰੋਣ ਪਿੱਟਣ ਤਕ ਦੇ ਸਾਰੇ ਕੰਮ ਜਾਣਦੀ, ਲੋਕ ਸੇਵਾ ਉਸਦੇ ਵਿਚ ਕੁੱਟ ਕੁੱਟ ਕੇ ਭਰੀ ਸੀ। ਤਾਹੀਓ ਕਈ ਲੋਕ ਕਹਿੰਦੇ ਸੀ, 'ਨੂੰਹ ਨਾਲ ਬਣੀ ਨੀ, ਗੁਆਂਢ ਨਾਲ ਲੜੀ ਨੀ।' ਕਰੋ ਤਾਂ ਉਹਦੇ ਨਾਮ ਤੇ ਸਨਮਾਨ ਦਾ ਐਲਾਨ, ਅਸੀਂ ਪੰਜੇ ਭਰਾ ਪਾਵਾਂਗੇ ਹਿਸਾ।' ਓਦਰੇ ਪੁੱਤ ਨੂੰ ਵੀ ਮਾਂ ਦਾ ਖਿਆਲ ਆ ਗਿਆ ਤੇ ਉਸਨੂੰ ਕਹਿਣ ਦੀ ਲੋੜ ਨਹੀਂ ਪਈ ਕਿ ਉਹ ਵੀ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਚਾਹਵਾਨ ਹੈ। ਆਖਰ ਇਕ ਵਿਦੇਸ਼ੀ ਦਾ ਸਨਮਾਨ ਹੋਣਾ ਹੈ, ਕਿਸੇ ਲੋਕਲ ਲੇਖਕ ਦਾ ਨਹੀਂ।

'ਕੋਈ ਪੜ੍ਹਿਆ ਲਿਖਿਆ ਵੀ ਰੱਖ ਲਵੋ ਪ੍ਰਧਾਨਗੀ ਮੰਡਲ ਵਿਚ', ਕਿਸੇ ਨੇ ਹਲਕੀ ਜਿਹੀ ਚੋਭ ਲਾਈ।

'ਆਪਣਾ ਸਾਬਕਾ ਪ੍ਰਧਾਨ ਹੈਗਾ'

'ਉਹਨੇ ਤਾਂ ਆਪੇ ਆ ਬਹਿਣ ਸਟੇਜ ਤੇ ਚੜ੍ਹਕੇ'

'ਫੇਰ ਅਕਾਡਮੀ ਅਵਾਰਡ ਜੇਤੂ ਲੇਖਕ ਸੱਦ ਲੈਂਨੇ ਆ!'

'ਉਹਨੂੰ ਤਾਂ ਮੁਢਲੇ ਸ਼ਬਦਾਂ ਲਈ ਸਦਾਂਗੇ, ਪ੍ਰਧਾਨਗੀ ਮੰਡਲ 'ਚ ਤਾਂ ਬੈਠੂਗਾ ਹੀ।'

'ਅੱਛਾ ਉਸ ਰਾਜਨੀਤਕ ਲੀਡਰ ਨੂੰ ਸੱਦ ਲੈਂਦੇ ਆ, ਉਹ ਵੀ ਬੜੇ ਮੇਲੇ ਮੂਲੇ ਲਾਉਂਦਾ!'

'ਉਹਨੇ ਤਾਂ ਆਪੇ ਆ ਜਾਣਾ ਵਿਦੇਸ਼ੀ ਦਾ ਨਾਮ ਸੁਣਕੇ, ਉਹ ਬਾਹਰ ਠਹਿਰ ਕਿ ਆਇਆ ਇਹਦੇ ਕੋਲ ਇਕ ਦੋ ਵਾਰ, ਆਇਆ ਤਾਂ ਪ੍ਰਧਾਨਗੀ ਮੰਡਲ 'ਚ ਬਠਾਵਾਂਗੇ ਹੀ'

'ਉਹਨੂੰ----------?'

'----ਆਪੇ ਆਊ--------'

'----------?'

'--------ਆਊ'

‘------------?’

‘----------ਆਊ’

----------ਆਊ

-----------ਆਊ

‘ਇੰਜ ਤਾਂ ਪ੍ਰਧਾਨਗੀ ਮੰਡਲ ਹੀ ਬਹੁਤ ਵੱਡਾ ਹੋ ਗਿਆ। ਪਰ ਹੁਣ ਕਿਸੇ ਨੂੰ ਛੱਡ ਵੀ ਤਾਂ ਨਹੀਂ ਸਕਦੇ। ਪਰ ਸਰੋਤੇ ਕੌਣ ਕੱਠੇ ਕਰੂ’

‘ਉਹ ਤੂੰ ਫਿਕਰ ਨਾ ਕਰ ਆਪੇ ਅਖਬਾਰਾਂ ’ਚੋਂ ਖਬਰਾਂ ਪੜ੍ਹ ਕਿ ਆ ਜਾਣਗੇ।’

# ਦਿੱਲੀਓਂ ਮਨਜ਼ੂਰਸ਼ੁਦਾ

ਖੁੱਤਾਂ ਦੇ ਦੇਸ਼ ਵਿਚ ਜੇਕਰ ਕਿਸੇ ਨੇ ਕੋਈ ਕੰਮ ਕਰਨਾ ਹੋਵੇ ਤਾਂ ਆਪਣੇ ਆਪ ਨਹੀਂ ਕਰ ਸਕਦਾ। ਹਰ ਕੰਮ ਕਰਨ ਲਈ ਕੁਝ ਅਸੂਲ ਕਾਨੂੰਨ ਹਨ। ਜੇਕਰ ਤੁਸੀਂ ਫੈਕਟਰੀ ਲਾਓਣੀ ਹੈ ਤਾਂ ਸਭ ਤੋਂ ਪਹਿਲਾਂ ਜ਼ਮੀਨ ਨੂੰ ਵਪਾਰਕ ਤੌਰ ਤੇ ਵਰਤਣ ਦਾ ਸਾਰਟੀਫਿਕੇਟ ਲੈਣਾ ਪਵੇਗਾ ਤੇ ਫੇਰ ਪ੍ਰਦੂਸ਼ਣ ਵਾਲੇ ਅਲੱਗ ਹਲਫ਼ਨਾਮਾ ਲੈਣਗੇ, ਤਾਂਹੀ ਗਿਦੜ ਪਰਚੀ ਦੇਣਗੇ। ਇਸੇ ਤਰ੍ਹਾਂ ਹੋਰ ਕੰਮਾਂ ਲਈ ਵੀ ਵੱਖ-ਵੱਖ ਵਿਭਾਗਾਂ ਤੋਂ ਮੰਨਜ਼ੂਰੀ ਲੈਣੀ ਪੈਂਦੀ ਹੈ।

ਜਿਵੇਂ ਹਰ ਕੰਮ ਕਰਨ ਦੀ ਇਕ ਸੀਮਾ ਹੁੰਦੀ ਹੈ ਉਵੇਂ ਹੀ ਮਨਜ਼ੂਰੀ ਲੈਣ ਦੀ ਵੀ ਇਕ ਸੀਮਾ ਹੁੰਦੀ ਹੈ। ਛੋਟੇ ਮੋਟੇ ਕੰਮ ਜਿਵੇਂ ਨਾਈ ਦਾ, ਚਾਹ ਦਾ ਖੋਖਾ ਜਾਂ ਸੈਕਲ ਪੈਂਕਚਰ ਆਦਿ ਲਈ ਸਿਰਫ ਰੋਡ ਇੰਸਪੈਕਟਰ ਨਾਲ ਹੀ ਹਿੱਸਾ ਪਤੀ ਕਰਨੀ ਪੈਂਦੀ ਹੈ। ਪਰ ਥੋੜੀਆਂ ਪੱਕੀਆਂ ਦੁਕਾਨਾਂ ਲਈ ਕਮੇਟੀ ਵਿਚ 100 ਤੋਂ ਲੈ ਕੇ 500 ਤਕ ਦੇਕੇ ਰਸੀਦ ਕਟਵਾਉਣੀ ਲਾਜ਼ਮੀ ਹੈ। ਇਸੇ ਤਰ੍ਹਾਂ ਵਪਾਰ ਦੀ ਸੀਮਾ ਵੱਧਣ ਨਾਲ ਵੱਡੀਆਂ ਮਨਜ਼ੂਰੀਆਂ ਚਾਹੀਦੀਆਂ ਹਨ ਜੋ ਪਿੰਡ ਦੇ ਸਰਪੰਚ ਤੋਂ ਸ਼ੁਰੂ ਹੋ ਕੇ, ਬਲਾਕ ਡਿਵੈਲਪਮੈਂਟ ਅਫਸਰ ਥਾਣੀ ਹੁੰਦੀਆਂ, ਰਾਜ ਸਰਕਾਰਾਂ ਦੇ ਚਕਰਵਿਊ ਵਿਚੋਂ ਲੰਘਦੀਆਂ ਕਈ ਵਾਰੀ ਦਿੱਲੀ ਤਕ ਪਹੁੰਚ ਜਾਂਦੀਆਂ ਹਨ।

ਇਹ ਤਾਂ ਸੀ ਗਲ ਵਪਾਰਕ ਮਨਜ਼ੂਰੀਆਂ ਦੀ, ਅਜ ਕਲ ਤਾਂ ਲਿਖਣ ਲਈ ਵੀ ਮਨਜ਼ੂਰੀ ਚਾਹੀਦੀ ਹੈ। ਬਸ ਤੁਹਾਨੂੰ ਆਪਣੀ ਸੀਮਾ ਮਿਥਣੀ ਪਵੇਗੀ। ਜੇਕਰ ਤੁਸੀਂ ਛੋਟੀ ਮੋਟੀ ਮਿੰਨੀ ਕਹਾਣੀ ਜਾਂ ਤੁੱਕਬੰਦੀ ਕਰਦੇ ਹੋ ਤਾਂ ਲੋਕਲ ਛਪਦੇ ਰਸਾਲੇ ਤੁਹਾਡਾ ਡੰਗ ਟਪਾ ਦੇਣਗੇ, ਥੋੜਾ ਹੋਰ ਆਸਵੰਦ ਹੋ ਤਾਂ ਕਿਸੇ ਸਾਹਿਤ ਸਭਾ ਦੀ ਪ੍ਰਵਾਨਗੀ ਅੱਛੀ ਰਹੇਗੀ। ਜੇਕਰ ਤੁਹਾਡੀ ਕਲਮ ਚੱਲਣੋਂ ਹੀ ਨਹੀਂ ਹਟਦੀ ਤਾਂ ਕਿਸੇ ਅਖ਼ਬਾਰੀ ਸੰਪਾਦਕ ਦੀ 'ਹਾਂ' ਤੁਹਾਡਾ ਹੌਸਲਾ ਵਧਾ ਸਕਦੀ ਹੈ। ਲਗਾਤਾਰ ਧਾਰਮਕ ਲਿਖਦੇ ਹੋ ਤਾਂ ਬੇਸ਼ੁਮਾਰ ਧਾਰਮਿਕ ਅਦਾਰੇ ਹਨ ਜੋ ਤੁਹਾਡੇ ਲਈ ਕਵੀ ਦਰਬਾਰ ਜਾਂ ਗੋਸ਼ਟੀ ਕਰਨ ਲਈ ਸਹਿਮਤ ਹੋਣਗੇ। ਜੇਕਰ ਤੁਸੀਂ ਕੁਝ ਪੈਸੇ ਖਰਚ ਕਰ

ਸਕਦੇ ਹੋ ਤਾਂ ਤੁਹਾਨੂੰ ਛਾਪਣ ਲਈ ਕੋਈ ਪ੍ਰਕਾਸ਼ਕ ਵੀ ਹਾਂ ਕਰ ਸਕਦਾ ਹੈ। ਤੁਹਾਡੀ ਰਚਨਾ ਵਿਚ ਅਗਰ ਦਮ ਹੈ ਤਾਂ ਤੁਹਾਡੇ ਆਲੇ ਦੁਆਲੇ ਕੁਝ ਮਿੱਤਰ ਮੰਡਲੀ ਜਮ੍ਹਾਂ ਹੋ ਸਕਦੀ ਹੈ ਜੋ ਤੁਹਾਨੂੰ ਲੇਖਕ ਅਖਵਾਉਣ ਦੀ ਪ੍ਰਵਾਨਗੀ ਦੇ ਦੇਵੇਗੀ। ਪਰ ਕਿਸੇ ਲੇਖਕ ਦੀ ਪੂਰੀ ਤਸੱਲੀ ਤਾਂ ਹੀ ਹੁੰਦੀ ਹੈ ਜੇ ਉਸਨੂੰ ਕੋਈ ਅਪਣਾ ਲਵੇ। ਪੰਜਾਬੀ ਵਿਚ ਖੁਸ਼ਕਿਸਮਤੀ ਨਾਲ ਇਕ ਇਹੋ ਜਿਹਾ ਗੁੱਟ-ਗਰੋਹ ਹੈ ਜੋ ਇੰਜ ਕਰਕੇ ਲੇਖਕਾਂ ਦੀ ਮਦਦ ਕਰਦਾ ਹੈ। ਇਸਦਾ ਨਾਮ 'ਦਿੱਲੀ ਦਰਬਾਰ' ਹੈ। ਇਸਦੇ ਮੁੱਖ ਪ੍ਰਧਾਨ ਦਿੱਲੀ ਰਹਿੰਦੇ ਹਨ ਤੇ ਇਸਦੀਆਂ ਪੰਜਾਬ ਵਿਚ ਦੋ ਤਿੰਨ ਥਾਵਾਂ ਤੇ ਬਰਾਂਚਾਂ ਹਨ। ਇਹ ਤੁਹਾਨੂੰ ਲੇਖਕ ਕਹਾਉਣ ਦੀ ਮਨਜ਼ੂਰੀ ਦੇ ਸਕਦੇ ਹਨ ਜੇਕਰ ਤੁਸੀਂ ਹੇਠ ਲਿਖੀਆਂ ਕੁਝ ਸ਼ਰਤਾਂ ਪੂਰੀਆਂ ਕਰਦੇ ਹੋ।

* ਜੇਕਰ ਤੁਸੀਂ ਬੇਹਦ ਖੂਬਸੂਰਤ ਹੋ ਤੇ ਔਰਤ ਹੋ ਤਾਂ, ਕਵਿਤਾ ਵੀ ਇਹ ਆਪੇ ਲਿਖ ਕਿ ਦੇ ਦੇਣਗੇ।

* ਦਾਰੂ ਦੇ ਅੰਗ-ਸੰਗ ਰਹਿੰਦੇ ਹੋ।

* ਪੈਸੇ ਵਾਲੇ ਬਾਬਿਆਂ ਜਾਂ ਸੰਸਥਾਵਾਂ ਦੇ ਤੁਸੀਂ ਕਰਿੰਦੇ ਜਾਂ ਮਿੱਤਰ ਹੋ।

* ਤੁਹਾਡੀ ਰਚਨਾ ਆਮ ਮਨੁੱਖ ਦੀ ਸਮਝ ਤੋਂ ਬਾਹਰ ਹੈ।

* ਸਾਲ ਵਿਚ ਘਟੋ-ਘੱਟ ਦੋ ਵਾਰੀ ਤੁਸੀਂ ਪ੍ਰਧਾਨ ਜੀ ਦਾ ਪੰਜਾਬ ਦੌਰਾ ਸਪਾਂਸਰ ਕਰ ਸਕਦੇ ਹੋ।

ਇਸ ਤੋਂ ਇਲਾਵਾ ਹੋਰ ਵੀ ਛੋਟੀਆਂ ਮੋਟੀਆਂ ਯੋਗਤਾਵਾਂ ਹਨ ਜੋ ਤੁਹਾਨੂੰ ਲੇਖਕ ਰੂਪੀ ਕਾਰਖਾਨਾ ਲਾਉਣ ਦੀ ਮਨਜ਼ੂਰੀ ਦਵਾ ਸਕਦੀਆਂ ਹਨ। ਸੋ ਜੇਕਰ ਕਿਤੇ ਹੋਰ ਤੁਹਾਡਾ ਦਾਅ ਨਹੀਂ ਲਗਦਾ ਤਾਂ ਲੈ ਲਵੋ ਦਿੱਲੀਓਂ ਮਨਜ਼ੂਰੀ ਤੇ ਬਣ ਜਾਓ ਲੇਖਕ।

# ਵੱਡਾ ਫੁੱਲ

ਫੁੱਲ ਨਾਮ ਹੀ ਐਸਾ ਹੈ ਕਿ ਜਦ ਵੀ ਇਸਦਾ ਜ਼ਿਕਰ ਆਵੇ ਇਹ ਬਦੋਬਦੀ ਮਨ ਵਿਚ ਖਿੜ ਉਠਦਾ ਹੈ। ਸੁੰਦਰ, ਮੁਲਾਇਮ ਤੇ ਨਾਜ਼ੁਕ ਬਣਤਰ ਇਸਦੀਆਂ ਖ਼ੁਸ਼ਬੂਆਂ ਨੂੰ ਹਰ ਪਾਸੇ ਸਲਾਹੁਣਯੋਗ ਬਣਾ ਦੇਂਦੀ ਹੈ। ਜਿਸ ਮਨੁੱਖ ਦੇ ਹੱਥ ਵਿਚ ਫੁੱਲ ਫੜਿਆ ਹੋਵੇ ਉਹ ਮਾਨੋ ਆਪਣੇ ਆਪ ਨੂੰ ਖੁਸ਼ਦਿਲ ਸਮਝਣ ਲਗ ਜਾਂਦਾ ਹੈ ਤੇ ਦੇਖਣ ਵਾਲੇ ਲਈ ਇਹ ਇਕ ਅਨੋਖਾ ਪ੍ਰਭਾਵਸ਼ਾਲੀ ਵਿਅਕਤੀ ਲਗਦਾ ਹੈ। ਕਿਸੇ ਨੂੰ ਫੁੱਲ ਭੇਂਟ ਕਰਨਾ ਉਸਦੀ ਇਜ਼ਤ ਵਜੋਂ ਜਾਣਿਆ ਜਾਂਦਾ ਹੈ। ਆਏ ਮਹਿਮਾਨ ਨੂੰ ਸੰਸਥਾਵਾਂ ਰੰਗ ਬਰੰਗੇ ਫੁੱਲਾਂ ਦੇ ਗੁਲਦਸਤੇ ਪੇਸ਼ ਕਰਦੀਆਂ ਹਨ। ਹੁਣ ਤਾਂ ਫੁੱਲਾਂ ਦਾ ਗੁਲਦਸਤਾ ਪੇਸ਼ ਕਰਨਾ ਇਕ ਉਪਚਾਰਕ ਰਸਮ ਵੀ ਬਣ ਗਿਆ ਹੈ। ਸਟੇਜ ਤੋਂ ਬਕਾਇਦਾ ਅਨਾਊਂਸ ਕਰਕੇ ਮਹਿਮਾਨਾਂ ਨੂੰ ਫੁੱਲ ਭੇ ਂਟ ਕੀਤੇ ਜਾਂਦੇ ਹਨ।

ਜਿੱਥੇ ਇਹ ਤਾਜ਼ਾ ਕੁਦਰਤੀ ਫੁੱਲ ਹੁੰਦੇ ਹਨ, ਉਥੇ ਨਾਲ ਹੀ ਨਕਲੀ ਫੁੱਲ ਵੀ ਕੁਝ ਹਿੱਸਾ ਵੰਡਾਉਂਦੇ ਹਨ। ਭਾਵੇਂ ਉਹਨਾਂ ਵਿਚ ਖ਼ੁਸ਼ਬੂ ਨਹੀਂ ਹੁੰਦੀ ਪਰ ਫੇਰ ਵੀ ਦੂਰ ਬੈਠੇ/ਖੜ੍ਹੇ ਬੰਦੇ ਉਹਨਾਂ ਨੂੰ ਖ਼ੁਸ਼ਬੂਦਾਰ ਸਮਝ ਤਾਂ ਸਕਦੇ ਹਨ। ਇਹਨਾਂ ਫੁੱਲਾਂ ਦੀ ਖਾਸੀਅਤ ਹੈ ਕਿ ਇਹ ਕਈ ਕਈ ਪ੍ਰੋਗਰਾਮ ਨਿਭਾ ਸਕਦੇ ਹਨ। ਥੋੜਾ ਬਹੁਤ ਝਾੜ-ਪੂੰਝ ਨਾਲ ਇਹ ਜ਼ਿਆਦਾ ਸਮਾਂ ਵੀ ਕੱਢ ਸਕਦੇ ਹਨ।

ਪਰ ਕੁਝ ਇਹੋ ਜਿਹੇ ਵੀ ਫੁੱਲ ਹਨ ਜੋ ਕਿਸੇ ਗਮਲੇ ਵਿਚ ਨਹੀਂ ਲਗਦੇ। ਇਹ ਗੋਲ ਅਕਾਰ ਦੇ ਹੁੰਦੇ ਹਨ ਤੇ ਇਹਨਾਂ ਵਿਚ ਹੇਠਲੀ ਟਾਹਣੀ ਦੀ ਥਾਂ, ਦੋ ਰਿਬਨਾਂ ਦੀਆਂ ਪੱਤੀਆਂ ਹੁੰਦੀਆਂ ਹਨ। ਇਹਨਾਂ ਦਾ ਮੁੱਢਲਾ ਕੰਮ ਪ੍ਰਬੰਧਕਾਂ ਦੀ ਪਹਿਚਾਣ ਕਰਵਾਉਣਾ ਹੁੰਦਾ ਹੈ। ਕਿਸੇ ਵੀ ਸਮਾਗਮ ਵਿਚ ਹਿੱਕ ਦੇ ਖੱਬੇ ਜਾਂ ਸੱਜੇ ਪਾਸੇ ਲਗੇ ਇਹ ਗੋਲ ਅਕਾਰੀ ਫੁੱਲ ਤੁਹਾਨੂੰ ਸਹਿਜੇ ਹੀ ਕਿਸੇ ਜ਼ਿੰਮੇਵਾਰ ਬੰਦੇ ਦੀ ਪਹਿਚਾਣ ਕਰਵਾ ਦੇਣਗੇ। ਨਾਲੇ ਜਿੰਨ੍ਹਾਂ ਵੱਡਾ ਫੁੱਲ ਉਨ੍ਹਾ ਵੱਡਾ ਅਹੁਦਾ। ਪ੍ਰਧਾਨ, ਮੀਤ ਪ੍ਰਧਾਨ ਤੇ ਸੈਕਟਰੀ ਅਕਸਰ ਵੱਡੇ ਫੁੱਲ ਲਾਉਂਦੇ ਹਨ। ਬਾਕੀ ਫੌਜ ਲਈ ਛੋਟਾ ਸਾਇਜ਼ ਹੁੰਦਾ ਹੈ। ਝਗੜਾ ਏਥੋਂ ਹੀ ਸ਼ੁਰੂ ਹੁੰਦਾ ਹੈ। ਫੁੱਲ ਥੋੜੇ ਬਣਾਏ

ਜਾਂਦੇ ਹਨ ਤੇ ਫੌਜ ਵੱਡੀ ਹੁੰਦੀ ਹੈ। ਕੁਝ ਫੁੱਲ ਪਤਰਕਾਰਾਂ ਲਈ ਹੁੰਦੇ ਹਨ, ਇਕ ਦੋ ਵੱਡੇ ਫੁੱਲ ਮੁਖ ਮਹਿਮਾਨਾਂ ਲਈ ਰਾਖਵੇਂ ਰੱਖੇ ਹੋਏ ਹੁੰਦੇ ਹਨ।

ਪਰ ਕੁਝ ਇਹੋ ਜਿਹੇ ਸ਼ਖਸ਼ ਹੁੰਦੇ ਹਨ ਜੋ ਅਕਸਰ ਹੀ ਸਮਾਗਮਾਂ ਵਿਚ ਜਾਂਦੇ ਰਹਿੰਦੇ ਹਨ। ਮੁੱਖ ਮਹਿਮਾਨ ਦੇ ਨੇੜੇ ਹੋਕੇ ਬੈਠਣਾ ਉਹਨਾਂ ਦੀ ਪਹਿਲੀ ਖਾਹਿਸ਼ ਹੁੰਦੀ ਹੈ। ਕਿਉਂਕਿ ਉਹ ਰੋਜ਼ ਦੇ ਵਪਾਰੀ ਹੁੰਦੇ ਹਨ। ਇਸ ਲਈ ਜਰਾ ਅੜਬ ਕਿਸਮ ਦੇ ਪ੍ਰਬੰਧਕ ਉਹਨਾਂ ਨੂੰ ਕਿਸੇ ਵੀ ਕਿਸਮ ਦਾ ਫੁੱਲ ਦੇਣ ਦੀ ਖੇਚਲ ਨਹੀਂ ਕਰਦੇ, ਇਹਨਾਂ ਨੇ ਵੀ ਇਸਦਾ ਰਾਹ ਕਢਿਆ ਹੋਇਆ ਹੈ। ਇਹ ਘਰੋਂ ਹੀ ਇਕ ਵੱਡਾ ਫੁੱਲ ਸਾਹਮਣੇ ਕੋਟ ਉਤੇ ਲਾਕੇ ਆਉਂਦੇ ਹਨ। ਇਸ ਨਾਲ ਇਕ ਤਾਂ ਬਾਹਰਲੇ ਗੇਟ ਤੇ ਹੀ ਕੋਈ ਨਹੀਂ ਰੋਕਦਾ ਤੇ ਦੂਜਾ ਇਹ ਅਰਾਮ ਨਾਲ ਅਗਲੀਆਂ ਕਤਾਰਾਂ ਵਿਚ ਜਾ ਪਹੁੰਚਦੇ ਹਨ। ਇਹ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਜੇ ਆਖ ਦੇਈਏ ਕਿ ਇਹ ਵੱਡਾ ਫੁੱਲ ਵੀ ਉਹਨਾਂ ਕਿਸੇ ਮੁੱਖ ਮਹਿਮਾਨ ਨੂੰ ਚਾਹ ਪਾਣੀ ਪਿਲਾਉਣ ਲਗੇ ਕੋਟ ਝਾੜਨ ਦੇ ਬਹਾਨੇ ਲਾਹ ਲਿਆ ਹੋਵੇ।

# ਹਾਤੇ ਵਿਚ ਕਵੀ ਦਰਬਾਰ

ਖੁਸ਼ੀ ਖੁਸ਼ੀ ਸਨਮਾਨ ਦੀ ਰਸਮ ਪੂਰੀ ਹੋ ਗਈ। ਪ੍ਰਬੰਧਕਾਂ ਨੇ ਹਰ ਸਫਾਈ ਦੇਕੇ ਸਨਮਾਨਾਂ ਦੀ ਚੋਣ ਨੂੰ ਨਿਰਪੱਖ ਤੇ ਸਾਹਿੱਤਕ ਕਰਾਰ ਦਿੱਤਾ। ਸਾਰੀਆਂ ਹੀ ਧਿਰਾਂ (ਸਨਮਾਨ ਲੈਣ ਵਾਲੇ, ਦੇਣ ਵਾਲੇ ਤੇ ਦੇਖਣ ਵਾਲੇ) ਸੰਤੁਸ਼ਟ ਸਨ। ਸਮਾਗਮ ਦੇ ਦੌਰਾਨ ਚਾਹ ਤੇ ਬਿਸਕੁਟਾਂ ਦਾ ਪ੍ਰਬੰਧ ਸੀ। ਇਕ ਸਬਜ਼ੀ, ਇਕ ਦਾਲ, ਇਕ ਮਟਰ ਪਨੀਰ ਤੇ ਦਹੀਂ ਦੇ ਨਾਲ ਤੰਦੂਰੀ ਰੋਟੀਆਂ ਅਤੇ ਮੂਲੀਆਂ, ਟਮਾਟਰਾਂ, ਪਿਆਜ਼ਾਂ ਦਾ ਸਲਾਦ, ਲੰਗਰ ਦੇ ਨਾਂਅ ਹੇਠ ਸਭ ਲਈ ਹਾਜ਼ਰ ਸੀ।

'ਚਲੋ ਬਈ ਚਲੋ', ਅਸੀਂ ਜਾਂ ਤਾਂ ਇਸੇ ਚੌਂਕ ਵਿਚ ਹੋਵਾਂਗੇ ਜਾਂ ਫੇਰ ਉਸ ਮਸ਼ਹੂਰ ਮਾਰਕੀਟ ਵਾਲੇ ਹਾਤੇ ਵਿਚ, ਇਹ ਸ਼ਬਦ ਸਦਣਯੋਗ ਵਿਅਕਤੀਆਂ ਨੂੰ ਕੱਲੇ ਕੱਲੇ ਕਰ ਕਿ ਕਹਿ ਦਿਤੇ ਗਏ। ਜਦ ਤਕ ਉਥੇ ਪਹੁੰਚੇ ਤਾਂ ਅੰਦਰ ਟੇਬਲ ਜੋੜੀ ਕੁਝ ਲੇਖਕਗਨ ਪਹਿਲੋਂ ਹੀ ਪੁਜੀਸ਼ਨਾਂ ਲਈ ਬੈਠੇ ਸਨ। ਇਨਾਮ ਦੀ ਰਾਸ਼ੀ ਦੇ ਇਕ ਖਾਸ ਭਾਗ ਨੂੰ ਇਸ ਕਾਰਜ ਲਈ ਖਰਚਣਾ ਸੀ, ਇਸ ਲਈ ਉਸੇ ਪੱਧਰ ਦੀਆਂ ਲਾਲ ਪਰੀਆਂ ਆ ਗਈਆਂ।

'ਦੇਖਿਓ ਬਈ, ਗੁੱਟ ਬੰਦੀਆਂ ਕਰ ਕੇ ਗੱਲਾਂ ਨਹੀਂ ਕਰਨੀਆਂ, ਸਭ ਗੱਲਾਂ ਸਾਂਝੀਆਂ ਹੋਣੀਆਂ ਚਾਹੀਦੀਆਂ। 'ਏਤਰਾਂ ਕਰੋ ਐਨੂੰ ਸਕੱਤਰ ਚੁਣ ਲੈ ਨੇ ਹਾਂ, ਤੂੰ ਚਲਾ ਬਈ ਮਹਿਫਲ ਦੀ ਕਾਰਵਾਈ'

'ਦੋਸਤੋ ਇਸ ਰੰਗੀਨ ਮਹਿਫਲ ਦੀਆਂ ਮੁਬਾਰਕਾਂ, ਸਨਮਾਨਿਤ ਮਿੱਤਰ ਨੂੰ ਵਧਾਈ ਤਾਂ ਦੇਣੀ ਹੀ ਹੈ, ਤੁਸੀਂ ਕੁਝ ਨਾ ਕੁਝ ਜ਼ਰੂਰ ਸੁਣਾਇਓ ਚਾਹੇ ਚੁਟਕਲਾ ਹੀ ਹੋਵੇ'। ਸ਼ੁਰੂ ਕਰਦੇ ਹਾਂ ਮਹਿਮਾਨ ਨਿਵਾਜ਼ ਦੇ ਨਾਲ ਹੀ।

'ਮੈਨੂੰ ਯਾਦ ਆਉਂਦਾ ਮਹਿਬੂਬ ਦਾ ਘਰ...........'

'ਨਾ ਬਈ ਨਾ ਪਹਿਲੋਂ ਇਹ ਦਸ ਕਿਹੜੀ?' ਇਕ ਬੋਲਿਆ

'ਘੱਟੋ ਘੱਟ ਤੇਰੀ ਵਾਲੀ ਨਹੀਂ ਸੀ'– ਜਵਾਬ ਮਿਲਿਆ

'ਕਿਉ" ਚਿੱਟੀਆਂ ਦਾੜ੍ਹੀਆਂ ਕਰੀ ਪੋਤੜੇ ਫੋਲਦੇਓ?' ਅਵਾਜ਼ ਉਠੀ

'ਚਲੋ ਛੱਡੋ ਮੈਂ ਖੂਬਸੂਰਤ ਆਵਾਜ਼ ਦੇ ਮਾਲਕ.........ਨੂੰ ਕਹਾਂਗਾ ਕਿ ਮਹਿਫ਼ਿਲ ਨੂੰ ਤਰ ਕਰਨ' ਸਕੱਤਰ ਨੇ ਰੁੱਖ ਬਦਲਿਆ

'ਸ਼ਹਿਰ ਤੇਰੇ ਨੇ ਨਹੀ ਝਲਣਾ ਵਿਛੋੜਾ ਤੇਰੇ ਯਾਰ ਦਾ.......' ਗੀਤ ਛੇ ਮਿੰਟ ਚਲਦਾ ਰਿਹਾ।

'ਹੁਣ ਗੁਜ਼ਾਰਿਸ਼ ਹੈ ਲਾਗਲੇ ਕਸਬੇ ਤੋਂ ਆਏ.........ਸ਼ਾਇਰ ਦੀ'

'ਹਾਲੇ ਤਾਂ ਪੌਣ ਹੀ ਨਹੀਂ ਆਈ, ਤੁਸੀਂ ਭਾਲਦੇ ਹੋ ਪਹਿਲੇ ਪੈੱਗ 'ਚ ਹੀ ਕਵਿਤਾ', ਸ਼ਾਇਰ ਨੇ ਕੋਰਾ ਜਵਾਬ ਦੇ ਦਿੱਤਾ।

'ਪਾਣੀ ਲਿਆ ਓਏ', 'ਦੋ ਸੋਡੇ ਵੀ ਫੜੀ ਲਿਆਈ'

'ਆਹ ਕੋਲਾ ਤਾਂ ਨਕਲੀ' 'ਹਾਤੇ 'ਚ ਅਸਲੀ ਤਾਂ ਚਿਹਰੇ ਹੀ ਹੁੰਦੇ ਆ ਬਾਕੀ ਸਭ ਨਕਲੀ', 'ਕੌਣ ਕਹਿੰਦਾ ਪੁਰਾਣਾ ਸਭਿਆਚਾਰ ਨਹੀਂ ਚਾਹੀਦਾ?' 'ਤੈਨੂੰ ਜ਼ਿਆਦਾ ਪਤਾ ਸਭਿਆਚਾਰ ਕੀ ਹੁੰਦਾ?' ਸਭ ਪਾਸੇ ਅਵਾਜ਼ਾਂ ਹੀ ਅਵਾਜ਼ਾਂ ਸਨ। ਹਰ ਕੋਈ ਉੱਚੀ ਬੋਲ ਕਿ ਆਪਣੀ ਗਲ ਕਹਿੰਣਾ ਚਾਹੁੰਦਾ ਸੀ ਪਰ ਸੁਨਣ ਲਈ ਕੋਈ ਤਿਆਰ ਨਹੀਂ ਸੀ।

'ਪੈਗ ਹਲਕਾ ਰੱਖੀਂ", 'ਸੋਡਾ ਮੁੱਕ ਗਿਆ?' 'ਓਏ ਛੋਟੇ ਲਿਆ ਸੋਡਾ ਛੇਤੀ ਦੇਣੀਂ, ਬੇਜ਼ਤੀ ਕਰਾਈ ਜਾਨਾ।' ਅਵਾਜ਼ਾਂ ਖਤਮ ਨਹੀਂ ਸਨ ਹੋ ਰਹੀਆਂ।

'ਤੁਸੀਂ ਸੁਣਾਓ ਜੀ ਆਪਣੀ ਤਾਜ਼ਾ ਨਜ਼ਮ' ਸਕੱਤਰ ਨੇ ਇਕ ਹੋਰ ਕਵੀ ਨੂੰ ਆਖਿਆ।

'ਮੁਹੱਬਤ ਮੇਂ.........' ਕਵੀ ਦੀ ਨਜ਼ਮ ਹਾਲੇ ਅਧੂਰੀ ਸੀ 'ਅਸੀਂ ਤਾਂ ਚਲੇ ਹਾਂ, ਸਾਡੀ ਬਸ ਦਾ ਟੈਮ ਹੋ ਗਿਆ। ਪਿੰਡ ਵੀ ਪਹੁੰਚਣਾ', ਦੋ ਤਿੰਨ ਜਣੇ ਉੱਠ ਖੜੇ ਹੋਏ। 'ਬਹੁਤ ਬਹੁਤ ਧੰਨਵਾਦ, ਮੈਂ ਪਹੁੰਚਾਂਗਾ ਤੁਹਾਡੇ ਸਮਾਰੋਹ ਤੇ ਅਗਲੇ ਹਫ਼ਤੇ ' ਮੇਜ਼ਬਾਨ ਕਾਹਲੇ ਕਵੀਆਂ ਨੂੰ ਵਿਦਾਇਗੀ ਦੇ ਰਿਹਾ ਸੀ। 1.2.3.4.5............ਤੇ ਕਵੀ ਦਰਬਾਰ ਸੂਰਜ ਦੀ ਮੱਧਮ ਰੋਸ਼ਨੀ ਵਾਂਗ ਸੜਕਾਂ ਵਲ ਨੂੰ ਚਲ ਪਿਆ।

# ਭਗਤ ਸਿੰਘ ਤੇ ਹੀਰ

ਇਹ ਕਿਹੋ ਜਿਹਾ ਜੋੜ ਹੈ ਜਿਸਦੀ ਮੈਂ ਅਜ ਗਲ ਕਰਨ ਲੱਗਾ ਹਾਂ। ਤੁਸੀਂ ਆਖੋਗੇ ਕਿ ਇਹ ਸੁਮੇਲ ਹੈ ਜਾਂ ਕੁਮੇਲ ਜੋ ਇਕੱਠੇ ਇੱਕੋ ਮੰਚ 'ਤੇ ਆ ਗਏ ਹਨ। ਦੋਸਤੋ! ਘਬਰਾਓ ਨਾ, ਮੈਂ ਪੂਰੀ ਤਰ੍ਹਾਂ ਵਾਕਫ਼ ਹਾਂ ਦੋਹਾਂ ਤੋਂ। ਮੈਨੂੰ ਪਤਾ ਹੈ ਕਿ ਲਾਲਾ ਲਾਜਪਤ ਰਾਏ ਦੇ ਕਤਲ ਦਾ ਬਦਲਾ ਲੈਣ ਲਈ ਭਗਤ ਸਿੰਘ ਹੁਰਾਂ ਸਕਾਟ ਦੀ ਜਗ੍ਹਾ ਸਾਂਡਰਸ ਦਾ ਭੁਲੇਖੇ ਨਾਲ ਕਤਲ ਕਰ ਦਿੱਤਾ ਤੇ ਦੇਸ਼ ਦਾ ਸ਼ਹੀਦ ਹੋ ਗਿਆ। ਮੈਨੂੰ ਇਹ ਵੀ ਪਤਾ ਹੈ ਕਿ ਭਗਤ ਸਿੰਘ ਨੇ ਦਰਜਨਾਂ ਕਿਤਾਬਾਂ ਪੜ੍ਹੀਆਂ, ਮੈਨੂੰ ਇਹ ਵੀ ਪਤਾ ਹੈ ਕਿ ਭਗਤ ਸਿੰਘ ਕੋਮਨਿਸਟ ਵਿਚਾਰਧਾਰਾ ਦਾ ਵੀ ਸਹਿੰਦਾ ਸਹਿੰਦਾ ਹਾਮੀ ਸੀ। ਮੈਂ ਇਹ ਵੀ ਜਾਣਦਾ ਹਾਂ ਕਿ ਹਰ ਰਾਜਸੀ ਪਾਰਟੀ ਭਗਤ ਸਿੰਘ ਨੂੰ ਕਿਸੇ ਨਾ ਕਿਸੇ ਕਾਰਣ ਆਪਣਾ ਸ਼ਹੀਦ ਮੰਨਦੀ ਹੈ।

ਇਸੇ ਤਰ੍ਹਾਂ ਮੈਨੂੰ ਭਗਤ ਸਿੰਘ ਤੋਂ ਸਦੀਆਂ ਪਹਿਲੋਂ ਜਨਮੀ ਹੀਰ ਬਾਰੇ ਵੀ ਕੋਈ ਬਹੁਤੇ ਭੁਲੇਖੇ ਨਹੀਂ ਹਨ। ਰੱਜ ਕੇ ਸੋਹਣੀ ਸੀ ਹੀਰ ਤੇ ਬਾਪ ਨੇ ਲਾਡਲੀ ਹੀਰ ਨੂੰ ਸਦੀਆਂ ਪਹਿਲੋਂ ਬਾਗ ਵਿਚ ਪਲੰਘ ਲਗਵਾ ਕੇ ਦਿੱਤਾ ਹੋਇਆ ਸੀ। ਕਿਸੇ ਵੀ ਰਜਵਾੜੇ ਵਾਂਗ ਹੀਰ ਨੇ ਰਾਂਝੇ ਤੋਂ 12 ਸਾਲ ਮੱਝਾਂ ਚਰਵਾਈਆਂ, ਬਸ ਇੱਕ ਪ੍ਰੇਮ ਦੇ ਲਾਰੇ ਵਿਚ। ਮੈਂ ਪੜ੍ਹਿਆ ਕਿ ਆਕੜ ਖੋਰ ਹੀਰ ਨੇ ਪ੍ਰੇਮ ਪੀਂਘਾਂ ਪਾਉਣ ਤੋਂ ਪਹਿਲੋਂ ਰਾਂਝੇ ਨੂੰ ਝਾੜਿਆ-ਝੰਬਿਆ ਵੀ ਸੀ, ਤੇ ਵਕਤ ਆਉਣ ਤੇ ਕਿਸੇ ਵੀ ਹੋਰ ਧਰਮ ਪੁੱਤਰੀ ਵਾਂਗ ਡੋਲੀ ਚੜ੍ਹ, ਰਾਂਝੇ ਨੂੰ ਜੋਗੀ ਬਨਣ ਜੋਗਾ ਛੱਡ, ਖੇੜਿਆਂ ਦੇ ਜਾ ਪਹੁੰਚੀ। ਪਰ ਫਿਰ ਵੀ ਹਰ ਕਵੀ ਨੇ ਹੀਰ ਨੂੰ ਆਪਣੀ ਲਿਖਤ ਵਿਚ ਥਾਂ ਦਿੱਤੀ ਤੇ ਸਰਬ ਪ੍ਰਵਾਨਤ ਲੋਕ ਚਹੇਤੀ ਬਣਾ ਦਿੱਤਾ। ਦੋਸਤੋ ਇਹੀ ਤਾਂ ਇਕ ਸਾਂਝਾ ਗੁਣ ਸੀ ਦੋਹਾਂ ਵਿਚ, ਦੋਵੇਂ ਲੋਕ ਹੀਰੋ ਬਣੇ ਤੇ ਹਰ ਕੋਈ ਚਾਹੁੰਦਾ ਹੈ ਕਿ ਪੰਜਾਬ ਦੀ ਹਰ ਕੁੜੀ ਹੀਰ ਹੋਵੇ ਤੇ ਹਰ ਨੌਜਵਾਨ ਭਗਤ ਸਿੰਘ ਵਾਂਗ ਕਾਰਨਾਮੇ ਕਰੇ। ਸੁਹੱਪਣ ਦਾ ਸੁਪਨਾ ਤੇ ਵੀਰਤਾ ਦੀ ਆਸ ਲੋਕਾਂ ਨੂੰ ਹਮੇਸ਼ਾਂ ਇਹਨਾਂ ਦੋਹਾਂ ਸ਼ਖ਼ਸੀਅਤਾਂ ਨੂੰ ਦਿਲ ਵਿਚ ਸਮੋਈ ਰੱਖਣ ਲਈ ਮਜ਼ਬੂਰ ਕਰਦੀ ਹੈ। ਸਿਤਮ ਤਾਂ ਇਹ ਹੈ ਕਿ ਲੋਕ ਇਹ ਤਾਂ ਚਾਹੁੰਦੇ ਹਨ ਕਿ ਹਰ ਪੰਜਾਬਣ ਹੀਰ ਹੋਵੇ ਤੇ ਹਰ ਪੰਜਾਬੀ ਗੱਭਰੂ ਭਗਤ

ਸਿਘ, ਪਰ ਸਾਡੇ ਘਰ ਨਾ ਹੋਣ। ਹੋਰਨਾਂ ਲੋਕਾਂ ਦੇ ਘਰਾਂ ਵਿਚ ਹੀ ਜੰਮਣ ਤੇ ਅਸੀਂ ਤਾਂ ਇਹਨਾਂ ਦੇ ਸ਼ਰਧਾਲੂ ਹੀ ਚੰਗੇ ਹਾਂ।

# ਤੇ ਪਛਾਣ ਆ ਗਈ

'ਵੀਰ ਜੀ ਤੁਸੀਂ ਮਿਲਦੇ ਹੀ ਨਹੀਂ, ਤੁਹਾਡਾ ਫੋਨ ਬੜਾ ਬਿਜ਼ੀ ਰਹਿੰਦਾ, ਮੈਂ ਕਈ ਵਾਰੀ ਕੀਤਾ', ਆਵਾਜ਼ ਵਿਚ ਭਾਵੇਂ ਜਾਨ ਸੀ ਪਰ ਇਸ ਤਰ੍ਹਾਂ ਕਿਸੇ ਵੱਡੀ ਉਮਰ ਦੀ ਆਵਾਜ਼ ਵਲੋਂ ਮੈਨੂੰ ਵੀਰ ਜੀ ਕਹਿਣਾ ਕੁਝ ਅਜੀਬ ਲੱਗਾ। ਅਗਲੇ ਵਾਕਾਂ ਵਿਚ ਇਹ ਸਪਸ਼ਟ ਹੋ ਗਿਆ ਕਿ ਫੋਨ ਕਰਨ ਵਾਲਾ ਕੌਣ ਹੈ। ਨਾਮ ਤਾਂ ਉਸਦਾ ਸੁਣਿਆ ਹੋਇਆ ਸੀ ਪਰ ਦੇਖਿਆ ਸਿਰਫ ਉਸਨੂੰ ਇਕੋ ਵਾਰ ਸੀ। ਪਰ ਕਿਥੇ, ਇਹ ਨਹੀਂ ਯਾਦ ਆਇਆ। ਸ਼ਿਸ਼ਟਾਚਾਰ ਵਜੋਂ ਦੂਆ ਸਲਾਮ ਹੋਣੀ ਸ਼ੁਰੂ ਹੋ ਗਈ। ਅਸੀਂ ਹੁਣ ਅਕਸਰ ਹੀ ਮਿਲ ਪੈਂਦੇ ਸੀ। ਇਕ ਦਿਨ ਚੂੰਗੀ ਵਾਲੇ ਢਾਬੇ ਤੇ ਕੱਠੇ ਰੋਟੀ ਵੀ ਖਾ ਕਿ ਆਏ। ਉਸਨੂੰ ਮੇਰੀਆਂ ਕਵਿਤਾਵਾਂ ਸੁਨਣ ਦਾ ਬੜਾ ਸ਼ੌਕ ਲਗਦਾ ਸੀ। ਮੈਨੂੰ ਡਰ ਲਗਦਾ ਸੀ ਕਿ ਪੰਜਾਬੀ ਕਵਿਤਾ ਸੁਨਣ ਦਾ ਸ਼ੌਕ ਰੱਖਣ ਵਾਲਾ ਇਨਸਾਨ ਕਿਸੇ ਅਜੀਬ ਮਿੱਟੀ ਦਾ ਤਾਂ ਨਹੀਂ ਬਣਿਆ। ਮੇਰੀ ਪਰੇਸ਼ਾਨੀ ਉਦੋਂ ਹੋਰ ਵਧ ਗਈ ਜਦੋਂ ਉਹ ਸਾਹਿਤਕ ਸਮਾਗਮਾਂ ਤੇ ਕਵਿਤਾ ਸੁਨਣ ਮੈਨੂੰ ਲੈ ਜਾਂਦਾ। ਨਾ ਉਹ ਕਵਿਤਾ ਲਿਖਦਾ ਸੀ ਤੇ ਨਾ ਹੀ ਪੰਜਾਬੀ ਉਸਨੂੰ ਚੰਗੀ ਤਰ੍ਹਾਂ ਲਿਖਣੀ ਤੇ ਪੜ੍ਹਨੀ ਆਉਂਦੀ ਸੀ। ਇਹ ਬੰਦਾ ਤਾਂ ਅਜੀਬ ਜਿਹੀ ਬੁਝਾਰਤ ਹੈ। ਕਦੇ ਲਗਦਾ ਸੀ ਕਿ ਕਵੀਆਂ ਲਈ ਮਸੀਹਾ ਬਣ ਕੇ ਆਇਆ ਹੈ ਤੇ ਕਦੇ ਇਸਦੇ ਪਿਛੇ ਉਸਦੀ ਕਿਸੇ ਕਵੀਆਂ ਵਿਰੁਧ ਰਚੀ ਜਾ ਰਹੀ ਚਾਲ ਦਾ ਭੁਲੇਖਾ ਪੈਂਦਾ ਸੀ। ਪਰ ਸਮੇਂ ਨਾਲ ਉਸਦਾ ਕਵਿਤਾ ਲਈ ਪਿਆਰ ਜ਼ਾਹਿਰ ਹੁੰਦਾ ਗਿਆ ਤੇ ਮੇਰੀ ਦੋਸਤੀ ਉਸ ਨਾਲ ਗੂੜੀ ਹੁੰਦੀ ਗਈ। ਅਸੀਂ ਕਈ ਥਾਵਾਂ 'ਤੇ ਕੱਠੇ ਗਏ। ਕਵੀ ਦਰਬਾਰ ਦਾ ਉਸਨੂੰ ਖੂਬ ਅਨੰਦ ਆਉਂਦਾ ਤੇ ਘਰ ਵਾਪਸੀ ਵੇਲੇ ਉਸਨੂੰ ਅੱਧੀਆਂ ਤੋਂ ਵਧ ਕਵਿਤਾਵਾਂ ਯਾਦ ਹੋ ਚੁੱਕੀਆਂ ਹੁੰਦੀਆਂ। ਕਿਸੇ ਕਿਸੇ ਪੰਜਾਬੀ ਸ਼ਬਦ ਦਾ ਮਤਲਬ ਉਹ ਮੈਨੂੰ ਪੁੱਛ ਲੈਂਦਾ ਤੇ ਕਵੀ ਦੇ ਸ਼ੇਅਰ ਤੇ ਗਦਗਦ ਹੋ ਜਾਂਦਾ। ਉਸਦੇ ਚਿਹਰੇ ਦੀ ਰੌਣਕ ਦੇਖਣ ਯੋਗ ਹੁੰਦੀ।

ਜਿਸ ਹਾਲ ਵਿਚ ਇਹ ਕਵੀ ਦਰਬਾਰ ਹੋ ਰਿਹਾ ਸੀ, ਉਸਦੀਆਂ ਪਿਛਲੀਆਂ ਸੀਟਾਂ ਤੇ ਅਸੀਂ ਦੋਵੇਂ ਬੈਠੇ ਸਾਂ। ਸ਼ਹਿਰ ਦੇ ਮਸ਼ਹੂਰ ਨਾਮੀ ਗਰਾਮੀ ਸਾਹਿੱਤਕਾਰ ਅਗਲੀਆਂ ਕੁਰਸੀਆਂ ਤੇ ਬਿਰਾਜਮਾਨ ਸਨ। ਵੀਡੀਓ

ਕੈਮਰੇ ਦੀ ਰੌਸ਼ਨੀ ਉਹਨਾਂ ਨੂੰ ਤਾੜਦੀ ਫਿਰਦੀ ਸੀ। ਸਟੇਜ ਤੋਂ ਪ੍ਰਧਾਨ ਜੀ ਦੀ ਆਮਦ ਬਾਰੇ ਐਲਾਨ ਹੋਇਆ ਤੇ ਪਿਛਲਾ ਦਰਵਾਜ਼ਾ ਇਕ ਦਮ ਰੁਸ਼ਨਾ ਉਠਿਆ। ਕੁਝ ਸਾਹਿਤਕਾਰ ਦੌੜੇ ਆਏ। ਅਗੇ ਪਿਛੇ, ਸੱਜੇ ਖੱਬੇ , ਲੈਫਟ ਰਾਈਟ ਕਰਦੇ ਪ੍ਰਧਾਨ ਜੀ ਨੂੰ ਸਟੇਜ ਵੱਲ ਲਿਜਾਇਆ ਗਿਆ। ਸਵਾਗਤੀ ਸ਼ਬਦਾਂ ਦੇ ਕਿਲ੍ਹੇ ਉਸਾਰੇ ਗਏ। ਪ੍ਰਧਾਨ ਜੀ ਬਿਰਾਜਮਾਨ ਹੋ ਗਏ, ਦੀਵਾ ਜਗਾਕੇ।

ਮੇਰੇ ਅੰਦਰ ਇਕ ਖੱਲਬਲ ਮੱਚ ਗਈ। ਇਹ ਸਭ ਕੁਝ ਤਾਂ ਮੈਂ ਹੂ-ਬ-ਹੂ ਕੁਝ ਸਾਲ ਪਹਿਲੋਂ ਇਸੇ ਹਾਲ ਵਿਚ ਦੇਖ ਚੁੱਕਾ ਹਾਂ। ਬਿਲਕੁਲ ਇਹੋ ਕਵੀ, ਇਹੋ ਸਟੇਜ, ਇਹੋ ਦੀਵਾ, ਇਹੋ ਸ਼ਬਦ। ਪਰ ਉਸ ਪ੍ਰਧਾਨ ਦਾ ਚਿਹਰਾ ਇਹੋ ਜਿਹਾ ਨਹੀਂ ਸੀ। ਮੈਨੂੰ ਇਕਦਮ ਯਾਦ ਆ ਗਿਆ, ਉਹ ਤਾਂ ਚਿਹਰਾ ਮੇਰੇ ਨਾਲ ਦੀ ਸੀਟ ’ਤੇ ਬੈਠਾ ਹੈ। ਮੈਂ ਇਕ ਦਮ ਕਵਿਤਾ ਪ੍ਰੇਮੀ ਨਾਲ ਸਾਰੀ ਗੱਲ ਕੀਤੀ। ਉਸ ਸ਼ਾਂਤਚਿਤ ਹੋ ਜਵਾਬ ਦਿੱਤਾ, ‘ਐਵੇਂ ਨਾ ਪ੍ਰੇਸ਼ਾਨ ਹੋਵੇ। ਕਵਿਤਾ ਨਾਲ ਮੈਨੂੰ ਮੋਹ ਹੈ, ਇਸੇ ਲਈ ਪਿਛਲੀ ਸੀਟ ਵੀ ਮਨਜ਼ੂਰ ਹੈ, ਪਰ ਜੇ ਪ੍ਰਧਾਨਗੀ ਕਰਨੀ ਹੋਵੇ ਤਾਂ ਦੇਣੇ ਪੈਂਦੇ ਹਨ ਪੰਜ ਹਜ਼ਾਰ ਦਮੜੇ, ਤੇ ਤੁਹਾਨੂੰ ਪਤਾ ਬਈ ਅਜਕਲ ਵਪਾਰ ‘ਚ ਮੰਦਾ ਚਲ ਰਿਹਾ’।

# ਸਾਹਿੱਤ ਦਾ ਕਾਨੂੰਨ

ਕਪੜੇ ਵਾਲੀ ਦੁਕਾਨ ਤੇ ਜਦੋਂ ਵੀ ਦੋ ਜਾਂ ਉਸਤੋਂ ਵਧ ਔਰਤਾਂ ਆਉਂਦੀਆਂ ਹਨ, ਤਾਂ ਸਮਝੋ ਦੁਕਾਨਦਾਰ ਦੇ ਭਾ ਦੀ ਬਣ ਜਾਂਦੀ ਹੈ। ਸੂਟ ਲੈਣਾ, ਜਾਂ ਕੁਝ ਹੋਰ, ਦੁਕਾਨਦਾਰ ਵਾਰ ਵਾਰ, ਭੈਣ ਜੀ, ਭੈਣ ਜੀ, ਕਹਿ ਕਿ ਪੁਛੇਗਾ। ਪਰ ਬੀਬੀਆਂ ਹਨ ਕਿ ਆਪਣੇ ਦਿਲ ਦੀ ਗੱਲ ਕਦੇ ਨਹੀਂ ਦੱਸਣਗੀਆਂ। ਉਹਨਾਂ ਦੀ ਲੁਕਵੀਂ ਘੁਸਰਮੁਸਰ ਤੋਂ ਦੁਕਾਨਦਾਰ ਅਕਸਰ ਭਾਂਪ ਲੈਂਦਾ ਹੈ ਕਿ ਬੀਬੀਆਂ ਨੇ ਆਪਣੇ ਵਾਸਤੇ ਇਕ ਅੱਧ ਸੂਟ ਲੈਣਾ ਜਾਂ ਦੇਣ ਲੈਣ ਵਾਲੇ ਸੂਟ ਲੈਣੇ ਹਨ ਜਾਂ ਦਾਜ ਵਰੀ ਤੇ ਇਸ ਮਾਪੇ ਹੋਏ ਮਾਨਸਿਕ ਮੀਟਰ ਅਨੁਸਾਰ ਉਹ ਪਾਣੀ, ਚਾਹ ਜਾਂ ਠੰਡੇ ਮੰਗਵਾਏਗਾ। ਨਾਂਹ ਕਰਦੀਆਂ ਬੀਬੀਆਂ ਨੂੰ ਉਹ ਬਦੋਬਦੀ ਇਹ ਚੀਜ਼ਾਂ ਪਿਲਾ ਦੇਵੇਗਾ। ਤਰੋਤਾਜ਼ਾ ਹੋ ਬੀਬੀਆਂ ਆਪਣੇ ਦਿਲ ਦੀ ਗੱਲ ਦੱਸਣਗੀਆਂ ਤੇ ਫੇਰ ਢੇਰ ਲਗ ਜਾਣਗੇ ਲਾਲ, ਨੀਲੇ, ਪੀਲੇ, ਅੰਬਰੀ, ਰਾਣੀ ਤੇ ਫਿਰੋਜ਼ੀ ਰੰਗੇ ਆਦਿ ਦੇ ਸੂਟਾਂ ਦੇ। ਫੈਸਲਾ ਮੁਸ਼ਕਲ ਸਮਝਣਗੀਆ ਕਿ ਇਹਨੂੰ ਚੁਣੀਏ ਜਾ ਉਹਨੂੰ। ਇਕ ਇਕ ਕਰੇ ਉਹਨਾਂ ਨੂੰ ਆਪਣੀ ਜਾਣ ਪਛਾਣ ਦੀਆਂ ਸਾਰੀਆਂ ਔਰਤਾਂ ਦੇ ਪਾਏ ਹੋਏ ਸੂਟਾਂ ਦੇ ਡਿਜਾਇਨ ਤੇ ਰੰਗ ਯਾਦ ਆ ਜਾਣਗੇ। ਘੱਟੋ ਘੱਟ ਘੰਟੇ ਭਰ ਦੀ ਜਦੋਜਹਿਦ ਮਗਰੋਂ ਸ਼ੁਰੂ ਹੁੰਦੀ ਹੈ ਰੇ ਟਾਂ ਦੀ ਗੱਲ ਤੇ ਬੀਬੀਆਂ ਵਾਰ ਵਾਰ ਦੁਕਾਨ ਤੋਂ ਸਭ ਛਡ ਛਡਾ ਕਿ ਉਠਣ ਦੀ ਧਮਕੀ ਦੇਂਦੀਆਂ ਰਹਿੰਦੀਆਂ ਹਨ। ਪਰ ਛਾਤਰ ਦੁਕਾਨਦਾਰ ਇਹਨਾਂ ਦੀਆਂ ਸਭ ਚਾਲਾਂ ਸਮਝਦਾ ਹੁੰਦੈ। ਉਸਨੇ ਪਹਿਲੋਂ ਹੀ ਰੇਟਾਂ ਵਿਚ ਦੂਹਰ ਤੇਹਰ ਮਾਰੀ ਹੁੰਦੀ ਹੈ। ‘ਇੱਕ ਗਲ ਕਹਾਂ ਭੈਣ ਜੀ, ਮੈ ਕੁਝ ਨਹੀਂ ਕਮਾਉਣਾ, ਬਸ ਤੁਹਾਨੂੰ ਗਾਹਕ ਬਨਾਉਣਾ’ ਤੇ ਇਕ ਇਹੋ ਜਿਹਾ ਰੇਟ ਦਸੇਗਾ ਜੋ ਉਸਦੇ ਫਾਇਦੇ ਦਾ ਤਾਂ ਹੋਵੇਗਾ ਹੀ, ਪਰ ਬੀਬੀਆਂ ਨੂੰ ਖਰੀਦਣ ਲਈ ਮਜ਼ਬੂਰ ਕਰ ਦੇਵੇਗਾ।

ਸਾਹਿੱਤ ਵਿਚ ਵੀ ਕੁਝ ਇਹੋ ਜਿਹੇ ਬੀਬੇ ਰਾਣੇ ਹਨ ਜੋ ਸਭਾਵਾਂ ਦੀ ਦੁਕਾਨਾਂ ਤੇ ਜਾਕੇ ਇਨਾਮ ਖਰੀਦਦੇ ਹਨ। ਪਹਿਲੋਂ ਉਹ ਛੋਟੇ ਕਸਬਿਆਂ ਦੀਆਂ ਸਭਾਵਾਂ ਦੇ ਮੈਂਬਰ ਇਹ ਕਹਿ ਕਿ ਬਣਦੇ ਹਨ ਕਿ ਉਹ ਪਿੰਡ ਜਾਂ ਇਲਾਕਾ ਤਾਂ ਮੇਰਾ ਪਿਛੋਕੜ ਹੈ। ਇਥੇ ਮੈਂ ਆਪ ਜਾਂ ਸਾਡੇ ਬਾਬੇ ਨੇ ਕੁਝ

ਸਮਾਂ ਜੀਵਨ ਬਤੀਤ ਕੀਤਾ ਸੀ। ਮਹੀਨੇ ਦੇ ਮੀਟਿੰਗ ਵਾਲੇ ਐਤਵਾਰ ਜ਼ਰੂਰ ਪਹੁੰਚਣਗੇ। ਉਥੇ ਸਭ ਨੂੰ ਉਤਸ਼ਾਹਿਤ ਕਰਨਗੇ ਕਿ ਆਪਾਂ ਤਾਂ ਹੀ ਮਸ਼ਹੂਰ ਹੋ ਸਕਦੇ ਹਾਂ ਜੇਕਰ ਅਸੀਂ ਕਿਸੇ ਵੱਡੇ ਸਾਹਿੱਤਕਾਰ ਨੂੰ ਇਨਾਮ ਦੇਈਏ। ਤੇ ਇੰਜ ਕਾਨੂੰਨ ਬਣਾ ਦਿੱਤਾ ਜਾਂਦਾ ਕਿ ਇਲਾਕੇ ਦੇ ਸਾਹਿੱਤਕਾਰਾਂ ਨੂੰ ਹੀ ਸਨਮਾਨਿਤ ਕਰਨਾ ਹੈ। ਇਕ-ਦੋ ਤਿੰਨ-ਚਾਰ ਸਾਲ ਇਹ ਸਿਲਸਲਾ ਚਲਦਾ ਰਹਿੰਦਾ ਹੈ। ਕਈ ਵੱਡੇ ਸਾਹਿਤਕਾਰ ਮਾਤ ਭੂਮੀ ਦੇ ਮੋਹ ਵਿਚ ਫਸ ਕਿ ਸਭਾ ਦਾ 501 ਰੁਪਏ, ਇਕ ਸ਼ਾਲ ਤੇ ਇਕ ਮਮੈਂਟੋ ਦਾ ਇਨਾਮ ਲੈ ਲੈਂਦੇ ਹਨ।

ਹੁਣ ਵਾਰੀ ਆਉਂਦੀ ਹੈ ਸਭਾ ਦੇ ਇਸ ਮੈਂਬਰ ਦੀ ਜੋ ਕਈ ਵਾਰੀ ਆਪਣੇ ਨਾਮ ਨਾਲ ਉਪਨਾਮ ਹੀ ਆਪਣੇ ਇਸ ਜੱਦੀ ਸ਼ਹਿਰ ਦਾ ਲਗਾ ਲੈਂਦਾ ਹੈ। ਉਸਦੀਆਂ ਸਭਾ ਨੂੰ ਦਿੱਤੀਆਂ ਸੇਵਾਵਾਂ ਤੇ ਬਣਾਏ ਕਾਨੂੰਨ ਅਨੁਸਾਰ ਸਿਰਫ ਉਹੀ ਬਚਦਾ ਹੈ ਸਨਮਾਨ ਵਾਸਤੇ। ਹੁਣ ਸਭਾ ਨੂੰ ਇਨਾਮ ਵੀ 501 ਤੋਂ ਘਟੋ ਘੱਟ 1100 ਕਰਨਾ ਪੈਂਦਾ ਹੈ, ਸ਼ਾਲ ਵੀ ਚਾਰ ਜਣਿਆ ਤੋਂ ਦਿਵਾਉਣੇ ਪੈਂਦੇ ਤੇ ਮਮੈਂਟੋ ਵੀ ਵੱਡਾ ਬਣਾਉਣਾ ਪੈਂਦਾ ਹੈ। ਜੇਕਰ ਕੋਈ ਸਭਾ ਦੇ ਨਵੇਂ ਚੁਣੇ ਗਏ ਸਕੱਤਰ/ਪ੍ਰਧਾਨ ਨੂੰ ਆਖਦਾ ਬਈ 'ਜਿਸਦੇ ਨਾਮ ਤੇ ਇਹ ਇਨਾਮ ਦੇ ਰਹੇ ਹੋ ਉਸਦੀ ਰਚਨਾ ਦਾ ਇਹਦੀ ਰਚਨਾ ਨਾਲ ਕੀ ਮੇਲ?' ਤਾਂ ਸਕੱਤਰ/ਪ੍ਰਧਾਨ ਮੱਥੇ 'ਤੇ ਹੱਥ ਮਾਰ ਕਿ ਆਖੇਗਾ, 'ਕਾਨੂੰਨ ਦੀ ਪਾਲਣਾ ਕਰਨਾ ਹਰ ਸ਼ਹਿਰੀ ਦਾ ਫਰਜ਼ ਹੈ ਸਣੇ ਸਾਹਿੱਤਕਾਰਾਂ ਦੇ।'

# ਨਵੀਂ ਸਾਹਿੱਤਕ ਪ੍ਰਥਾ ਦੀ ਸ਼ੁਰੂਆਤ

ਪੰਜਾਬੀ ਦੇ ਇਕ ਸ਼ਾਇਰ ਨੇ ਆਪਣੀ ਕਿਤਾਬ ਦੇ ਮੁੱਖਬੰਦ ਵਿਚ ਲਿਖਿਆ ਹੈ ਕਿ ਕਵਿਤਾ ਉਸਨੇ ਸ਼ਾਦੀ ਤੋਂ ਬਾਅਦ ਲਿਖਣੀ ਸ਼ੁਰੂ ਕੀਤੀ।

'ਉਸਨੇ ਕਵਿਤਾ ਸ਼ਾਦੀ ਤੋਂ ਬਾਅਦ ਲਿਖਣੀ ਸ਼ੁਰੂ ਕੀਤੀ?' ਇਹ ਇਕ ਕਾਫ਼ੀ ਫਿਕਰਮੰਦੀ ਵਾਲਾ ਫਿਕਰਾ ਹੈ। ਕਿਤਾਬ ਬੰਦ ਕਰਕੇ ਸੋਚਣ ਲਗ ਪਿਆ ਕਿ ਇਹ ਕਿਹੋ ਜਿਹਾ ਲੇਖਕ ਹੋਵੇਗਾ ਜੋ ਵਿਆਹ ਤੋਂ ਬਾਅਦ ਕਵਿਤਾ ਲਿਖਣ ਲਗ ਪਿਆ। ਜੇਕਰ ਇਹ ਰੁਮਾਂਟਿਕ ਲਿਖਣ ਲਗ ਪਿਆ ਹੈ ਤਾਂ ਮੂਲੋਂ ਹੀ ਆਲੋਕਾਰੀ ਗਲ ਹੈ। ਵਿਆਹ ਤੋਂ ਬਾਅਦ ਰੁਮਾਂਸ? ਕਿਸਦੇ ਨਾਲ? ਪਤਨੀ ਨਾਲ ਜਾਂ ਓਸ ਨਾਲ? ਬੜਾ ਵਫਾਦਾਰ ਹੈ ਜਾਂ ਫਿਰ ਬਹੁਤ ਹੌਸਲੇ ਵਾਲਾ? ਸੁਆਲ ਤੇ ਸੁਆਲ?

ਜੇਕਰ ਵਿਆਹ ਦਾ ਸਤਾਇਆ ਲਿਖਣ ਲਗ ਪਿਆ ਹੈ ਤਾਂ ਬੜਾ ਲਾਲਚੀ ਜਿਹਾ ਮਨੁੱਖ ਲੱਗਿਆ। ਵਿਆਹ ਵੀ ਭਲਾ ਕੋਈ ਖੱਟਣ ਖੱਟੋਣ ਵਾਲੀ ਚੀਜ਼ ਹੈ। ਇਸ ਵਿਚ ਤਾਂ ਘਾਟਾ ਹੀ ਘਾਟਾ ਹੈ, ਇਕ ਖ਼ੂਬਸੂਰਤ ਘਾਟਾ, ਕਈਆਂ ਦੀ ਨਜ਼ਰ ਵਿਚ। ਕੀ ਇਹ ਪਤਨੀ ਦਾ ਸਤਾਇਆ ਹੈ ਜਾਂ ਬੱਚਿਆਂ ਦਾ ਦੁਖਾਇਆ। ਕਹਿੰਦੇ ਹਨ ਕਵਿਤਾ ਦਾ ਜਨਮ ਦੁੱਖ ਵਿੱਚੋਂ ਵੀ ਹੁੰਦਾ ਹੈ।

ਇਸ ਲਿਹਾਜ਼ ਨਾਲ ਸ਼ਾਇਰ ਕੁਝ ਜਾਇਜ਼ ਲਗਿਆ। ਲਗਿਆ ਕਿ ਜ਼ਰੂਰ ਇਹ ਇਕ ਵਧੀਆ ਕਵੀ ਹੋਵੇਗਾ, ਜੋ ਜਾਤੀ ਦੁੱਖ ਵਿੱਚੋਂ ਕਿਤਾਬ ਦੇ ਲਾਇਕ ਕਵਿਤਾ ਪੈਦਾ ਕਰ ਰਿਹਾ ਹੈ। ਹੁਣ ਉਸਦੀ ਕਵਿਤਾ ਪੜ੍ਹਨ ਦੀ ਕਾਹਲ ਪੈਦਾ ਹੋ ਰਹੀ ਸੀ।

ਪਰ ਇਹ ਵੀ ਹੋ ਸਕਦਾ ਹੈ ਕਿ ਉਹ ਕਿਸੇ ਹੋਰ ਕਾਰਨ ਕਵਿਤਾ ਲਿਖਣ ਲਗ ਪਿਆ ਹੋਵੇ। ਜਿਵੇਂ ਨੌਕਰੀ ਵਿਚ ਅਫਸਰ ਨਾਲ ਨਾ ਬਣਨੀ। ਤਨਖਾਹ ਨਾਲ ਤਸੱਲੀ ਨਾ ਹੋਣੀ। ਕਿਸੇ ਹੋਰ ਸਾਥੀ ਨੂੰ ਠਿੱਬੀ ਮਾਰ ਨਾ ਸਕਣੀ ਜਾਂ ਕਿਸੇ ਹੋਰ ਤੋਂ ਖਾਧੀ ਠਿੱਬੀ ਵੀ ਤਾਂ ਕਵਿਤਾ ਪੈਦਾ ਕਰ ਸਕਦੀ ਹੈ। ਇਹ ਤਾਂ ਇਕ ਨਵਾਂ ਮਸਲਾ ਪੈਦਾ ਹੋ ਗਿਆ। ਆਖਰ ਕੀ ਕਾਰਨ ਸੀ ਕਿ ਲੇਖਕ ਨੇ ਕਵਿਤਾ ਸ਼ਾਦੀ ਤੋਂ ਬਾਅਦ ਲਿਖਣੀ ਸ਼ੁਰੂ

ਕੀਤੀ।

ਕਮਾਲ ਹੈ! ਕਿਤਾਬ ਮੂਧੀ ਮਾਰ ਕਿ ਸੋਚਣ ਲਗ ਪਿਆ ਹਾਂ ਤੇ ਇਹ ਖਿਆਲ ਹੀ ਨਹੀਂ ਆਇਆ ਕਿ ਮੁੱਖ ਬੰਦ ਅਗੇ ਪੜ੍ਹਿਆ ਜਾ ਸਕਦਾ ਹੈ। ਪੜ੍ਹੋ ਤਾਂ ਸਹੀ, ਕੀ ਪਤਾ ਲੇਖਕ ਨੇ ਕੁਝ ਦਸਿਆ ਹੀ ਹੋਵੇ।

ਉਹ ਲਿਖਦਾ ਹੈ,'ਮੇਰੇ ਪਿਤਾ ਜੀ (ਸਹੁਰਾ ਸਾਹਿਬ) ਇਕ ਮਿਸਤਰੀ ਸਨ। ਬਹੁਤ ਹੀ ਮਸ਼ਹੂਰ ਇੰਜੀਨੀਅਰ ਟਾਈਪ। ਕੰਮ ਕਿਵੇਂ ਪੂਰਾ ਕਰਨਾ ਹੁੰਦਾ ਹੈ, ਇਸਦਾ ਹਰ ਤਰੀਕਾ ਉਨ੍ਹਾਂ ਨੂੰ ਆਉਂਦਾ ਸੀ। ਭਲੇ ਵੇਲੇ ਸਨ। ਸਦੀ ਦੇ ਪਹਿਲੇ ਅੱਧ ਤੋਂ ਕਾਫੀ ਪਹਿਲਾਂ ਦਾ ਸਮਾਂ ਸੀ। ਵਿਦੇਸ਼ੀ ਰਾਜ ਸੀ। ਕੰਮ ਵਾਲੇ ਬੰਦੇ ਦੀ ਕਦਰ ਵੀ ਸੀ। ਘਰੋਂ ਦੂਰ ਨੇੜੇ ਜਾਣਾ ਪੈਂਦਾ ਸੀ। ਬਾਹਰ ਰਹਿਣਾ ਪੈਂਦਾ ਸੀ। ਉਥੇ, ਜਾਂ ਕੰਮ ਸੀ, ਜਾਂ ਇਕੱਲਤਾ। ਨਸ਼ਿਆਂ ਤੋਂ ਮੁਕਤ ਸਨ। ਇਸੇ ਲਈ ਉਹ ਕਵਿਤਾ ਲਿਖ ਲੈਂਦੇ ਸਨ। ਕਾਫੀ ਵੇਹਲਾ ਟਾਈਮ ਹੋਣ ਕਰਕੇ ਕਾਫੀਆਂ, ਰਦੀਫ਼ ਸਮੇਂ ਨਾਲ ਬਣ ਹੀ ਜਾਂਦਾ ਸੀ।

ਸਾਨੂੰ ਉਹ ਚਿੱਠੀ ਕਵਿਤਾ ਵਿਚ ਹੀ ਲਿਖਦੇ ਸਨ ਤੇ ਅਸੀਂ ਵੀ ਹੌਲੀ ਹੌਲੀ ਜੁਆਬ ਕਵਿਤਾ ਵਿਚ ਹੀ ਦੇਣਾ ਸ਼ੁਰੂ ਕਰ ਦਿੱਤਾ। ਇਸ ਕਿਤਾਬ ਦਾ ਸਾਰਾ ਮੈਟਰ ਉਨਾਂ ਚਿੱਠੀਆਂ ਵਿੱਚੋਂ ਹੀ ਲਿਆ ਗਿਆ ਹੈ।

ਕਿਤਾਬ ਫੇਰ ਮੂਧੀ ਕਰ ਦਿਤੀ, ਇਸ ਤਰ੍ਹਾਂ ਤਾਂ ਇਹ ਆਪਣੇ ਦੋ ਵਿਦੇਸ਼ੀ ਰਹਿੰਦੇ ਜੁਆਈਆਂ ਨੂੰ ਵੀ ਚਿੱਠੀ ਕਵਿਤਾ ਵਿਚ ਹੀ ਲਿਖਣ ਲਗ ਪਏ ਹੋਣਗੇ। ਹੁਣ ਮੈਨੂੰ ਦੋ ਹੋਰ ਕਿਤਾਬਾਂ ਦੀ ਉਡੀਕ ਕਰਨੀ ਬਾਕੀ ਹੈ ਤੇ ਇਕ ਨਵੀਂ ਪ੍ਰਥਾ ਸ਼ੁਰੂ ਹੋਣ ਦੀ ਉਮੀਦ ਹੋ ਗਈ ਹੈ- ਪਿਤਾ ਪੁਰਖੀ ਨਹੀਂ ਸਹੁਰਾ-ਪੁਰਖੀ।

# ਪੇਂਡੂ-ਮੇਲ ਦਾ ਰੂਟ

ਰਿਸ਼ਤੇਦਾਰੀ ਭਾਵੇਂ ਦੂਰ ਦੀ ਸੀ, ਪਰ ਮੂੰਹ-ਤੂੰਹ ਲੱਗਦੇ ਬੰਦੇ ਸਨ। ਸ਼ਹਿਰ ਵਿਚ ਰਹਿੰਦਿਆਂ, ਕਈ ਤਰ੍ਹਾਂ ਦੇ ਰਿਸ਼ਤੇ ਰੱਖਣੇ ਪੈਂਦੇ ਹਨ। ਇਹ ਗਲ ਬਜ਼ੁਰਗ ਕਈ ਵਾਰੀ ਕਹਿਗਏ ਸਨ। ਚੜ੍ਹੇ ਸਾਲ ਉਹਨਾਂ ਦੇ ਪੋਤੇ ਦੀ ਲੋਹੜੀ ਤੇ ਬਹੁਤ ਜ਼ੋਰ ਪਾ ਕੇ ਗਏ ਸਨ, ਪਰ ਸ਼ਹਿਰ ਦੀਆਂ ਮਜ਼ਬੂਰੀਆਂ ਨੇ ਨਿਕਲਣ ਨਾ ਦਿੱਤਾ। ਹੁਣ ਉਹਨਾਂ ਦੀ ਛੋਟੀ ਤੇ ਆਖਰੀ ਲੜਕੀ ਦਾ ਵਿਆਹ ਸੀ। ਇਸ ਵਾਰੀ ਸੱਦਾ ਪੱਤਰ ਦੇ ਨਾਂਲ ਉਲਾਂਭਾ ਵੀ ਸੀ, ਸੋ ਜਾਣਾ ਪਿਆ।

ਸ਼ਹਿਰ ਤੋਂ ਬਸ ਕੋਈ ਸਿੱਧੀ ਉਹਨਾਂ ਦੇ ਪਿੰਡ ਨੂੰ ਨਹੀਂ ਸੀ ਜਾਂਦੀ। ਮੰਡੀ ਤਕ ਬਸ ਵਿਚ ਬੜੇ ਹੀ ਅਰਾਮ ਨਾਲ ਬੈਠੇ ਗਏ। ਮੰਡੀ ਤੋਂ ਪਿੰਡ ਕੋਈ 18 ਕਿਲੋਮੀਟਰ ਦੂਰ ਸੀ। ਬਸ ਅੱਡੇ ਉੱਤਰ ਕਿ ਕਈਆਂ ਨੂੰ ਪੁੱਛਿਆ ਕਿ ਕਦੋਂ ’ਤੇ ਕਿਹੜੀ ਬਸ ਪਿੰਡ ਨੂੰ ਜਾਊ, ‘ਐਥੇ ਹੀ ਆਊਗੀ ਲਾਲ ਜਿਹੀ ਏਅਰ ਕੰਡੀਸ਼ਨ ਬਸ, ਅਰਾਮ ਨਾਲ ਬੈਠ ਜਾਵੋ’। ਜਵਾਬ ਸਾਡੇ ਵਰਗੇ ਲਈ ਕਾਫ਼ੀ ਸੀ। ਮੱਠੀ ਮੱਠੀ ਧੁੱਪ ਵਿਚ ਕਦੋਂ ਅੱਖ ਲਗ ਗਈ ਪਤਾ ਹੀ ਨਾ ਲੱਗਾ।

‘ਚਲੋ ਚਲੋ ਬੈਠੋ, ਰਾਹ ਦੀ ਸਵਾਰੀ ਨਾ ਹੋਵੇ, ਟਿਕਟ ਕਟਾ ਕਿ ਚੜਿਓ, ਨਹੀਂ ਤਾਂ ਸੀਟ ਨਹੀਂ ਮਿਲਣੀ’ ਕੰਡਕਟਰ ਨਾਲੇ ਤਰਲੇ ਪਾ ਰਿਹਾ ਸੀ ਤੇ ਨਾਲੇ ਦਬਕੇ ਮਾਰੀ ਜਾ ਰਿਹਾ ਸੀ। ਇਹ ਕਿਹੋ ਜਿਹਾ ਵਪਾਰ ਹੈ ਬਸ ਕੰਡਕਟਰੀ ਦਾ।

ਆਪਣਾ ਛੋਟਾ ਜਿਹਾ ਬੈਗ ਚੁੱਕ ਆਲੇ ਦੁਆਲੇ ਏ ਅਰਕੰਡੀਸ਼ਨ ਬਸ ਲੱਭਣ ਲਗ ਪਿਆ। ‘ਕਿਥੇ ਜਾਣਾ?’ ‘.......ਪਿੰਡ’, ‘ਫੇਰ ਜਲਦੀ ਚੜ੍ਹ ਜੋ, ਘੰਟੇ ਦਾ ਮੈਂ ਅੜਾਟ ਅੱਡਿਆ ਹੋਇਆ ਹੈ’। ਸਾਹਮਣੇ ਖੜੀ ਸੀ ਇਕ ਬਸ ਜਿਸਦੇ ਕਿਸੇ ਕਿਸੇ ਤਾਕੀ ਨੂੰ ਲੱਗੇ ਸ਼ੀਸ਼ੇ , ਇਸਨੂੰ ਏਅਰ ਕੰਡੀਸ਼ਨ ਦਾ ਦਰਜਾ ਦੇ ਰਹੇ ਸਨ। ਬਸ ਦੀ ਪਿਛਲੀ ਸੀਟ ਦੇ ਐਨ ਅੱਧ ਵਿਚਕਾਰ ਮਿਲੀ ਸੀ ਜਗਹ। ਅੱਧੇ ਘੰਟੇ ਬਾਅਦ ਬਸ ਤੁਰ ਪਈ।

ਇਕ ਦਮ ਮਿੱਟੀ ਦਾ ਇਕ ਵਾਵਰੋਲਾ ਬਸ ਦੇ ਅੰਦਰ, ਮੂੰਹ,

ਅੱਖਾਂ ਤੇ ਪਾਊਡਰ ਵਾਂਗ ਚੜ੍ਹ ਗਿਆ। ਇੰਜ ਲਗਾ ਕਿ ਭੂਚਾਲ ਆ ਗਿਆ ਹੋਵੇ। ਥੋੜੀ ਦੇਰ ਬਾਅਦ ਪਤਾ ਲਗਾ ਕਿ ਬਸ ਦੇ ਫਰਸ਼ ਵਿਚੋਂ ਥੱਲੇ ਚਲਦੀ ਸੜਕ ਦੇ ਸਾਫ਼ ਦਰਸ਼ਨ ਹੁੰਦੇ ਸਨ ਤੇ ਇਹ ਏਅਰਕੰਡੀਸ਼ਨ ਬਸ ਨੂੰ ਹਵਾ ਦਾ ਵਹਾਅ ਬਨਾਉਣ ਵਿਚ ਸਹਾਈ ਹੁੰਦੇ ਮਘੋਰੇ ਸਨ।

ਚੀਂ ਚੀਂ ਚੀਂ ਤੇ ਬਸ ਰੁਕ ਗਈ। ਸ਼ਾਇਦ ਮੇਰਾ ਅੱਡਾ ਆ ਗਿਆ ਹੋਵੇ । ਨਾਨ ਸਟਾਪ ਬਸ ਸੀ, ਇਹ ਵੀ ਕੁਝ ਦੇਰ ਬਾਅਦ ਪਤਾ ਲਗਾ, ਕਿ ਇਹ ਤਾਂ ਹਰ ਸਟਾਪ ਤੇ ਅੱਡਾ ਹੋਵੇ ਜਾਂ ਨਾਂ, ਬਸ ਬਿੰਨ੍ਹਾ ਹੱਥ ਦਿੱਤਿਆਂ ਹੀ ਰੁਕ ਜਾਂਦੀ ਹੈ ਤੇ ਤੁਰ ਪੈਂਦੀ ਹੈ। ਮਾਊਂ ਜਿਹਾ ਬਣਿਆ ਕੰਡਕਟਰ, ਚੁੱਪ ਚਾਪ ਟਿਕਟਾਂ ਕੱਟੀ ਜਾ ਰਿਹਾ ਸੀ।

ਖੜ ਘੜ ਖੜ ਤੇ ਬਸ ਫੇਰ ਰੁਕ ਗਈ। ਤੇ ਡਰਾਇਵਰ ਨੇ ਇਕ ਪੀਪੀ ਚੁੱਕੀ ਤੇ ਸਾਹਮਣੇ ਚਲਦੇ ਟਿਊਬਵੈੱਲ ਤੋਂ ਪਾਣੀ ਭਰ ਕਿ ਬਸ ਵਿਚ ਪਾਕੇ ਇੰਜਣ ਠੰਡਾ ਕੀਤਾ। ‘ਇਹ ਤਾਂ ਸਰਕਾਰੀ ਮੁਲਾਜ਼ਮਾਂ ਆਂਗੂੰ ਠੰਡਾ ਕੀਤਿਆਂ ਹੀ ਚਲਦੀ ਆ।’ ਇਕ ਸਵਾਰੀ ਨੇ ਵਿਅੰਗ ਜਿਹਾ ਕਸਿਆ ਪਰ ਇੰਨੀ ਕੁ ਹੌਲੀ ਆਵਾਜ਼ ਵਿਚ ਕਿ ਡਰਾਇਵਰ ’ਤੇ ਕੰਡਕਟਰ ਦੇ ਕੰਨ ਨਾ ਸੁਣ ਸਕਣ।

‘ਇਹ ਪੁਲ ਤਾਂ ਰਾਤੀਂ ਟੁੱਟਿਆ, ਪਿਛਲੀ ਸੜਕ ਤੋਂ ਮੁੜ ਕਿ ਘੁੰਮ ਕਿ ਆਉਣਾ ਪਊ’ ਸੋਟੀ ਸਹਾਰੇ ਖੜੇ ਇਕ ਬਾਪੂ ਨੇ ਡਰਾਇਵਰ ਨੂੰ ਆਪਣੀ ਨੇਕ ਸਲਾਹ ਦਿਤੀ। ਤੇ ਇੰਜ ਸ਼ੁਰੂ ਹੋਇਆ 12 ਕਿਲੋਮੀਟਰ ਦਾ ਵਾਧੂ ਝੂਟਾ, ਬਿੰਨ੍ਹਾਂ ਕੋਈ ਵਾਧੂ ਟਿਕਟ ਕਟਾਇਆ।

ਚਲਦੇ ਚਲਾਉਂਦੇ ਆਖਰ ਪਿੰਡ ਦਾ ਅੱਡਾ ਆ ਗਿਆ। ਕਪੜੇ ਝਾੜ ਪੂੰਝ ਕਿ ਜਦ ਵਿਆਹ ਵਾਲੇ ਘਰ ਪਹੁੰਚੇ ਤਾਂ ਅੱਧੀ ਕੁ ਸ਼ਰਾਬੀ ਹੋਈ ਬਰਾਤ ਵਾਪਸੀ ਲਈ ਕਾਰਾਂ ਵਿਚ ਬੈਠ ਚੁੱਕੀ ਸੀ ਤੇ ਘਰ ਦੇ ਕੁੜੀ ਨੂੰ ਕਲਾਵੇ ’ਚ ਲਈ ਤੋਰਨ ਲਈ ਤਿਆਰ ਸਨ। ਇਹੋ ਜਿਹੇ ਮੌਕੇ ਵਿਆਹ ਤੇ ਏਅਰਕੰਡੀਸ਼ਨ ਪੇਂਡੂ-ਮੇਲ ਬਸ ਰਾਹੀਂ ਪਹੁੰਚੇ ਮਹਿਮਾਨ ਨੂੰ ਪੁੱਛਣ ਗਿੱਛਣ ਲਈ ਵਕਤ ਹੀ ਕਿਸੇ ਕੋਲ ਕਿਥੇ ਹੁੰਦਾ ਹੈ। ਹੁਣ ਵਾਪਸ ਕਿਵੇ ਂ ਜਾਣਾ ਹੈ ਇਹੋ ਸੋਚ ਸੋਚ ਕਿ ਮਨ ਬੇਚੈਨ ਹੋ ਰਿਹਾ ਸੀ। ਦਿਲ ਕਰਦਾ ਸੀ ਕਿਸੇ ਕਾਰ ਵਾਲੇ ਬਰਾਤੀ ਨੂੰ ਪੁੱਛਾਂ, ‘ਸਾਡੇ ਸ਼ਹਿਰ ਤਾ ਨੀਂ ਜਾਣਾ?’

# ਵਿਚਾਰੀ ਸਾਹਿੱਤ ਸਭਾ

ਜਦੋਂ ਮੁਲਕ ਨੂੰ ਅਜ਼ਾਦੀ ਮਿਲੀ, ਉਹਨਾਂ ਦਿਨਾਂ ਵਿਚ ਹੀ ਇਕ ਕਿਸੇ ਦਿਨ ਉਸਦਾ ਜਨਮ ਹੋਇਆ ਹੋਵੇਗਾ ਭਾਵੇਂ ਮੈਨੂੰ ਪੱਕਾ ਨਹੀਂ ਪਤਾ ਪਰ ਉਸਦਾ ਅਸਲੀ ਨਾਮ ਜਾਨਣ ਤੋਂ ਬਾਅਦ ਤੇ ਉਸਦੀ ਚਿੱਟੀ ਹੋ ਰਹੀ ਕਰੜ-ਬਰੜੀ ਦਾੜੀ ਤੋਂ ਉਸਦੀ ਉਮਰ ਦਾ ਇਹੀ ਅੰਦਾਜ਼ਾ ਲਗ ਰਿਹਾ ਸੀ। ਇਹੋ ਜਿਹੇ ਦੋ ਅੱਖਰੇ ਨਾਮ ਹਾਲੇ ਉਹਨਾਂ ਦਿਨਾਂ ਵਿਚ ਹੀ ਰਖੇ ਜਾਂਦੇ ਸਨ। ਕਾਵਿਕ ਜਿਹੇ ਜਾਂ ਨਰਮ ਜਿਹੇ ਨਾਵਾਂ ਦਾ ਰਿਵਾਜ਼ ਸ਼ਾਇਦ ਚਲਿਆ ਨਹੀਂ ਸੀ। ਪੜ੍ਹਾਈ ਤੇ ਨੌਕਰੀ ਲੈਣ ਵੇਲੇ ਤਕ ਇਹ ਦੋ ਅੱਖਰਾ ਨਾਮ ਉਸਦੇ ਨਾਲ ਰਿਹਾ। ਵੱਡੇ ਵਿਸ਼ਵ ਵਿਦਿਆਲੇ ਵਿਚ ਆਕੇ ਸਭ ਕੁਝ ਬਦਲ ਗਿਆ। ਇਕ ਪ੍ਰਗਤੀਵਾਦੀ ਕਵੀ ਨਾਲ ਉਸਦੀ ਸ਼ਾਮ ਦੀ ਦੋਸਤੀ ਹੋ ਗਈ। ਵਿਚਾਰਧਾਰਕ ਬਹਿਸ ਵਿੱਚੋਂ ਗੱਲਾਂ ਕੱਢ ਕੇ ਉਸ ਵਾਰਤਕ ਲਿਖਣੀ ਸ਼ੁਰੂ ਕਰ ਦਿੱਤੀ ਤੇ ਖੁਦ ਇਧਰ ਉਧਰ ਛੱਪਣ ਲਗ ਪਿਆ। ਇਕ ਵਪਾਰੀ ਜੋ ਬਸ ਅੱਡੇ ਤੇ ਕਿਤਾਬਾਂ ਦੇ ਠੇਕੇ ਲੈਂਦਾ ਹੈ ਨੇ ਉਸਦੇ ਵਿਚਾਰਾਂ ਨੂੰ ਨਾਵਲ ਬਣਾ ਕੇ ਵੇਚ ਵੱਟ ਲਿਆ।

ਤੇ ਇੰਜ ਉਸਦਾ ਸਾਹਿੱਤਕ ਸਫ਼ਰ ਵੀ ਸ਼ੁਰੂ ਹੋ ਗਿਆ। ਵਿਲੱਖਣ ਵਿਧੀ ਦਾ ਇਹ ਲੇਖਕ, ਲੇਖਣੀ ਦੇ ਸਭ ਵਿਧੀ ਵਿਧਾਨਾਂ ਤੋਂ ਸ਼ਰੇਆਮ ਮੁਨਕਰ ਹੋਣ ਲਗ ਪਿਆ। ਕੁਝ ਨੌਕਰੀ ਦੇ ਪੈਸੇ, ਕੁਝ ਆਲੇ ਦੁਆਲੇ ਦੀ ਦੋਸਤੀ ਦਾ ਮਾਹੌਲ ਤੇ ਉਤੋਂ ਪਰਿਵਾਰਕ ਜ਼ੁਮੇਵਾਰੀਆਂ ਤੋਂ ਮੁਕਤੀ, ਕਿਉਂ ਨਾ ਉਸਨੂੰ ਇਕ ਸਥਾਪਤ ਲੇਖਕ ਬਣਾਉਂਦੇ।

ਇਕ ਦਿਨ ਉਹ ਮੈਨੂੰ ਪੰਜਾਬੀ ਭਵਨ ਮਿਲ ਪਿਆ। ਬੜਾ ਚਾਅ ਕਿ ਮਿਲਿਆ।

'ਮੈਂ ਤੈਨੂੰ ਹੀ ਲੱਭਦਾ'

'ਸੁੱਖ ਹੈ?' ਮੈਂ ਪੁੱਛਿਆ

'ਆਹ ਨਹਿਰ ਲਾਗਲੇ ਪਿੰਡ ਆਲਿਆਂ ਮੈਨੂੰ ਇਨਾਮ ਦੇਣਾ, ਕਿਸੇ ਨੂੰ ਕਹਿ ਕੇ ਖਬਰ ਖ਼ੂਬਰ ਹੀ ਲਗਵਾ ਦੇ', ਉਹ ਜਾਣਕਾਰੀ ਤੇ ਸਵਾਲ ਦੋਨੇਂ ਇਕੱਠੇ ਇਕੋ ਸਾਹੇ ਕਹਿ ਗਿਆ।

ਕੁਦਰਤੀ ਲਾਗੇ ਇਕ ਪੱਤਰਕਾਰ ਖੜ੍ਹਾ ਸੀ,'ਕਿੰਨ੍ਹਾਂ ਇਨਾਮ ਹੈ?' ਉਸ ਪੁੱਛਿਆ

'ਬਸ ਆਹੀ ਕੋਈ 501 ਰੁਪਏ, ਨਾਲ ਸ਼ਾਲ ਸ਼ੂਲ ਦੇ ਦੇਣਗੇ '

'ਬੜਾ ਥੋੜਾ ਇਨਾਮ ਹੈ ਇਸ ਨਾਲ ਤਾਂ ਖਬਰ ਨਹੀਂ ਬਨਣੀ', ਪੱਤਰਕਾਰ ਖੁਸ਼ ਨਹੀਂ ਸੀ ਹੋਇਆ ਲਗਦਾ ।

'ਥੋੜਾ ਵਧਾ ਕੇ ਲਿਖ ਦਿਓ'

ਕਦੋਂ ਤੇ ਕਿਥੇ ਖ਼ਬਰ ਛਪੀ, ਮੇਰੇ ਧਿਆਨ ਵਿਚ ਨਾ ਰਿਹਾ। ਬਸ ਇਕ ਦਿਨ ਉਹ ਵਿਸ਼ਵ ਵਿਦਿਆਲੇ ਵਿਚ ਫੇਰ ਮਿਲ ਗਿਆ।

'ਤੇਰਾ ਬਾਈ ਬਹੁਤ ਧੰਨਵਾਦ, ਖਬਰ ਲਗ ਗਈ ਸੀ।'

'ਫੇਰ ਤਾਂ 501 ਵੀ ਮਿਲ ਗਿਆ ਹੋਊ?'

'ਲੈ ਉਹ ਤਾਂ ਅਗਲਿਆਂ ਨੂੰ 3000 ਰੁਪਿਆ ਦੇਣਾ ਪਿਆ'

'ਕਿਉ"

'ਖਬਰ 'ਚ 5001 ਛਪ ਗਿਆ ਸੀ, ਇੰਨੇ ਉਹਨਾਂ ਤੋਂ ਕੱਠੇ ਨਾ ਹੋਏ, ਫੇਰ ਵੀ 3000 ਉਹਨਾਂ ਕੱਠੇ ਕਰ ਲਏ; ਉਹ ਉਹਨਾਂ ਮੈਨੂੰ ਦੇ ਦਿਤੇ, ਹਾਂ ਸ਼ਾਲ ਜਰਾ ਹਲਕੀ ਦਿੱਤੀ ਇਸੇ ਕਰਕੇ ।'

# ਲੇਖਕ ਏਕਤਾ-ਜ਼ਿੰਦਾਬਾਦ

'ਆਹ ਕਿਤਾਬ ਰੀਲੀਜ਼ ਦਾ ਨਵਾਂ ਯੱਬ ਹੋ ਗਿਆ।'

'ਨਹੀਂ ਕੰਮ ਤਾਂ ਸੌਖਾ ਹੀ ਆ'

'ਪਰ ਖਰਚਾ ਤਾਂ ਕਾਫ਼ੀ ਹੋ ਜਾਂਦਾ?'

'ਕਿਤਾਬ ਤੇ ਵੀ ਤਾਂ ਖਰਚਾ ਕੀਤਾ ਪੂਰਾ 26 ਹਜ਼ਾਰ'

'ਕਿੰਨ੍ਹਾਂ?'

'ਛੱਬੀ ਹਜ਼ਾਰ'

'ਰੀਲੀਜ਼ ਤੇ ਵੀ ਆ ਗਿਆ ਹੋਊ ਕੋਈ ਪੰਜ ਸਤ ਹਜ਼ਾਰ ਤਾਂ?'

'ਤਾਂ ਕੀ ਹੋਇਆ?'

'ਹੋਇਆ ਕਿਉਂ ਨਹੀਂ, ਪਹਿਲੇ ਕੋਲੋਂ ਛੱਬੀ ਹਜ਼ਾਰ ਲਾਕੇ ਕਿਤਾਬ ਛਪਵਾਓ ਫੇਰ ਸਤ ਹਜ਼ਾਰ ਲਾਕੇ ਰੀਲੀਜ਼ ਕਰਾਓ, ਕੀ ਏਦਾਂ ਲੇਖਕ ਬਣੀਂਦਾ?'

'ਲੇਖਕ ਬਨਣ ਲਈ ਤਾਂ ਨਹੀਂ ਇਹ ਕੋਈ ਜ਼ਰੂਰੀ ਇਹ ਤਾਂ ਆਪੋ ਆਪਣੀ ਮਰਜੀ ਆ'

'ਮਰਜ਼ੀ ਤਾਂ ਠੀਕ ਆ, ਪਰ ਇੰਜ ਹਰ ਰੀਲੀਜ਼ ਤੇ ਇਕ ਕੁੱਤੇ ਝਾਕ ਜਿਹੀ ਤਾਂ ਪੈਦਾ ਹੋ ਜਾਂਦੀ ਆ ਬਈ ਹੁਣ ਚੰਗੀ ਰੋਟੀ ਮਿਲੂ ਜਾਂ ਦਾਰੂ'

'ਗੱਲ ਤਾਂ ਠੀਕ ਆ ਤੇਰੀ, ਪਰ ਜਿਹੜੇ ਸਰਦੇ ਪੁੱਜਦੇ ਆ ਉਹ ਤਾਂ ਇੰਜ ਹੀ ਲੇਖਕ ਬਨਣਗੇ।'

'ਤੁਸੀਂ ਦੋਨੇ ਰਹਿਣ ਵੀ ਦਿਓ ਆਪਣੀਆਂ ਗੱਲਾਂ ਨੂੰ, ਇਹ ਵੀ ਹਰੇਕ ਨੂੰ ਨਹੀਂ ਮਿਲਦੀ ਦਾਰੂ', ਸਮਾਗਮ ਖਤਮ ਹੁਦੇ ਹੀ ਪਹਿਲੋਂ ਤਾਂ ਪ੍ਰਬੰਧਕ (ਪੈਸੇ ਵਾਲੇ) ਉਡੀਕਦੇ ਆ ਕਿ ਆਮ ਜਨਤਾ ਖਿਸਕ ਜਾਵੇ, ਤੇ ਫੇਰ ਹੌਲੀ ਹੌਲੀ ਘੁਸਰ-ਮੁਸਰ ਕਰ ਕਈਆਂ ਨੂੰ ਹੋਟਲ ਦਾ ਸੱਦਾ ਦੇ ਦੇ ਦੇ '

'ਦੇਖੋ ਜੀ ਸਾਰਿਆਂ ਨੂੰ ਹੋਟਲ ਦਾ ਵੀ ਸਦਾ ਨਹੀਂ ਦੇਂਦੇ। ਛੋਟੇ ਮੋਟੇ ਲੇਖਕਾਂ ਨੂੰ ਤਾਂ ਉਹ ਸੌ-ਦੋ-ਸੌ ਨਕਦ ਹੀ ਦੇ ਦੇਂਦੇ ਆ ਬਈ ਜਿਥੇ ਰੂਹ ਕਰਦੀ, ਬਹਿ ਕਿ ਪੀ ਲੋ, ਭਾਵੇਂ ਬਾਅਦ 'ਚ ਦੋ ਸੌ ਉਹਨਾਂ ਦਾ ਹੋਰ

ਕੋਲੋਂ ਲਗਜੇ।'

'ਪਰ ਹੋਟਲਾਂ ਵਿਚ ਤਾਂ ਸਿਰਫ 'ਦਰਬਾਰ' ਵਾਲੇ ਹੀ ਸਦੇ ਜਾਂਦੇ ਹਨ ਤਾਂ ਕਿ ਚੰਗੇ ਰੀਵੀਊ ਛਪਣ, ਚੰਗੀ ਫੋਟੋ ਲੱਗੇ ਤੇ ਕਿਸੇ ਇਨਾਮ-ਸ਼ਨਾਮ ਦੀ ਲਾਇਨ ਵਿਚ ਨੰਬਰ ਲੱਗ ਜੇ।'

'ਓਏ ਕੀ ਖੜੇ ਜੱਬਲੀਆਂ ਮਾਰੀ ਜਾਂਦੇ ਓ, ਔਹ ਚਲੇ ਆ ਪ੍ਰਬੰਧਕ ਕਾਰਾਂ ਸਟਾਰਟ ਕਰਕੇ, ਫੇਰ ਕਿਤੇ ਤੁਹਾਡੇ ਨਾਲ ਪਿਛਲੀ ਵਾਰ ਵਾਂਗੂ ਹੋਵੇ, ਜਾਓ ਜਾਕੇ ਫੜਲੋ।

'ਤੂੰ ਫਿਕਰ ਨਾ ਕਰ, ਐਤਕੀ ਅਸੀਂ ਆਪਣੇ ਹੱਕਾਂ ਤੋਂ ਸੁਚੇਤ ਆ, ਜੇ ਹੁਣ ਪਿਛਲੀ ਵਾਰੀ ਆਂਗੂ ਹੋਈ ਤਾਂ, ਅਗਲੀ ਵਾਰੀ ਹਾਲ ਦੀਆਂ ਪਹਿਲੀਆਂ ਕੁਰਸੀਆਂ ਵੀ ਖਾਲੀ ਰਹਿਣਗੀਆਂ'

'ਚਲੋ'

'ਚਲੋ'

'ਚਲੋ'

'... '

'... '

# ਆਮ ਲੇਖਕ ਦੀ ਅਰਜੋਈ

ਹੇ ਮੇਰੀ ਸਭਾ ਦੇ ਸਭ ਨਵੇਂ ਤੇ ਪੁਰਾਣੇ ਪ੍ਰਧਾਨ ਜੀਓ,

ਵੱਡੀ ਅਕਾਡਮੀ ਦੇ ਕਰਤਾ ਧਰਤਾ ਜੀਓ, ਰਾਜਧਾਨੀ ਦਰਬਾਰ ਦੇ ਮੇਹਰਬਾਨ ਅਲੋਚਕ ਜੀਓ, ਸਾਹਿੱਤ ਤੋਂ ਪੱਤਰਕਾਰਤਾ ਵਿਚ ਆਏ ਵੀਰੋ ਤੇ ਭੈਣੋਂ, ਨਿੱਕੀਆਂ ਵੱਡੀਆਂ ਸਭ ਸਾਹਿੱਤਕ ਅੰਕ ਕੱਢਦੀਆਂ ਅਖਬਾਰਾਂ ਦੇ ਸੰਪਾਦਕ ਜੀਓ, ਮੈਂ ਅਜ ਫੇਰ ਤੁਹਾਡੇ ਸਨਮੁੱਖ ਹੋਣ ਲਗਾ ਹਾਂ ਤੇ ਤੁਹਾਡੀ ਕਚਿਹਰੀ ਵਿਚ ਹਾਜ਼ਰ ਹਾਂ।

ਤੁਹਾਡੇ ਵਲੋਂ ਮਿਲੇ ਪਿਛਲੀ ਵਾਰੀ ਦੇ ਹੁੰਗਾਰੇ ਨੇ ਮੈਨੂੰ ਫੇਰ ਹੌਂਸਲਾ ਦਿੱਤਾ ਹੈ, ਤੇ ਐਤਕਾਂ ਮੈਂ ਕੁਝ ਪੈਸੇ ਫਿਰ ਕੱਠੇ ਕੀਤੇ ਹਨ। ਕੁਝ ਬੀਵੀ ਤੋਂ ਚੋਰੀ, ਕੁਝ ਗੈਰਰਸਮੀ ਟਿਊਸ਼ਨਾਂ ਕਰਕੇ, ਕੁਝ ਏਧਰੋਂ ਉਧਰੋਂ ਪਊਏ, ਅਧੀਏ ’ਚੋਂ ਬਚਾ ਕਿ ਜਾਂ ਫੇਰ ਦੋਸਤਾਂ ਦੀ ਭੀੜ ਵਿਚ ਕੰਜੂਸੀ ਵਾਲੀ ਚੁੱਪੀ ਵੱਟ ਕਿ। ਇਹ ਨਾ ਸਮਝਣਾ ਕਿ ਮੈਂ ਤੁਹਾਨੂੰ ਪੈਸੇ ਦੇਣ ਦੀ ਗੱਲ ਕਰਨ ਲੱਗਿਆ ਹਾਂ। ਮੈਂ ਤਾਂ ਜਨਾਬ ਜੀ ਤੁਹਾਡੇ ਸਿਰਫ ਅਸ਼ੀਰਵਾਦ ਦਾ ਹੀ ਭੁੱਖਾ ਹਾਂ। ਅਜ ਤੁਹਾਡਾ ਸਹਿੰਦਾ ਸਹਿੰਦਾ ਸਹਿਯੋਗ ਮੈਨੂੰ ਲੋੜੀਂਦਾ ਹੈ।

ਪੈਸੇ ਤਾਂ ਜੋ ਮੈਂ ਕੱਠੇ ਕੀਤੇ ਹਨ ਉਹ ਮੈਂ ਆਪਣੀ ਦੂਸਰੀ ਕਿਤਾਬ ਛਪਵਾਉਣ ਲਈ ਕੱਠੇ ਕੀਤੇ ਹਨ। ਇੰਨੇ ਕੁ ਪੈਸਿਆਂ ਨਾਲ ਜੇ ਕਰ ਕਿਸੇ ਛਾਪਕ ਦਾ ਸਰ ਜਾਵੇ ਤੇ ਮੇਰੀ ਕਿਤਾਬ ਛਾਪ ਦੇਵੇ ਤਾਂ ਮੈਂ ਗਨੀਮਤ ਸਮਝਾਂਗਾ। ਛਾਪਕ ਵਿਚਾਰਾ ਵੀ ਕੀ ਕਰੇ, ਮੈਂ ਵੀ ਲਿਖਣ ਲਈ ਮਜ਼ਬੂਰ ਹਾਂ ਤੇ ਕਾਲੇ ਅੱਖਰੀ ਆਪਣੀ ਰਚਨਾ ਨੂੰ ਛਪਿਆ ਦੇਖਣ ਦਾ ਚਾਹਵਾਨ ਹਾਂ। ਮੈਂ ਵਾਅਦਾ ਕਰਦਾ ਹਾਂ ਕਿ ਜੋ 100-200 ਕਿਤਾਬ ਉਹ ਮੈਨੂੰ ਦੇਵੇਗਾ ਉਹ ਸਭ ਤੁਹਾਨੂੰ ਆਦਰ ਸਹਿਤ ਭੇਂਟ ਕਰਾਂਗਾ।

ਹੇ ਮੇਰੀ ਸਾਹਿੱਤ ਸਿਰਜਣਾ ਦੇ ਸਿਰੇ ਦੀ ਗੰਢ ਪ੍ਰਧਾਨ ਜੀਓ ਤੁਸੀਂ ਕਿਰਪਾ ਕਰਨੀ, ਮੇਰੀ ਕਿਤਾਬ ਚੰਗੇ ਜਿਹੇ ਮਹਿਮਾਨ ਨੂੰ ਸਦ ਕਿ ਰੀਲੀਜ਼ ਕਰਵਾ ਦੇਣੀ ਭਾਵੇਂ ਤੁਸੀਂ ਮੁੱਖ-ਮਹਿਮਾਨ ਕੋਲੋਂ ਤਿੰਨ ਜਾਂ ਚਾਰ ਹਜ਼ਾਰ ਉਤੇ ਸੋ ਰੁਪਿਆ ਸਭਾ ਵਾਸਤੇ ਸਹਾਇਤਾ ਲੈ ਲੈਣੀ, ਮੈਂ ਮੁੱਖ ਮਹਿਮਾਨ ਦੀ ਸਾਹਿੱਤ ਦੀ ਸੂਝ ਦੇ ਖ਼ੁਦ ਪੁਲ ਬੰਨਾਂਗਾ, ਭਾਵੇਂ ਮੈਨੂੰ ਉਸਦੀ

ਛਪੀ ਹੋਈ ਕਿਸੇ ਰਚਨਾ ਦਾ ਕੁਝ ਵੀ ਯਾਦ ਨਾ ਹੋਵੇ।

ਹੇ ਮੇਰੇ ਸਾਹਿੱਤੋਂ ਪਰਤੇ ਪੱਤਰਕਾਰ ਜੀਓ, ਸਮਾਗਮ ਦਾ ਸੰਚਾਲਨ ਵੀ ਤੁਸੀਂ ਹੀ ਕਰਨਾ ਹੈ ਤੇ ਖ਼ਬਰ ਆਪਣੇ ਬਾਕੀ ਭਾਈਚਾਰੇ ਨੂੰ ਕਹਿ ਕਿ ਲਗਵਾਉਣ ਦਾ ਇੰਤਜ਼ਾਮ ਵੀ ਤੁਸੀਂ ਹੀ ਕਰਨਾ ਹੈ। ਮੈਂ ਜਿੰਨੀਆਂ ਆਖੋ ਫੋਟੋਆਂ ਦੀਆਂ ਰੰਗਦਾਰ ਕਾਪੀਆਂ (ਜਿਸ ਵਿਚ ਤੁਸੀਂ ਵੀ ਹੋਵੋਂ) ਤੁਹਾਨੂੰ ਉਸੇ ਦਿਨ ਪੇਸ਼ ਕਰ ਦੇਵਾਂਗਾ।

ਹੇ ਮੇਰੇ ਅਤਿ ਸਤਕਾਰਿਤ ਛੋਟੇ ਤੇ ਵੱਡੇ ਵੀਰ ਸੰਪਾਦਕ ਜੀਓ, ਇਹ ਤਾਂ ਤੁਹਾਡੀ ਹੀ ਮਿਹਰਬਾਨੀ ਹੋਵੇਗੀ ਜੇਕਰ ਕਿਸੇ ਰੰਗਦਾਰ ਪੰਨੇ ਤੇ ਮੇਰੀ ਨਿਮਾਣੀ ਜਿਹੀ ਕਿਤਾਬ ਰੀਲੀਜ਼ ਕਰਵਾਉਂਦੇ ਦੀ ਫੋਟੋ ਛਪੇਗੀ। ਇਹ ਤੁਹਾਡੀ ਕਿਰਪਾ ਹੀ ਹੋਵੇਗੀ, ਜਿਸ ਸਦਕਾ ਸੂਬੇ ਦੀ ਜਾਂ ਦੇਸ਼ ਦੀ ਰਾਜਧਾਨੀ ਵਿਚ ਇਨਾਮਾਂ ਦੀਆਂ ਲਿਸਟਾਂ ਦੀ ਰਾਖੀ ਬੈਠੇ ਸੱਜਣਾਂ ਕੋਲ ਮੇਰੇ ਬਾਰੇ ਆਵਾਜ਼ ਪਹੁੰਚੇਗੀ।

ਦਰਬਾਰੀ ਆਲੋਚਕ ਵੀਰ ਤਾਂ ਸਾਡੇ ਆਪਣੇ ਹਨ। ਉਹ ਤਾਂ ਉਂਜ ਵੀ ਆਮ ਲੇਖਕ ਦੀ ਪਹੁੰਚ ਤੋਂ ਬਾਹਰ ਨਹੀਂ ਹਨ, ਬਸ ਉਹਨਾਂ ਨੇ ਤਾਂ ਪ੍ਰਤੀਬੱਧ ਲੇਖਕਾਂ ਦੀ ਪਹਿਚਾਣ ਹੀ ਕਰਨੀ ਹੈ ਤੇ ਮੈਂ ਉਹਨਾਂ ਪ੍ਰਤੀ ਪੂਰਾ ਪ੍ਰਤੀਬਧ ਹਾਂ।

ਹੇ ਮੇਰੇ ਸਾਹਿੱਤਕ ਪ੍ਰਿਯਤਮਾਓ ਤੁਹਾਡੀ ਕ੍ਰਿਪਾ ਰਹੀ ਤਾਂ ਮੇਰੀ ਇਹ ਦੂਜੀ ਕਿਤਾਬ ਕੋਈ ਨਾ ਕੋਈ ਸ਼੍ਰੋਮਣੀ ਪ੍ਰਾਪਤੀ ਜ਼ਰੂਰ ਕਰੇਗੀ।

ਅੰਤ ਵਿਚ ਮੈਂ ਤੁਹਾਨੂੰ ਯਕੀਨ ਦੁਆਂਦਾ ਹਾਂ ਕਿ ਅਗਰ ਤੁਸੀਂ ਮਿਹਰ ਕਰਕੇ ਮੇਰਾ ਇਹ ਕਾਰਜ ਸਿਰੇ ਚਾੜ੍ਹਦੇ ਹੋ ਤਾਂ ਮੈਂ ਤੀਜੀ ਕਿਤਾਬ ਜ਼ਰੂਰ ਪਾਠਕਾਂ ਲਈ ਲਿਖਾਂਗਾ।

ਅਮੀਨ

ਆਮ ਲੇਖਕ

# ਸ਼ਾਇਰ ਦੇ ਘਰ ਚੋਰੀ

ਕੁਝ ਸਾਲ ਪਹਿਲਾਂ ਤਕ ਲੋਕ ਘਰਾਂ ਦੇ ਵਿਹੜਿਆਂ ਜਾਂ ਕੋਠਿਆਂ ਉਤੇ ਮੰਜੇ ਡਾਹ ਕਿ ਸੌਂਦੇ ਸਨ। ਘਰਾਂ ਨੂੰ ਤਾਲੇ ਲਾਕੇ ਨਿਸਚਿੰਤ ਹੋਕੇ ਘੁਰਾੜ ਮਾਰਦੇ ਸਨ। ਘਰ ਦਾ ਮੁੱਖੀ ਵਿਹੜੇ ਦੇ ਬਾਹਰਲੇ ਦਰਵਾਜ਼ੇ ਮੂਹਰੇ ਮੰਜਾ ਡਾਹ ਲੈਂਦਾ ਸੀ ਤੇ ਘਰ ਦੀ ਇਕ ਬਜ਼ੁਰਗ ਔਰਤ ਅਕਸਰ ਤਾਲੇ ਵਾਲੇ ਦਰਵਾਜ਼ੇ ਦੇ ਮੂਹਰੇ ਸੌਂਦੀ ਸੀ। ਬਾਕੀ ਟੱਬਰ ਵਿਚ ਵਿਚਾਲੇ ਮੰਜਿਆਂ ਦੀ ਪਾਲ ਲਗਾ ਲੈਂਦੇ ਸਨ। ਇੰਜ ਘਰ ਪੇਂਡੂ ਚੋਰਾਂ ਤੋਂ ਸੁਰੱਖਿਅਤ ਸਮਝਿਆ ਜਾਂਦਾ ਸੀ। ਇਸੇ ਲਈ ਚੰਗੇ ਚੋਰ ਘਰ ਦੇ ਪਿਛਾੜਿਓਂ ਸੰਨ੍ਹ ਲਗਾ ਕਿ ਚੋਰੀ ਕਰਦੇ ਸਨ। ਬਹੁਤੀ ਵਾਰੀ ਇਸ ਕਾਰਜ ਦਾ ਸਵੇਰੇ ਤੜਕੇ ਪਤਾ ਲੱਗਦਾ ਜਾਂ ਫੇਰ ਪਿੰਡ ਦਾ ਕੋਈ ਹਾਲੀ ਜਦ ਪਛਾੜਿਓਂ ਲੰਘਦਾ ਜਾਂ ਕੋਈ ਜੰਗਲਪਾਣੀ ਨੂੰ ਕਾਹਲਾ ਬੰਦਾ ਇਸ ਬਾਰੇ ਸੂਚਿਤ ਕਰਦਾ ਤਾਂ ਦੌੜ ਭਜ ਸ਼ੁਰੂ ਹੁੰਦੀ। ਘਰ ਦੇ ਇਸ ਨਾਲ ਮਾਸੋਸੇ ਜਿਹੇ ਜਾਂਦੇ । ਘਰ ਦੇ ਮੁੱਖੀ ਨੂੰ ਸਭ ਤੋਂ ਵੱਧ ਦੁੱਖ ਪਹੁੰਚਦਾ ਤੇ ਕਈ ਵਾਰੀ ਨਾਮੋਸ਼ੀ ਦਾ ਮਾਰਿਆ ਪਿੰਡ ਦੀ ਸੱਥ ਵਿਚ ਕਈ ਕਈ ਦਿਨ ਨਾ ਵੜਦਾ।

ਪਰ ਹੁਣ ਘਰਾਂ ਦੇ ਮਾਲਕ ਸੁਚੇਤ ਹੋ ਗਏ ਹਨ ਤੇ ਚੋਰਾਂ ਦਾ ਸਟੈਂਡਰਡ ਵੀ ਚੌਕਿਆ ਗਿਆ ਹੈ। ਹੁਣ ਚੋਰ ਵੀ ਛੋਟੀ ਮੋਟੀ ਚੀਜ਼ ਚੋਰੀ ਕਰਨਾ ਆਪਣੀ ਹੱਤਕ ਸਮਝਦੇ ਹਨ। ਅਜ ਕੱਲ੍ਹ ਦੇ ਸਮਿਆਂ ਵਿਚ ਸਭ ਤੋਂ ਵਧੀਆ ਚੋਰੀ ਘਰ ਦੇ ਮਾਲਕ ਨਾਲ ਮਿਲ ਕਿ ਹੀ ਕੀਤੀ ਜਾ ਸਕਦੀ ਹੈ। ਜਿਵੇਂ ਇਕ ਮਸ਼ਹੂਰ ਲੇਖਕ ਨਾਲ ਹੋਇਆ। ਇਹ ਲੇਖਕ ਬਹੁਤ ਹੀ ਉਪਜਾਊ ਹੈ ਰੋਜ਼ ਹੀ ਇਕ ਦੋ ਸ਼ੇਅਰ ਲਿਖ ਲੈਂਦਾ ਹੈ ਤੇ ਹਰ ਹਫ਼ਤੇ ਇਕ ਅੱਧੀ ਗ਼ਜ਼ਲ ਪੂਰੀ ਕਰ ਲੈਂਦਾ ਹੈ। ਇਸੇ ਲਈ ਇਲਾਕੇ ਦੇ ਨਵੇਂ ਸਿਖਾਂਦਰੂ ਇਸਦੇ ਮਗਰ ਫਿਰਦੇ ਰਹਿੰਦੇ ਹਨ। ਇਹਨਾਂ ਵਿਚ ਕੁਝ ਬੀਬੀਆਂ ਵੀ ਹਨ। ਇਹਨਾਂ ਵਿਚੋਂ ਦੋ ਬੀਬੀਆਂ ਨੂੰ ਇਹ ਅਕਸਰ ਆਪਣਾ ਇਕ ਅੱਧ ਕਲਾਮ ਕਦੇ ਕਦੇ ਦੇ ਦਿਆ ਕਰਦਾ ਸੀ ਜਿਹਨਾਂ ਦਾ ਮਿਜ਼ਾਜ਼ ਜਰਾ ਆਸ਼ਕਾਨਾ ਹੁੰਦਾ। ਇਹਨਾਂ ਬੀਬੀਆਂ ਦੀ ਦੋਸਤੀ ਸ਼ਾਇਰ ਦੀ ਘਰ ਵਾਲੀ ਨਾਲ ਹੋਣੀ ਸੁਭਾਵਿਕ ਹੀ ਸੀ। ਅੰਦਰੋ ਅੰਦਰੀ ਇਹ ਸ਼ਾਇਰ ਖੁਸ਼ ਵੀ ਇਸੇ ਕਰਕੇ ਰਹਿੰਦਾ ਸੀ। ਜਦੋਂ ਕਿਸੇ ਸਭਾ, ਮੁਸ਼ਾਇਰੇ ਵਿਚ ਇਹਨਾਂ

ਵਰਤਾਏ ਹੋਏ ਸ਼ੇਅਰਾਂ ਨੂੰ ਦਾਦ ਮਿਲਦੀ ਤਾਂ ਸ਼ਾਇਰ ਦੀਆਂ ਚਿੜੇ ਵਰਗੀਆਂ ਮੁੱਛਾਂ ਆਕੜ ਜਾਂਦੀਆਂ।

ਇਕ ਦਿਨ ਇਹ ਸ਼ਾਇਰ ਬੜਾ ਉਖੜਿਆ ਜਿਹਾ ਫਿਰ ਰਿਹਾ ਸੀ। ਅਜ ਇੱਕ ਸਭਾ ਦਾ ਪ੍ਰੋਗਰਾਮ ਸੀ ਤੇ ਉਥੇ ਉਸਨੇ ਆਪਣਾ ਕਲਾਮ ਪੜ੍ਹਨਾ ਸੀ। ਉਥੇ ਹੀ ਇਹਨਾਂ ਦੋ ਬੀਬੀਆਂ ਨੇ ਵੀ ਸਟੇਜ ਤੇ ਪਹੁੰਚਣਾ ਸੀ। ਸ਼ਾਇਰ ਨੂੰ ਚਾਹ ਪਿਲਾ ਕਿ ਉਸਤੋਂ ਘਬਰਾਹਟ ਦਾ ਕਾਰਣ ਪੁੱਛਿਆ ਤਾਂ ਉਸ ਦੱਸਿਆ, ‘ਗਲ ਤਾਂ ਬਹੁਤ ਮੁਸ਼ਕਲ ਭਰੀ ਹੈ। ਮੈਂ ਗਿਆ ਹੋਇਆ ਸੀ ਬਰੇਲੀ ਤੇ ਅੱਜ ਘੰਟਾ ਕੁ ਪਹਿਲਾਂ ਹੀ ਪਹੁੰਚਿਆ। ਘਰੋਂ ਪਤਾ ਲੱਗਾ ਕਿ ਇਕ ਬੀਬੀ ਸਵੇਰੇ ਆਈ ਤੇ ਇਕ ਦੁਪਿਹਰੇ। ਦੋਹਾਂ ਨੇ ਹੀ ਮੇਰੀ ਡਾਇਰੀ ’ਚੋਂ ਕੁਝ ਨਜ਼ਮਾਂ ਕਾਪੀ ਕਰ ਲਈਆਂ ਹਨ। ਇਹ ਤਾਂ ਕੋਈ ਗੱਲ ਨਹੀਂ, ਪਰ ਮੁਸ਼ਕਲ ਤਾਂ ਇਹ ਹੈ ਕਿ ਕਿਤੇ ਅਸੀਂ ਇਥੇ ਅਜ ਸਟੇਜ ਤੇ ਤਿੰਨੋ ਆਪਸ ਵਿਚ ਟਕਰਾਅ ਨਾ ਜਾਈਏ।’

ਮੈਨੂੰ ਲੱਗਾ ਕਿ ਸ਼ਾਇਰ ਦੇ ਘਰ ਸੰਨ੍ਹ ਲਗ ਗਈ ਤੇ ਸ਼ਾਇਰ ਘਰ ਦੇ ਬੂਹੇ ਮੂਹਰੇ ਸੁੱਤਾ ਰਿਹਾ ਤੇ ਹੁਣ ਸੱਥ ਵਿਚ ਜਾਣ ਤੋਂ ਘਬਰਾ ਰਿਹਾ ਹੈ।

# ਫਟੋਚੀਏ

ਕਿਹੜਾ ਬੰਦਾ ਹੈ? ਜੋ ਇਹ ਨਹੀਂ ਚਾਹੁੰਦਾ ਕਿ ਉਸਦੀ ਫੋਟੋ ਸੁੰਦਰ ਆਵੇ। ਹਰ ਬੰਦਾ ਚਾਹੇ ਉਹ ਕਿਹੋ ਜਿਹਾ ਬਾਣਾ ਪਾਈ ਫਿਰਦਾ ਹੋਵੇ, ਭਗਵਾਂ ਜਾਂ ਠਗਵਾਂ ਹਮੇਸ਼ਾ ਹੀ ਇਹ ਚਾਹੇਗਾ ਕਿ ਉਸਦੀ ਮੁਸਕਰਾਂਦੇ ਦੀ ਫੋਟੋ ਆਵੇ। ਫੋਟੋਗ੍ਰਾਫਰ ਦਾ ਇਸ਼ਾਰਾ ਮਿਲੇ ਸਹੀ, ਝੱਟ ਕੰਘੀ ਕਿਤੋਂ ਨਾ ਕਿਤੋਂ ਪੈਦਾ ਹੋ ਜਾਵੇਗੀ, ਨਹੀਂ ਤਾਂ ਘੱਟੋ ਘੱਟ ਦਾਹੜੇ ਤੇ ਹਥ ਜ਼ਰੂਰ ਫਿਰ ਜਾਵੇਗਾ, ਮੁੱਛਾਂ ਨੂੰ ਤਾਅ ਦਿਤਾ ਜਾਵੇਗਾ ਤੇ ਜੇਕਰ ਕੋਈ ਬੀਬੀ ਹੋਵੇ ਤਾਂ ਝੱਟ ਪਰਸ ਦੀ ਫਰੋਲਾ-ਫਰਾਲੀ ’ਚੋਂ ਸੁਰਖੀ ਬਿੰਦੀ ਤੇ ਛੋਟਾ ਜਿਹਾ ਸ਼ੀਸ਼ਾ ਨਿਕਲ ਕਿ ਹੱਥਾਂ ਵਿਚ ਹੋਵੇਗਾ। ਇਹ ਦੁਬਿਧਾਵਾਂ ਤਾਂ ਆਮ ਬੰਦਿਆਂ ਦੀਆਂ ਹੀ ਹਨ ਕਿ ਫੋਟੋ ਖਿਚਵਾਣ ਦਾ ਮੌਕਾ ਮਿਲਣ ਮੌਕੇ ਉਹ ਤਿਆਰ ਹੋਣ ਲਗ ਪੈਂਦੇ ਹਨ। ਇਸਦਾ ਕਈ ਵਾਰੀ ਨੁਕਸਾਨ ਵੀ ਹੁੰਦਾ ਹੈ। ਤਿਆਰੀ ਹਾਲੇ ਹੋਈ ਨਹੀਂ ਹੁੰਦੀ ਤੇ ਫੋਟੋਗ੍ਰਾਫਰ ਪੱਤਰਾ ਵਾਚ ਜਾਂਦੇ ਹਨ। ਪਤਰਾ ਵਾਚਣ ਵਾਲੇ ਫੋਟੋਗ੍ਰਾਫਰਾਂ ਵਿਚ ਬਹੁਗਿਣਤੀ ਪੱਤਰਕਾਰ ਫੋਟੋਗ੍ਰਾਫਰਾਂ ਦੀ ਹੁੰਦੀ ਹੈ। ਇਸ ਕਿਸਮ ਨਾਲ ਸਿਝਣਾ ਬਹੁਤ ਹੀ ਔਖਾ ਕੰਮ ਹੈ। ਨਾ ਇਹ ਅਟਕਦੇ ਹਨ ਤੇ ਨਾ ਹੀ ਪਰਵਾਹ ਕਰਦੇ ਹਨ ਕਿ ਕੌਣ ਕੌਣ ਫੋਟੋ ਖਿਚਵਾ ਰਿਹਾ ਹੈ। ਬਸ ਇਹਨਾਂ ਨੂੰ ਤਾਂ ਮੂਹਰੇ ਅਖਬਾਰੀ ਐਕਸ਼ਨ ਹੁੰਦਾ ਹੋਇਆ ਹੀ ਚਾਹੀਦਾ ਹੈ।

ਇਸੇ ਸਮੇਂ ਦੀ ਤੁਰੰਤਤਾ ’ਚੋਂ ਪੈਦਾ ਹੋਈ ਹੈ ਨਵੀਂ ਕਲਾਸ ਫਟੋਚੀਏ। ਇਹ ਘਰੋਂ ਪੂਰੀ ਤਿਆਰੀ ਕਰ ਕਿ ਆਉਂਦੇ ਹਨ। ਪੈਂਟ, ਕੋਟ, ਪੱਗ, ਟੋਪੀ ਦਾ ਰੰਗ ਜ਼ਰਾ ਤਿਲਕਵਾਂ ਰੱਖਣਗੇ। ਬੂਟ ਉੱਚੀ ਅੱਡੀ ਦੇ ਪਾਉਣਗੇ ਅਤੇ ਜੇਬ ਨਾਲ ਪੈੱਨ, ਹਥ ’ਚ ਛੋਟਾ ਬੈਗ ਜਾਂ ਕਾਪੀ, ਕਾਲਰ ਤੇ ਕਿਸੇ ਕਲੱਬ ਦਾ ਬੈਜ ਤੇ ਸਮਾਗਮ ਦੇ ਸ਼ੁਰੂ ਤੇ ਗੇਟ ਕੋਲ ਮੰਡਲਾਉਣਗੇ । ਸਮਾਗਮ ਸ਼ੁਰੂ ਹੁੰਦੇ ਹੀ ਬਦੋ ਬਦੀ ਸਟੇਜ ਸਕੱਤਰ ਨਾਲ ਕੋਈ ਨਾ ਕੋਈ ਕੰਮ ਕਰਵਾਉਣਗੇ, ਜੇ ਹੋਰ ਨਹੀਂ ਤਾਂ ਕੰਨਟੀਨ ਵਾਲੇ ਮੁੰਡੇ ਨੂੰ ਫੜ ਮੁੱਖ ਮਹਿਮਾਨਾਂ ਨੂੰ ਪਾਣੀ ਦੇ ਗਿਲਾਸ ਫੜਾਈ ਜਾਣਗੇ। ਮੰਜ਼ਲ ਇਹਨਾਂ ਦੀ ਹੁੰਦੀ ਹੈ ਮੁੱਖ ਰਸਮ, ਜਦੋਂ ਸਮਾਗਮ ਦੀ ਮੁੱਖ ਰਸਮ ਹੋਵੇਗੀ ਤਾਂ ਝੱਟ ਆਪਣੀਆਂ ਸਿਰੀਆਂ ਕੱਢ ਕਿ ਮਹਿਮਾਨਾਂ ਦੀ ਡਾਰ ਵਿਚ ਜਾ ਖੜੇ ਹੋਣਗੇ

। ਲੱਖ ਕੋਸ਼ਿਸ਼ ਕਰ ਲਵੋ ਇਹ ਐਸੀ ਥਾਂ ਖੜਨਗੇ ਕਿ ਸੰਪਾਦਕ ਦੀ ਕੈਂਚੀ ਇਹਨਾਂ ਨੂੰ ਕੱਟ ਨਹੀਂ ਸਕੇਗੀ। ਕੱਦ ਕਾਠ, ਸਰੀਰ ਇਹਨਾਂ ਦੇ ਇਸ ਤਰ੍ਹਾਂ ਦੇ ਬਣ ਜਾਂਦੇ ਕਿ ਕਈ ਬਾਰੀ ਮਾੜੇ ਮੋਟੇ ਮੁੱਖ ਮਹਿਮਾਨ ਦੀ ਤਸਵੀਰ ਵੀ ਮੱਧਮ ਪੈ ਜਾਂਦੀ ਹੈ। ਇਹ ਅਕਸਰ ਹੀ ਆਪਣੀਆਂ ਇਹਨਾਂ ਚੁਤਰਾਈਆਂ ਕਰਕੇ ਅਖ਼ਬਾਰਾਂ ਦੇ ਪੰਨਿਆਂ ਦੀ ਸ਼ਾਨ ਬਣਦੇ ਹਨ, ਭਾਵੇਂ ਲੱਭਦਾ ਇਹਨਾਂ ਨੂੰ ਇੰਜ ਵੀ ਕੁਝ ਨਹੀਂ। ਛਪੀ ਹੋਈ ਫੋਟੋ ਦਾ ਇਹ ਕੀ ਕਰਦੇ ਹਨ, ਇਹ ਫੇਰ ਸਹੀ।

# ਮੂੰਹ ਨੂੰ ਮੋਕ

'ਜਨਮੇਜੇ ਉਰੇ ਆ ਤੈਨੂੰ ਕੁਝ ਦਿਖਾਵਾਂ' ਪਰਵਾਸੀ ਹੋ ਰਹੇ ਇਕ ਨਾਵਲਿਸਟ ਨੇ ਮੈਨੂੰ ਆਵਾਜ਼ ਮਾਰ ਕਿ ਸੱਦਿਆ।

'ਤੂੰ ਕਦੇ ਪਸ਼ੂਆਂ ਨੂੰ ਮੋਕ ਲੱਗੀ ਦੇਖੀ ਆ?' ਉਸਦਾ ਸੁਆਲ ਸੀ। 'ਮੋਕ ਤਾਂ ਮੈਂ ਬਹੁਤ ਲੱਗੀ ਦੇਖੀਆ। ਇਹ ਪਿੰਡਾਂ ਵਿਚ ਪਸ਼ੂਆਂ ਦੀ ਆਮ ਬਿਮਾਰੀ ਹੈ।  ਇਹ ਬਿਮਾਰੀ ਖੇਤਾਂ ਵਿਚ ਚਰਦੇ ਪਸ਼ੂਆਂ ਨੂੰ ਘੱਟ ਲੱਗਦੀ, ਪਰ ਖੁਰਲੀ ਤੇ ਬੱਝੇ ਨੂੰ ਜ਼ਿਆਦਾ। ਕੁਦਰਤ ਖੁਲ੍ਹੇ ਖੇਤਾਂ ਵਿਚ ਜਿਥੇ ਹਾਨੀਕਾਰਕ ਜੜੀਆਂ ਬੂਟੀਆਂ ਪੈਦਾ ਕਰਦੀ ਹੈ ਉਥੇ ਉਹ ਇਸਦੇ ਇਲਾਜ ਵਾਲੀ ਬੂਟੀ ਵੀ ਲਾਗੇ ਸ਼ਾਗੇ ਹੀ ਪੈਦਾ ਕਰ ਦਿੰਦੀ ਹੈ। ਖੁਲ੍ਹੇ ਖੇ ਤਾਂ ਵਿਚ ਚਰਦੇ ਪਸ਼ੂ ਇੰਜ ਕੁਦਰਤ ਦੀ ਬਰਾਬਰਤਾ ਕਰਕੇ ਬਚੇ ਰਹਿੰਦੇ ਹਨ। ਪਰ ਜੋ ਖੁਰਲੀ ਤੇ ਹਰੇ ਪੱਠੇ ਖਾਣੇ ਗਿੱਝ ਜਾਣ, ਜਦੋਂ ਗਲਤੀ ਨਾਲ ਆਈ ਕਿਸੇ ਕੌੜੀ ਬੂਟੀ ਨੂੰ ਖਾ ਬੈਠਦੇ ਹਨ ਤਾਂ ਮੋਕ ਵਰਗੀ ਬਿਮਾਰੀ ਲਗਾ ਲੈਂਦੇ ਹਨ। ਭਾਵੇਂ ਕਿ ਮੋਕ ਲੱਗਣ ਦਾ ਸਿਰਫ ਇਹੀ ਕਾਰਣ ਨਹੀਂ ਹੁੰਦਾ।'

'ਮੈਂ ਤੈਨੂੰ ਸਿਰਫ ਮੋਕ ਲੱਗੀ ਦੇਖਣ ਬਾਰੇ ਪੁੱਛਿਆ ਸੀ ਤੂੰ ਪੂਰਾ ਲੈਕਚਰ ਝਾੜ ਤਾ ਕਿਸੇ ਡੰਗਰ ਡਾਕਟਰ ਵਾਂਗ।' ਨਾਵਲਿਸਟ ਨੇ ਗਿਲਾ ਕੀਤਾ।

'ਭਰਾਵਾ ਮੇਰੇ ਵਾਂਗ ਹਿੰਦੋਸਤਾਨ ਵਿਚ ਤਾਂ ਹਰ ਕੋਈ ਡਾਕਟਰ ਹੈ। ਜ਼ਰਾ ਬਿਮਾਰ ਹੋਵੋ ਸਹੀ, ਇਲਾਜਾਂ ਦੀ ਝੜੀ ਲਾ ਦੇਣਗੇ। ਜੇ ਸਭ ਦੇ ਇਲਾਜ ਮੰਨ ਲਏ ਜਾਣ ਤਾਂ ਬੰਦਾ ਨੀ ਬਚਦਾ' ਮੈਂ ਆਪਣੀ ਸਹੀ ਪਾਉਣ ਦੀ ਕੋਸ਼ਿਸ਼ ਕੀਤੀ।

'ਮੈਂ ਤਾਂ ਤੈਨੂੰ ਮੂੰਹ ਦੀ ਮੋਕ ਬਾਰੇ ਦੱਸਣਾ ਚਾਹੁੰਦਾ ਸੀ, ਤੂੰ ਗੱਲ ਬੰਦਿਆਂ ਤੋਂ ਡੰਗਰਾਂ ਤੇ ਲੈ ਗਿਆ। ਲੱਗਦਾ ਤੇਰਾ ਜੱਟਵਾਦ ਹਾਲੇ ਮੱਠਾ ਨੀ ਪਿਆ?'

'ਗਲ ਦਸ ਕੀ ਆ?' ਮੈਂ ਜ਼ਰਾ ਪਿਆਰ ਭਰਿਆ ਔਖਾ ਹੋਇਆ।

'ਓਹ ਦਿਖਦਾ ਬੰਦਾ? ਇਹਦੇ ਮੂੰਹ ਨੂੰ ਘੱਟੋ ਘੱਟ ਪਿਛਲੇ 2 ਘੰਟੇ ਤੋਂ ਮੋਕ ਲੱਗੀ ਹੋਈ ਹੈ। ਕਦੇ ਇਹ ਕਿਸੇ ਨੂੰ ਲੈਕਚਰ ਝਾੜਦਾ ਹੈ ਤੇ ਕਦੇ ਕਿਸੇ ਨੂੰ। ਹੋਲੀ ਹੋਲੀ ਲੋਕ ਖਿਸਕੀ ਜਾਂਦੇ ਆ। ਇਹ ਵੀ ਢਾਣੀਆਂ ਬਦਲੀ ਜਾਂਦਾ, ਹੁਣ ਤਾਂ ਪਿੱਪਲ ਦੀ ਛਾਂ ਥੱਲੇ ਬੈਠੇ ਵੀ ਲੋਕ ਧੁੱਪ ਮਹਿਸੂਸ ਕਰਨ ਲਗ ਪਏ ਆ।'

'ਅਛਾ ਆ ਬੰਦਾ, ਭਰਾਵਾ ਇਹ ਵੀ ਤਾਂ ਸਾਰੀ ਉਮਰ ਖੁਰਲੀ ਬੱਝਾ ਬਲਦ ਹੀ ਰਿਹਾ। ਤਨਖਾਹ ਰੂਪੀ ਹਰਾ ਚਾਰਾ ਮਿਲਦਾ ਰਿਹਾ ਸਣੇ ਕੌੜ ਬੂਟੀ। ਇਹ ਤਾਂ ਉਦੋਂ ਦੀ ਲਗੀ ਮੋਕ ਆ। ਇਹਦੇ ਵਿਚ ਇਹਦਾ ਕੀ ਕਸੂਰ। ਪਹਿਲੋਂ ਵਿਦਿਆਰਥੀ ਸਹੀ ਗਏ, ਹੁਣ ਲੇਖਕ ਫਸ ਗਏ ਆ। ਕੋਈ ਅਹੁੜ-ਪਹੁੜ ਤਾਂ ਨਹੀਂ ਕਰੀਦਾ ਕਿ ਕਿਤੇ ਸਿੰਗ ਨਾ ਮਾਰੇ।

'ਪਰ ਫੇਰ ਵੀ?'

'ਘਬਰਾ ਨਾ, ਭਾਵੇਂ ਇਹ ਲੇਖਕ ਪੂਰਾ ਨਹੀਂ, ਹੈ ਤਾਂ ਫੇਰ ਵੀ ਆਪਣਾ, ਆਸ ਰਖ ਕਦੇ ਤਾਂ ਪਾਥੀਆਂ ਜੋਗਾ ਗੋਹਾ ਕਰੂ।

# ਸਭਿਆਚਾਰਕ ਮੋਹਰੀ

'ਪੰਜਾਬੀ ਪਿਆਰਿਓ, ਅਸੀਂ ਤੁਹਾਡੇ ਪਿਆਰ ਤੇ ਸਤਿਕਾਰ ਵਿਚ ਬੱਝੇ, ਇਹ ਸੁਗਾਤ ਤੁਹਾਡੇ ਲਈ ਲੈਕੇ ਆਏ ਹਾਂ। ਸਾਡਾ ਵਾਅਦਾ ਹੈ ਕਿ ਪੰਜਾਬ ਦੇ ਉੱਚ ਕੋਟੀ ਦੇ ਸਭਿਆਚਾਰ, ਵਿਰਸੇ, ਕਦਰਾਂ ਕੀਮਤਾਂ ਤੇ ਵਕਾਰ ਨੂੰ ਕਦੇ ਵੀ ਢਾਅ ਨਹੀਂ ਲਗਣ ਦੇਵਾਂਗੇ। ਅਸੀਂ ਪੰਜਾਬੀ ਸੰਗੀਤ ਨੂੰ ਉਸਦੇ ਸ਼ੁਧ ਤੇ ਸਾਫ਼ ਰੂਪ ਵਿਚ ਤੁਹਾਡੇ ਸਨਮੁੱਖ ਕਰਾਂਗੇ। ਅਜ ਤੁਸੀਂ ਮਾਣੋਗੇ ਇਕ ਅਨੋਖਾ ਅਨੰਦ।'

ਇਹ ਸ਼ਬਦ ਨਵੀਂ ਸ਼ੁਰੂ ਹੋਈ ਬੰਬਈਆ ਕੈਸਿਟ ਕੰਪਨੀ ਦੇ ਮਾਲਿਕ ਨੇ ਸ਼ਹਿਰ ਦੀਆਂ ਦੋ ਪ੍ਰਮੁੱਖ ਸੰਸਥਾਵਾਂ, ਜੋ ਆਪਣੇ ਆਪ ਨੂੰ ਸਾਹਿੱਤਕ ਤੇ ਸਭਿਆਚਾਰਕ ਮੋਹਰੀ ਕਹਿੰਦੀਆਂ ਹਨ, ਦੇ ਆਹੁਦੇਦਾਰ ਦੀ ਹਾਜ਼ਰੀ ਵਿਚ ਉਹਨਾਂ ਦੇ ਹੀ ਕਾਗਜ਼ੀ ਸਹਿਯੋਗ ਨਾਲ ਪੇਸ਼ ਹੋ ਰਹੇ ਪ੍ਰੋਗਰਾਮ ਦੇ ਸ਼ੁਰੂ ਵਿਚ ਕਹੇ। ਸੰਸਥਾਵਾਂ ਦੇ ਮੁਖੀਆਂ ਤੇ ਉਹਨਾਂ ਦੇ ਹੀ ਆਪੂੰ ਬਣੇ ਚੌਧਰੀਆਂ ਨੇ ਵੀ ਬੜੇ ਹੀ ਦਮਗਜੇ ਨਾਲ ਇਹੀ ਵਾਅਦਾ ਦੁਹਰਾਇਆ ਤੇ ਲੋਕਾਂ ਦੀਆਂ ਤਾੜੀਆਂ ਦੇ ਹਕਦਾਰ ਬਣੇ। ਉਹਨਾਂ ਨੂੰ ਹੁਣ ਯਕੀਨ ਸੀ ਕਿ ਅਸੀਂ ਲੋਕ ਹਿੱਤਾਂ ਦੀ ਗੱਲ ਕਰਕੇ ਜੰਗ ਜਿੱਤ ਲਈ। ਲੋਕ ਉਹਨਾਂ ਦੀ ਲੋੜ ਅਨੁਸਾਰ ਬੇਵਕੂਫ ਬਣ ਚੁੱਕੇ ਹਨ।

ਰੰਗ ਬਰੰਗੀਆਂ ਰੋਸ਼ਨੀਆਂ ਦੇ ਨਾਲ, ਮਧੁਰ ਜਿਹੀਆਂ ਕਲਾਸੀਕਲ ਧੁਨਾਂ ਦੇ ਨਾਲ ਪ੍ਰੋਗਰਾਮ ਸ਼ੁਰੂ ਹੋ ਗਿਆ। ਆਪਣੇ ਹੀ ਦੇਸ਼ ਦੇ ਦੋ ਗੈਰ ਪੰਜਾਬੀ ਭਰਾਵਾਂ ਨੇ ਪੰਜਾਬੀ ਦਾ ਗੀਤ ਗਾਕੇ, ਸੰਗੀਤ ਪ੍ਰੇਮੀਆਂ ਨੂੰ ਆਨੰਦ ਮਈ ਕਰ ਦਿਤਾ। ਅਲ੍ਹੜ ਸਰੋਤੇ ਜ਼ਰੂਰ ਕੁਝ ਪ੍ਰੇਸ਼ਾਨ ਨਜ਼ਰ ਆਏ। ਫੇਰ ਵਾਰੀ ਆਈ ਗੁਆਂਢੀ ਦੇਸ਼ ਤੋਂ ਆਏ ਇਕ ਸੰਗੀਤ ਵਿਚ ਗੁੰਨੇ ਨੌਜਵਾਨ ਦੀ। ਟਰੈਕ ਸੂਟ ਵਾਲੀ ਪੈਂਟ ਨਾਲ, ਖੁਲੀ ਡੁੱਲੀ ਬਨੈਣ ਪਾਈ ਇਸ ਗਾਇਕ ਨੇ ਰੰਗਦਾਰ ਰੋਸ਼ਨੀਆਂ ਦੇ ਹੁੰਦੇ ਨਾਚ ਵਿਚ, ਹਰਮੋਨੀਅਮ ਆ

ਫੜਿਆ। ਉਂਗਲੀਆਂ  ਸਨ ਕਿ ਹਰਮੋਨੀਅਮ ਨੂੰ ਸਾਹ ਵੀ ਨਹੀਂ ਸਨ ਲੈਣ ਦੇਂਦੀਆਂ। ਅਵਾਜ਼ ਤੇ ਸੰਗੀਤ ਦੇ ਸੁਮੇਲ ਨੇ ਸੰਜੀਦਾ ਸਰੋਤੇ ਮੰਤਰ ਮੁਗਧ ਕਰ ਦਿਤੇ। ਅਲੜ ਨੌਜਵਾਨ ਸਰੋਤੇ ਕੁਝ ਠਲ੍ਹੇ ਤਾਂ ਜ਼ਰੂਰ ਪਰ ਹਾਲੇ ਪੂਰੇ ਖੁਸ਼ ਨਹੀਂ ਸਨ। ਗਾਇਕਾਂ ਦੀ ਕਤਾਰ ਲੰਬੀ ਸੀ ਤੇ ਰਾਤ ਵੀ ਆਪਣੀ ਹੀ ਲਗਦੀ ਸੀ। ਪਤਰਕਾਰਾਂ ਨੇ ਪਹਿਲੀ ਰਾਤ ਜੋ ਸ਼ਰਾਬ ਪੀਤੀ ਸੀ ਉਹ ਖਬਰਾਂ ਵਿਚ ਢਲ ਗਈ ਸੀ, ਇਸੇ ਲਈ ਵਾਹਵਾ ਕੱਠ ਜਿਹਾ ਵੀ ਹੋ ਗਿਆ ਸੀ।

ਅਚਾਨਕ ਸਭ ਕੁਝ ਬੰਦ ਹੋ ਗਿਅ। ਪ੍ਰਬੰਧਕਾਂ ਨੇ ਸਟੇਜ ਤੋਂ ਅਨਾਊਂਸ ਕੀਤਾ ਕਿ ਹੁਣ ਦੂਸਰਾ ਦੌਰ ਸ਼ੁਰੂ ਹੋਣ ਲਗਾ ਹੈ। ਸਟੇਜ ਤੇ ਨਚਦੀਆਂ ਰੋਸ਼ਨੀਆਂ ਹੋਰ ਤੇਜ਼ ਹੋ ਗਈਆਂ। ਢੋਲ ’ਤੇ ਨੌ ਸਾਜ਼ਾਂ ਦੇ ਮੇਲ ਨੇ ਇਕ ਸ਼ੋਰ ਜਿਹਾ ਪੈਦਾ ਕਰ ਦਿਤਾ। ਦਗੜ ਦਗੜ ਦਗੜ ਕਰਦੀਆਂ ਅਧ ਨੰਗੀਆਂ ਮੁਟਿਆਰਾਂ ਨੇ ਸਟੇਜ ਤੇ ਆਕੇ ਨੱਚਣਾ ਸ਼ੁਰੂ ਕਰ ਦਿਤਾ। ਲੱਕਾਂ ਦੇ ਹੁਲਾਰੇ ਤੇ ਨੈਣਾਂ ਦੇ ਝਟਕਾਰੇ ਸਰੋਤਿਆਂ ਲਈ ਅਸਿਹ ਹੋ ਉੱਠੇ । ਮਿੱਠੇ ਗਾਇਕ ਨੇ ਆਕੇ ਬਾਹਾਂ ਖਿਲਾਰਕੇ ਗਾਉਣਾ ਸ਼ੁਰੂ ਕਰ ਦਿਤਾ। ਪੰਜਾਬੀ ਸੰਗੀਤਕ ਵਿਰਸੇ ਦੇ ਬੋਲਾਂ ਨੂੰ ਸਾਜ਼ਾਂ ਨੇ ਨਚਾਉਣਾ ਸ਼ੁਰੂ ਕਰ ਦਿਤਾ। ਵਿਰਸੇ ਨੂੰ ਖੋਰਾ ਨਾ ਲੱਗਣ ਦੇਣ ਦੇ ਦਾਵੇ ਕਰਨ ਵਾਲੇ ਸੰਸਥਾਵਾਂ ਦੇ ਆਹੁਦੇਦਾਰ ਸਿਮਟ ਕਿ ਬੈਠ ਗਏ। ਕਿਸੇ ਨੇ ਹੁੱਜ ਮਾਰੀ ‘ਉਠੋ ਬੰਦ ਕਰਵਾਓ ਇਹ ਬਕਵਾਸ’, ਅਸੀਂ ਕੀ ਕਰ ਸਕਦੇ ਹਾਂ, ਪੈਸੇ ਤਾਂ ਸਾਰੇ ਕੰਪਨੀ ਵਾਲਿਆਂ ਖਰਚੇ ਨੇ, ਸਾਡੇ ਕਹੇ ਭਲਾ ਇਹਨਾਂ ਰੁਕਣਾ’ ਇਕ ਸੰਸਥਾ ਦੇ ਪ੍ਰਧਾਨ ਨੇ ਸਫ਼ਾਈ ਦਿਤੀ ਨਾਲੇ ਆਪਣੀ ਜੇਬ ਨੂੰ ਘੁੱਟ ਕਿ ਫੜ ਲਿਆ, ਕਿਤੇ ਕੰਪਨੀ ਵਲੋਂ ਲਏ ਪੈਸਿਆਂ ਤੇ ਕਿਸੇ ਦੀ ਨਜ਼ਰ ਨਾ ਪੈ ਜਾਵੇ ।

# ਰੁਕਿਆ ਹੋਇਆ ਮਕਤਾ

'ਬਸ' ਸੀ ਕਿ ਚੱਲ ਹੀ ਨਹੀਂ ਸੀ ਰਹੀ। ਦੋ ਵਾਰੀ ਲਾਲ ਬੱਤੀ ਹਰੀ ਹੋ ਚੁੱਕੀ ਸੀ। ਸਿਰਫ ਸਕੂਟਰ ਜਾਂ ਟੈਂਪੂ ਹੀ ਬਸ ਦੇ ਇਕ ਪਾਸਿਓਂ ਲੰਘ ਰਹੇ ਸਨ। ਖੱਬੇ ਪਾਸੇ ਇਕ ਜੀਪ ਫਸੀ ਖੜੀ ਸੀ। ਕੁਝ ਕਾਹਲੇ ਟੈਂਪੂ ਵਾਲੇ ਪਹਿਲੋਂ ਜੀਪ ਦੇ ਪਿਛੇ ਲਗਾ ਕਿ ਲੰਘਣਾ ਚਾਹੁੰਦੇ ਸਨ ਪਰ ਫਸੇ ਹੋਣ ਦਾ ਅਹਿਸਾਸ ਹੋਣ ਉਤੇ ਪੂਰੇ 90 ਡਿਗਰੀ ਦਾ ਕੋਣ ਬਣਾ ਕਿ ਬਸ ਦੇ ਪਿਛੇ ਦੀ ਹੋ ਕੇ ਸੜਕ ਰੋਕੀ ਖੜ੍ਹੇ ਸਨ। ਟਰੈਫਿਕ ਨਾ ਅੱਗੇ ਜਾ ਰਹੀ ਸੀ ਤੇ ਨਾ ਹੀ ਕੋਈ ਰਾਹ ਨਿਕਲ ਰਿਹਾ ਸੀ। ਮੇਰੀ ਗੱਡੀ ਕੁਝ ਦੂਰ ਪਿਛੇ ਸੀ। ਜਿਥੇ ਮੈਨੂੰ ਦੇਰੀ ਹੋਣ ਦਾ ਅਹਿਸਾਸ ਹੋ ਰਿਹਾ ਸੀ। ਉਥੇ ਨਾਲ ਦੀ ਨਾਲ ਕਾਹਲੇ ਲੋਕਾਂ ਵਲੋਂ ਕੀਤੀਆਂ ਜਾ ਰਹੀਆਂ ਮੂਰਖਤਾ ਭਰੀਆਂ ਚਲਾਕੀਆਂ ਤੇ ਗੁੱਸਾ ਵੀ ਆ ਰਿਹਾ ਸੀ। ਕਦੇ ਕਦੇ ਇਹ ਗੁੱਸਾ, ਮਜ਼ੇਦਾਰ ਵੀ ਲਗਣ ਲਗ ਪੈਂਦਾ ਸੀ। ਆਖਰ ਬਸ ਹੌਲੀ ਜਿਹੀ ਤੁਰੀ ਤੇ ਕੋਈ ਦੋ ਕੁ ਫੁੱਟ ਇਕ ਪਾਸੇ ਨੂੰ ਹੋ ਗਈ। ਇਸ ਨਾਲ ਸੱਜੇ ਪਾਸੇ ਦਾ ਰਸਤਾ ਸਾਫ ਹੋ ਗਿਆ। ਸਕੂਟਰ, ਸਾਇਕਲਾਂ ਤੇ ਟੈਂਪੂਆਂ ਨੇ ਇਕ ਦਮ ਇਸ ਪਾਸੇ ਵਲ ਵਹੀਰਾਂ ਘੱਤ ਦਿੱਤੀਆਂ। ਮੇਰੀ ਵੀ ਵਾਰੀ ਆ ਗਈ। ਕੀੜੀ ਦੀ ਚਾਲੇ ਤੁਰਦੀ ਬਸ ਕੋਲੋਂ ਮੈਂ ਨਿਕਲ ਕਿ ਚੌਂਕ ਪਾਰ ਕਰ ਲਿਆ ਤੇ ਗੱਡੀ ਥੋੜੀ ਦੂਰ ਨਵੀਂ ਬਣਦੀ ਦੁਕਾਨ ਦੇ ਖੁਲ੍ਹੇ ਵਿਹੜੇ 'ਚ ਖੜ੍ਹੀ ਕਰ ਦਿੱਤੀ। ਗੱਡੀ ਦਾ ਦੂਸਰਾ ਸ਼ੀਸ਼ਾ ਬੰਦ ਕਰ ਕਿ ਬਿਨ੍ਹਾਂ ਜਿੰਦਰਾ ਲਗਾਏ ਮੈਂ ਸਿਆਲ ਦੀ ਕੋਸੀ ਕੋਸੀ ਧੁੱਪ ਮਾਨਣ ਲਗ ਪਿਆ।

ਇਥੇ ਮੈਂ ਇੰਤਜ਼ਾਰ ਕਰ ਰਿਹਾ ਸੀ ਆਪਣੇ ਇਕ ਦੋਸਤ ਦਾ, ਜੋ ਬਜ਼ਾਰ ਵਿਚੋਂ ਕੁਝ ਜ਼ਰੂਰੀ ਸਮਾਨ ਲੈਣ ਗਿਆ ਸੀ। ਉਸਨੇ ਵਾਅਦਾ ਕੀਤਾ ਸੀ ਕਿ ਇਸ ਜਗ੍ਹਾ ਤੇ ਰੁਕੀਂ ਤੇ ਮੇਰਾ ਇੰਤਜ਼ਾਰ ਕਰੀਂ। ਮੈਂ ਸਹਿਜ ਮਨ ਨਾਲ ਖੜ੍ਹ ਕਿ ਆਲੇ ਦੁਆਲੇ ਦਾ ਨਜ਼ਾਰਾ ਦੇਖਣ ਲਗ ਪਿਆ। ਕਪੜਿਆਂ ਦੀ ਦੁਕਾਨ ਮੂਹਰੇ ਕੁਰਸੀ ਤੇ ਇਕ ਬਾਊ ਬੈਠਾ ਧੁੱਪ ਸੇਕ ਰਿਹਾ ਸੀ। ਸੇ ਲ ਤਾਂ ਸ਼ਾਇਦ ਦੁਪਹਿਰੇ ਹੀ ਸ਼ੁਰੂ ਹੋਣੀ ਹੋਵੇ। ਗਾਹਕਾਂ ਨੇ ਆਪਣੇ ਹੋਰ ਵੀ ਕੰਮ ਕਰਨੇ ਹੁੰਦੇ ਹਨ। ਇਕ ਲੜਕਾ ਉਸਨੂੰ ਚਾਹ ਦਾ ਗਲਾਸ ਦੇ ਗਿਆ। ਪਹਿਲੀ ਚੁਸਕੀ ਭਰ ਕਿ ਉਸਨੇ ਗਲਾਸ ਥੱਲੇ ਰੱਖ ਦਿੱਤਾ। ਇਕ

ਠੇਕੇਦਾਰ ਮਜਦੂਰਾਂ ਨੂੰ ਗੁੱਸੇ ਹੋ ਰਿਹਾ ਸੀ ਤੇ ਮਿਸਤਰੀਆਂ ਨੂੰ ਕੰਮ ਸਮਝਾ ਰਿਹਾ ਸੀ। ਇੰਜ ਲਗਦਾ ਸੀ ਜਿਵੇਂ ਉਸਨੇ ਕੰਮ ਸਾਰਾ ਹੁਣੇ ਸਮਝਾ ਦੇਣਾ ਹੈ ਤੇ ਸ਼ਾਮ ਨੂੰ ਪੈਸੇ ਦੇਣ ਵੇਲੇ ਕਿਤੇ ਖਿਸਕ ਜਾਣਾ ਹੋਵੇ। ਬਾਕੀ ਕੱਲ੍ਹ ਦੇ ਖੀ ਜਾਵੇਗੀ - ਇੰਜ ਉਸਦੀਆਂ ਗੱਲਾਂ ਤੋਂ ਲਗਦਾ ਸੀ। ਨਾਲ ਦੀ ਮੋਬਿਲਆਇਲ ਵਾਲੀ ਦੁਕਾਨ ਤੇ ਕੋਈ ਵਪਾਰੀ ਬਾਹਰੋਂ ਆਇਆ ਲਗਦਾ ਸੀ। ਦੁਕਾਨ ਵਾਲਾ ਉਸ ਨਾਲ ਬਹੁਤ ਗੰਭੀਰ ਕਿਸਮ ਦਾ ਵਰਤਾਓ ਕਰ ਰਿਹਾ ਸੀ ਤੇ ਲਗਾਤਾਰ ਕਾਗਜ਼ ਜਾਂ ਆਪਣੀ ਡਾਇਰੀ ਉਤੇ ਕੁੱਝ ਨਾ ਕੁੱਝ ਲਿਖ ਰਿਹਾ ਸੀ।

ਚੌਂਕ ਵਿਚ ਇਕ ਦਮ ਜਾਮ ਲੱਗ ਚੁੱਕਾ ਸੀ। ਬਸ ਚੌਂਕ ਦੇ ਅੱਧ ਵਿੱਚਕਾਰ ਖੜੀ ਸੀ, ਨਾ ਅੱਗੇ ਜਾ ਰਹੀ ਸੀ ਤੇ ਨਾ ਪਿਛੇ। ਇਕ ਹਲਕਾ ਜਿਹਾ ਮੋਨਾ ਮੁੰਡਾ ਉਸਦਾ ਡਰਾਇਵਰ ਲਗਦਾ ਸੀ ਜੋ ਅੰਦਰੋਂ ਬਸ ਦੇ ਕਿਸੇ ਪੁਰਜ਼ੇ ਤੇ ਜ਼ੋਰ ਲਗਾ ਰਿਹਾ ਲਗਦਾ ਦਿਖਦਾ ਸੀ। ਮੈਨੂੰ ਇੰਜ ਲਗਾ ਜਿਵੇਂ ਉਹ ਅੰਦਰੋਂ ਹੀ ਬਸ ਨੂੰ ਧੱਕਾ ਲਗਾਉਣ ਦੀ ਕੋਸ਼ਿਸ਼ ਵਿਚ ਹੋਵੇ। ਦੂਸਰਾ ਮੁੰਡਾ ਜਿਸਨੇ ਮਡੇਰ ਮਾਰਿਆ ਹੋਇਆ ਸੀ ਅਰਾਮ ਨਾਲ ਅੰਦਰ ਡਰਾਇਵਰ ਦੀ ਪਿਛਲੀ ਸੀਟ ਤੇ ਬੈਠਾ ਸੀ। ਤੀਸਰਾ ਇਕ ਮੁੰਡਾ ਚਿੱਟੇ ਕੱਪੜੇ ਪਾਈ ਗੰਨਾ ਚੂਪ ਰਿਹਾ ਸੀ ਤੇ ਛਿੱਲੜ ਬਾਹਰ ਬਿਨ੍ਹਾਂ ਦੇਖੇ ਤੋਂ ਸੁੱਟੀ ਜਾ ਰਿਹਾ ਸੀ। ਬਿਨ੍ਹਾਂ ਕਿਸੇ ਸਿਪਾਹੀ ਤੋਂ ਇਹ ਚੌਂਕ ਫਸੀ ਹੋਈ ਭੀੜ ਦਾ ਸਮੁੰਦਰ ਬਣ ਗਿਆ ਲਗਿਆ।

ਬਸ ਨੇ ਫੇਰ ਕੀੜੀ ਦੀ ਚਾਲ ਫੜੀ, ਹਿਚਕਚਾਉਂਦੀ ਹੋਈ ਹੋਲੀ-ਹੋਲੀ ਚੌਂਕ ਨੂੰ ਪਾਰ ਕਰ ਗਈ ਤੇ ਮੇਰੀ ਗੱਡੀ ਤੋਂ ਥੋੜੀ ਵਿਥ ਤੇ ਆਕੇ ਰੁਕ ਗਈ। ਹੁਣ ਟਰੈਫਿਕ ਬਸ ਦੇ ਦੋਨੋਂ ਪਾਸੇ ਦੀ ਲੰਘਣ ਲਗ ਪਈ ਸੀ। ਚੌਂਕ ਵਿਚ ਵੀ ਟਰੈਫਿਕ ਆਮ ਵਰਗਾ ਹੋ ਗਿਆ। ਕੋਲੋਂ ਲੰਘਦੀਆਂ ਹੋਰ ਬੱਸਾਂ ਵਾਲੇ ਆਪਣੀ ਬਸ ਹੋਲੀ ਕਰ ਜ਼ਰੂਰ ਪੁੱਛਦੇ ਕਿ,'ਬਾਈ ਕੀ ਹੋ ਗਿਆ?' ਪਰ ਜੁਆਬ ਆਉਣ ਤੋਂ ਪਹਿਲੋਂ ਹੀ ਦੂਰ ਜਾ ਚੁੱਕੇ ਹੁੰਦੇ। ਬਸ ਵਿਚਲਾ ਡਰਾਇਵਰ ਵਰਗਾ ਲੜਕਾ ਵੀ ਕਿਸੇ ਦਾ ਜੁਆਬ ਨਹੀਂ ਸੀ ਦੇ ਰਿਹਾ। ਸ਼ਾਇਦ ਉਸ ਨੂੰ ਇਸ ਗੱਲ ਦਾ ਪਤਾ ਸੀ ਕਿ ਜੁਆਬ ਤਾਂ ਉਹਨਾਂ ਸੁਆਲਾਂ ਦੇ ਹੀ ਦਿਤੇ ਜਾਂਦੇ ਹਨ ਜੋ ਕੱਢਣੇ ਹੋਣ।

ਇਥੇ ਤਾਂ ਬਸ ਸੁਆਲ ਹੀ ਸੁਆਲ ਸਨ, ਜੁਆਬ ਕੋਈ ਚਾਹੁੰਦਾ ਹੀ ਨਹੀਂ।

ਮਡੇਰ ਮਾਰੀ ਲੜਕਾ ਹੱਥ ਵਿਚ ਇਕ ਪਲਾਸਟਿਕ ਦੀ ਪੰਜ ਲੀਟਰ ਦੀ ਕੈਨੀ ਫੜ੍ਹ ਕਿ ਉਤਰਿਆ ਅਤੇ ਹੱਥ ਦੇ ਇਸ਼ਾਰੇ ਨਾਲ ਇਕ ਹੋਰ ਲੰਘੀ ਜਾਂਦੀ ਬਸ ਨੂੰ ਰੋਕ ਕੇ ਉਸ ਵਿਚ ਚੜ੍ਹ ਗਿਆ। ਜੋ ਲੜਕਾ ਗੰਨਾ ਚੂਪ ਰਿਹਾ ਸੀ। ਉਸਦੀ ਬੇਪਰਵਾਹੀ ਹਾਲੇ ਜਾਰੀ ਸੀ। ਉਹ ਗੰਨੇ ਦੇ ਛਿਲਕੇ ਉਵੇਂ ਹੀ ਸੁੱਟੀ ਜਾ ਰਿਹਾ ਸੀ। ਛਿੱਲੜ ਕਦੇ ਕਦੇ ਕਿਸੇ ਦੇ ਵਜਦਾ, ਅਗਲਾ ਘੂਰੀ ਜਿਹੀ ਵੱਟ ਬਸ ਵਲ ਵੇਖਦਾ ਤੇ ਅੱਗੇ ਤੁਰ ਜਾਂਦਾ। ਕਿਸੇ ਕੋਲ ਵਕਤ ਹੀ ਕਿਥੇ ਹੈ, ਇਹਨਾਂ ਛੋਟੀਆਂ ਮੋਟੀਆਂ ਤਕਲੀਫਾਂ ਲਈ।

ਡਰਾਇਵਰ ਲੱਤਾਂ ਪਸਾਰ ਕੇ ਬੈਠ ਗਿਆ। ਬਸ ਦੇ ਮੂਹਰਲੇ ਸ਼ੀਸ਼ੇ ਤੋਂ ਉਸਦਾ ਅਕਾਰ ਦਿਖਣੋਂ ਹਟ ਗਿਆ। ਇੰਜ ਹੋ ਗਿਆ ਲਗਾ ਜਿਵੇਂ ਖਾਲੀ ਬਸ ਭਰੇ ਬਜ਼ਾਰ ਵਿਚ ਖੜੀ ਹੋਵੇ। ਬਸ ਦੇ ਅੰਦਰਲੀ ਹਿਲਜੁਲ ਬੰਦ ਹੋਣ ਨਾਲ ਮੈਂ ਆਲੇ ਦੁਆਲੇ ਦੇਖਣ ਲਗਾ।

ਮੈਂ ਵੇਖਿਆ ਕਿ ਬਸ ਦੇ ਰੂਟ ਵਾਲੇ ਫੱਟੇ ਤੇ ਕੁਝ ਲਾਗਲੇ ਪਿੰਡਾਂ ਦੇ ਨਾਮ ਲਿਖੇ ਸਨ। ਇਹ ਤਾਂ ਸਭ ਮੇਰੇ ਜਾਣੇ ਪਹਿਚਾਣੇ ਸਨ। ਮੈਂ ਬਸ ਨੂੰ ਘੋਖਣਾ ਸ਼ੁਰੂ ਕਰ ਦਿਤਾ। ਬਸ ਦੇ ਇਕ ਪਾਸੇ ਮਾਲਕ ਦੀ ਪਹਿਚਾਣ ਲਿਖੀ ਸੀ। ਇਹ ਵੀ ਜਾਣੀ ਪਹਿਚਾਣੀ ਲਗੀ ਕਿਉਂਕਿ ਇਸੇ ਨਾਮ ਦਾ ਇਕ ਲੇਖਕ ਵੀ ਇਥੇ ਇਹਨਾਂ ਪਿੰਡਾਂ ਦਾ ਹੈ। ਹੋਰ ਅਗੇ ਦੇਖਿਆ ਤਾਂ ਉਸ ਕਵੀ ਦੀ ਪੂਰੀ ਪਹਿਚਾਣ ਬਸ ਦੀ ਪੀਲੀ ਪਟੀ ਉਤੇ ਨੀਲੀ ਕਰਕੇ ਲਿਖੀ ਹੋਈ ਸੀ। ਇਸ ਜਾਣਕਾਰੀ ਨਾਲ ਮੇਰੇ ਅੰਦਰੋਂ ਇਕ ਭਾਵਨਾ ਨੇ ਜਨਮ ਲਿਆ ਤੇ ਕਿਸੇ ਕਿਸਮ ਦੀ ਮਦਦ ਦੇ ਸਕਾਂ ਦੇ ਵਿਚਾਰ ਨਾਲ ਬਸ ਦੇ ਕੋਲ ਪਹੁੰਚਿਆ, ਅੰਦਰ ਡਰਾਇਵਰ ਅੱਖਾਂ ਮੀਟੀ ਪਿਆ ਸੀ।

ਪਹਿਲੋਂ ਮੈਂ ਉਸ ਕੋਲੋਂ ਇਹ ਪੱਕਾ ਪਤਾ ਕੀਤਾ ਕਿ ਕੀ ਇਹ ਬਸ ਵਾਕਿਆ ਹੀ ਉਸ ਕਵੀ ਦੀ ਹੈ। 'ਹਾਂ' ਦਾ ਹੁੰਗਾਰਾ ਮਿਲਣ ਤੇ ਮੈਂ ਡਰਾਇਵਰ ਨੂੰ ਬਸ ਦੀ ਖਰਾਬੀ ਦਾ ਕਾਰਣ ਪੁੱਛਿਆ। 'ਬਸ ਕੁਝ ਨਹੀਂ ਜੀ, ਡੀਜ਼ਲ ਮੁੱਕ ਗਿਆ ਸੀ, ਇੰਜਣ ਹਵਾ ਲੈ ਗਿਆ ਹੈ, ਕਾਕਾ ਤੇਲ

ਲੈਣ ਗਿਆ, ਆਉਂਦਾ ਤਾਂ ਚਲ ਪੈਣੀ।'

ਮੈਨੂੰ ਲਗਾ ਜਿਵੇਂ ਕਵੀ ਦਾ ਮਕਤਾ ਰੁਕਿਆ ਪਿਆ ਹੋਵੇ। 'ਬਸ ਮਕਤਾ ਆਉਂਦੇ ਹੀ ਗ਼ਜ਼ਲ ਪੂਰੀ ਹੋ ਜਾਣੀ ਹੈ', ਡਰਾਇਵਰ ਆਖ ਰਿਹਾ ਸੀ।

# ਮਿਸ਼ਰਾ ਜੀ

'ਓਏ ਜਾਕੇ ਫਟਾ ਫਟ ਚਾਹ ਦੇ ਤਿੰਨ ਕੱਪ ਲਿਆ, ਦੇਖੀਂ ਮਿੱਠਾ ਘੱਟ ਹੋਵੇ', ਬਿੱਲੂ ਨੇ ਆਪਣੀ ਦੁਕਾਨ ਤੇ ਰੱਖੇ ਨੌਕਰ ਨੂੰ ਹੁਕਮ ਚਾੜ੍ਹਿਆ। ਨੌਕਰ ਨੇ ਮਫ਼ਲਰ ਦੇ ਪੱਲੇ ਨੂੰ ਗਲੇ ਦੁਆਲੇ ਇਕ ਹੋਰ ਵਲ ਮਾਰਿਆ ਤੇ ਦਰਵਾਜ਼ੇ ਤੋਂ ਬਾਹਰ ਹੋ ਗਿਆ। ਲੋਹੇ ਦਾ ਦਰਵਾਜ਼ਾ ਜ਼ੋਰ ਦੀ ਵਾਪਸ ਆ ਕੇ ਬੰਦ ਹੋਇਆ ਤੇ ਉਸਨੇ ਕਾਫੀ ਖੜਕਾ ਕੀਤਾ। ਬਿੱਲੂ ਤੋਂ ਰਿਹਾ ਨਾ ਗਿਆ ਤੇ ਨੌਕਰ ਨੂੰ ਪਿੱਛੋਂ ਉੱਚੀ ਦੇਣੀ ਬੋਲਿਆ, 'ਕਦੇ ਅਕਲ ਦਾ ਭੋਰਾ ਵੀ ਵਰਤ ਲਿਆ ਕਰੋ, ਆ ਜਾਂਦੇ ਆ ਇਥੇ ਪੈਸੇ ਕਮੌਣ', ਬਿੱਲੂ ਦੀ ਅਵਾਜ਼ ਵਿਚ ਹੈਂਕੜ ਸਾਫ਼ ਦਿਖਾਈ ਦੇਂਦੀ ਸੀ।

ਸ਼ਾਮ ਕਾਫੀ ਹੋ ਚੁਕੀ ਸੀ। ਮੈਂ ਬਿੱਲੂ ਕੋਲੋਂ ਆਪਣਾ ਕੰਮ ਕਰਵਾਕੇ ਵਾਪਸ ਮੁੜਨ ਦੀ ਤਮੰਨਾ ਰੱਖਦਾ ਸਾਂ ਤੇ ਇਸ ਲਈ ਬਿੱਲੂ ਦਾ ਕਿਸੇ ਨਾਲ ਭੋਰਾ ਭਰ ਵੀ ਵਕਤ ਖਰਾਬ ਕਰਨਾ ਮੈਨੂੰ ਚੁੱਭ ਰਿਹਾ ਸੀ। ਬਿੱਲੂ ਮੇਰਾ ਕੰਮ ਕਰੀ ਜਾ ਰਿਹਾ ਸੀ ਤੇ ਨਾਲੇ ਬੁੜ-ਬੁੜ ਕਰੀ ਜਾ ਰਿਹਾ ਸੀ। ਦੇਖੋ ਜੀ ਇਹ ਭੁੱਖ ਨੰਗ ਦੇ ਮਾਰੇ ਇਥੇ ਪੰਜਾਬ ਆ ਜਾਂਦੇ ਆ, ਕੰਮ ਕਾਰ ਕੁੱਝ ਵੀ ਨਹੀਂ ਆਉਂਦਾ, ਗੰਦੇ ਜਿਹੇ ਕੱਪੜੇ ਪਾ ਕੇ ਆਉਂਦੇ ਆ, ਪਹਿਲਾਂ ਅਸੀਂ ਇਹਨਾਂ ਨੂੰ ਨਹਾਉਣਾਂ ਸਿਖਾਉਂਦੇ ਹਾਂ ਫੇਰ ਕੰਮ ਸਿਖਾਉਂਦੇ ਹਾਂ ਤੇ ਜਦੋਂ ਮਾੜੇ ਜਿਹੇ ਹੁਸ਼ਿਆਰ ਹੋ ਜਾਂਦੇ ਨੇ ਝੱਟ ਛੱਡ ਕੇ ਦੂਜੀ ਥਾਵੇਂ ਚਲੇ ਜਾਂਦੇ ਆ, ਜਾਂ ਫਿਰ ਸਾਨੂੰ ਅੱਖਾਂ ਵਿਖਾਉਂਦੇ ਆ।'

ਮੈਂ ਹੁਣ ਤਕ ਚੁੱਪ ਸਾਂ, ਮੈਂ ਹੁੰਗਾਰਾ ਭਰ ਰਿਹਾ ਸਾਂ ਤਾਂ ਸਿਰਫ ਉਨਾ ਕੁ ਹੀ ਜਿਸ ਨਾਲ ਮੇਰੇ ਵਿਚਾਰਾਂ ਦਾ ਪ੍ਰਗਟਾਵਾ ਨਾ ਹੋਵੇ 'ਤੇ ਬਿੱਲੂ ਦੇ ਕੰਮ ਕਰਨ ਵਿਚ ਤਾਂ ਵਿਘਨ ਬਿਲਕੁਲ ਹੀ ਨਾ ਪਵੇ।

'ਲਓ ਜੀ ਹੋਰ ਦਸਾਂ, ਇਹ ਤਾਂ ਟੱਬਰਾਂ ਦੇ ਟੱਬਰ ਆਉਂਦੇ ਆ। ਚਾਰ-ਪੰਜ ਭਰਾ ਤਾਂ ਆਮ ਹੀ ਹੁੰਦੇ ਆ। ਅਕਸਰ ਮਾਂ-ਬਾਪ ਵੀ ਇਥੇ ਹੀ ਆ ਜਾਂਦੇ ਹਨ।'

ਮੈਂ ਨਹੀਂ ਸੀ ਚਾਹੁੰਦਾ ਕਿ ਬਹਿਸ ਨੂੰ ਅੱਗੇ ਵਧਾਇਆ ਜਾਵੇ, ਸੋ ਮੈਂ ਚੁੱਪ ਕਰ ਗਿਆ। ਬਸ ਦੋ ਕੁ ਵਾਰ ਤਾਕੀ ਵਿਚ ਦੀ ਬਾਹਰ ਦੇਖ ਕਿ

ਸੂਰਜ ਦੀ ਘਟ ਰਹੀ ਰੌਸ਼ਨੀ ਦਾ ਅੰਦਾਜ਼ਾ ਲਗਾ ਚੁੱਕਾ ਸਾਂ। ਮੇਰਾ ਕੰਮ ਸੀ ਕਿ ਖਤਮ ਹੀ ਨਹੀਂ ਸੀ ਹੋਣ ਤੇ ਆ ਰਿਹਾ। ਮੈਨੂੰ ਬਿੱਲੂ ਦੀਆਂ ਗਲਾਂ ਘੱਟ ਸੁਣ ਰਹੀਆਂ ਸਨ ਤੇ ਉਸਦੇ ਹੱਥਾਂ ਦੀ ਸੁਸਤ ਚਾਲ ਵਧ ਦਿਖ ਰਹੀ ਸੀ।

'ਅਖੇ ਕਹਿਣਗੇ, ਮੇਰਾ ਭਾਈ ਨਹੀਂ ਮਾਨਤਾ, ਬਾਬੂ ਜੀ ਤਨਖਾਹ ਤੋਂ ਉਸੀ ਨੇ ਲੇਨੀ ਹੈ, 400 ਰੁਪਏ ਮੇਂ ਭਾਈ ਨੇ ਕਾਮ ਕਰਨੇ ਸੇ ਮਨਾ ਕਰ ਦੀਆ ਹੈ।' ਬਿੱਲੂ ਗੱਲ ਅੱਗੇ ਦੱਸੀ ਜਾ ਰਿਹਾ ਸੀ।

ਮੈਨੂੰ ਘੜੀ ਪ੍ਰੇਸ਼ਾਨ ਕਰ ਰਹੀ ਸੀ। ਮੇਰੇ ਸ਼ਹਿਰ ਨੂੰ ਆਖਰੀ ਰੇ ਲ ਗੱਡੀ ਜਾਣ ਵਿਚ ਸਮਾਂ ਕਾਫੀ ਘੱਟ ਰਹਿ ਗਿਆ ਸੀ। ਫੇਰ ਸਟੇਸ਼ਨ ਵੀ ਤਾਂ ਕੁਝ ਮਿੰਟਾਂ ਦੀ ਵਾਟ ਹੈ ਹੀ ਸੀ। ਮੇਰਾ ਜੀਅ ਕਾਹਲਾ ਪੈ ਰਿਹਾ ਸੀ। ਪਰ ਬਿੱਲੂ ਬੜੇ ਆਰਾਮ ਨਾਲ ਕੰਮ ਕਰੀ ਜਾ ਰਿਹਾ ਸੀ। ਉਸਦੇ ਅੰਦਰ ਤਾਂ ਬਸ ਪ੍ਰਵਾਸੀ ਮਜ਼ਦੂਰਾਂ ਪ੍ਰਤੀ ਹੀ ਕਾਹਲੀ ਲਗਦੀ ਸੀ, ਕੰਮ ਤਾਂ ਬਸ ਜਿਵੇਂ ਉਹ ਮਜ਼ਬੂਰੀ ਵਸ ਹੀ ਕਰ ਰਿਹਾ ਸੀ।

'ਇਹਨਾਂ ਕਰਨਾ ਕਰਾਉਣਾ ਕੀ ਆ, ਪਹਿਲੋਂ ਪਹਿਲ ਤਾਂ ਨੁਕਸਾਨ ਹੀ ਬਹੁਤ ਕਰਦੇ ਆ। ਜਦੋਂ ਸਿੱਖ ਜਾਂਦੇ ਆ ਤਾਂ ਫੇਰ ਜਾਣਬੁਝ ਕੇ ਨੁਕਸਾਨ ਕਰਦੇ ਆ, 'ਆਖੇ ਬਾਬੂ ਜੀ ਮੇਰੀ ਤਨਖਾਹ ਮੇਂ ਸੇ ਕਾਟ ਲੇਨਾ, 'ਤੇ ਤਨਖਾਹ ਵੇਲੇ ਆਖਣਗੇ, 'ਬਾਬੂ ਜੀ ਅਗਲੇ ਮਹੀਨੇ ਕਾਟਣਾ, ਇਸ ਬਾਰ ਤੋ ਘਰ ਸੇ ਚਿੱਠੀ ਆਈ ਹੈ, ਬੀਵੀ ਜੋ ਬੱਚਾ ਹੋਣੇ ਕੋ ਹੈ, ਅਗਲੇ ਮਹੀਨੇ ਕੌਣ ਕੱਟਦਾ ਨੁਕਸਾਨ ਦੇ ਪੈਸੇ', ਬਿੱਲੂ ਆਪਣੀ ਰਾਮ ਕਹਾਣੀ ਦੱਸੀ ਜਾ ਰਿਹਾ ਸੀ।

ਮੇਰੇ ਅੰਦਰ ਤਾਂ ਰੇਲ ਗੱਡੀ ਦੀ ਸੀਟੀ ਵੱਜ ਰਹੀ ਸੀ। ਮੈਨੂੰ ਮੱਠੀ-ਮੱਠੀ ਠੰਢ ਦਾ ਅਹਿਸਾਸ ਹੋ ਰਿਹਾ ਸੀ। ਖੇਤਾਂ ਵਿਚ ਦੀ ਲੰਘਦੀ ਰੇ ਲ ਗੱਡੀ ਦਾ ਅਨੰਦ ਮਹਿਸੂਸ ਹੋ ਰਿਹਾ ਸੀ। ਗਿੱਠ ਗਿੱਠ ਹੋਈਆਂ ਕਣਕ ਦੀ ਮਹਿਕ ਆ ਰਹੀ ਸੀ ਤੇ ਹਨੇਰਾ ਹੋਏ ਰਿਕਸ਼ੇ ਵਾਲੇ ਵਲੋਂ ਵਧ ਮੰਗੇ ਪੈਸਿਆਂ ਦਾ ਫਿਕਰ ਹੋ ਰਿਹਾ ਸੀ। ਪਰ ਹਾਲੇ ਮੈਂ ਬਿੱਲੂ ਦੇ ਸੁਸਤ ਚਲਦੇ ਹੱਥਾਂ ਤੇ ਤੇਜ਼ ਚਲਦੀ ਜ਼ੁਬਾਨ ਦੇ ਵਿਚ ਫਸਿਆ ਖਲੋਤਾ ਸੀ।

'ਚਾਹੇ ਸਰਦਾਰ ਹੋਵੇ, ਚਾਹੇ ਮੌਲਵੀ ਤੇ ਚਾਹੇ ਲਾਲਾ, ਇਹਨਾਂ

ਆਖਣਾ ਸਭ ਨੂੰ ਬਾਬੂ ਜੀ ਆ। ਵੀਹ ਵਾਰੀ ਆਖਿਆ ਬਈ ਠੀਕ ਤਰ੍ਹਾਂ ਬੋਲਿਆ ਕਰੋ, ਬਸ ਸਮਝਦੇ ਹੀ ਨਹੀਂ, ਅਖੇ ਭੁੱਲ ਗਿਆ ਬੰਦਾ ਕਵੇ ਤਾਂ ਕੀ ਕਵੇ।'

ਬਿੱਲੂ ਬਸ ਹੀ ਨਹੀਂ ਸੀ ਕਰ ਰਿਹਾ। ਮੇਰਾ ਮਨ ਤੇ ਤਨ ਕਾਫ਼ੀ ਕਾਹਲਾ ਪੈ ਚੁੱਕਾ ਸੀ ਬਿੱਲੂ ਨਾਲ ਇਕ ਦੋ ਵਾਰ ਕੰਮ ਛੇਤੀ ਨਬੇੜਨ ਦੀ ਗੱਲ ਕੀਤੀ, ਪਰ ਉਸ ਅਣਸੁਣੀ ਜਿਹੀ ਕਰ ਦਿੱਤੀ ਤੇ ਰਤਾ ਵੀ ਕਾਹਲਾ ਨਾ ਹੋਇਆ।

'ਐਤਕੀਂ ਦੇਖਣ, ਸਾਡੇ ਸ਼ਹਿਰ 'ਚੋਂ ਘੱਟ ਘੱਟ ਦੋ ਐਮ.ਐਲ.ਏ . ਬਣਨਗੇ ਇਹਨਾਂ ਦੀ ਗਿਣਤੀ ਬਹੁਤ ਵਧ ਗਈ ਆ, ਆ ਪਾਰਟੀ ਵਾਲਿਆਂ ਨੇ ਵੀ ਇਹਨਾਂ ਦੀਆਂ ਵੋਟਾਂ ਬਣਾ ਤੀਆਂ ਆਪਣੇ ਲਾਲਚ ਨੂੰ, ਹੁਣ ਪਤਾ ਚਲੂ ਜਦ ਇਹ ਆਪ ਹੀ ਖੜਗੇ।'

ਹੱਥ ਵਿਚ ਟਰੇਅ ਫੜੀ ਨੌਕਰ ਚਾਹ ਲੈ ਕੇ ਆ ਚੁੱਕਾ ਸੀ। ਚੂਹੇ ਰੰਗੀ ਪੈਂਟ, ਡਬੀਆਂ ਵਾਲੀ ਕਮੀਜ਼ ਸਿਰ ਤੇ ਟੋਪੀ ਤੇ ਗਲੇ ਵਿਚ ਮਫ਼ਰਲ ਪਈ ਮੈਨੂੰ ਉਹ ਸਚਮੁਚ ਐਮ.ਐਲ.ਏ. ਲਗ ਰਿਹਾ ਸੀ। ਲਾਗੇ ਆ ਕੇ ਉਸ ਚਾਹ ਟੇਵਲ ਤੇ ਧਰ ਦਿਤੀ ਤੇ ਸਿੱਧਾ ਖੜਾ ਹੋ ਗਿਆ। ਮੈਥੋਂ ਰਿਹਾ ਨਾ ਗਿਆ ਤੇ ਉਸਨੂੰ ਉਸਦਾ ਨਾਮ ਪੁਛਿਆ।

'ਰਾਮ ਪ੍ਰਸ਼ਾਦ ਮਿਸ਼ਰਾ' ਉਸ ਜਵਾਬ ਦਿਤਾ 'ਮਿਸ਼ਰਾ ਜੀ ਕਹਿ' ਬਿੱਲੂ ਦੀ ਗੱਲ ਵਿਚ ਵਿਅੰਗ ਸੀ। ਅਚਾਨਕ ਮੈਨੂੰ ਰੇਲ ਗੱਡੀ ਦੀ ਸੀਟੀ, ਕਿਸੇ ਰਾਜਨੀਤਕ ਦੇ ਭਾਸ਼ਨ ਵਾਂਗ ਸੁਨਣ ਲਗ ਪਈ ਸੀ, ਹੁਣ ਮੈਨੂੰ ਨਾ ਬਿੱਲੂ ਦੀ ਹੋਰ ਗੱਲ ਸੁਣ ਰਹੀ ਸੀ, ਨਾ ਕੰਮ ਮੁਕਨ ਦੀ ਕਾਹਲ ਸੀ ਤੇ ਨਾ ਹੀ ਚਾਹ ਦੀ ਗਰਮਾ ਗਰਮ ਚੁਸਕੀ ਦੀ ਤਮੰਨਾ ਸੀ, ਬਸ ਇਕੋ ਚੀਜ਼ ਦਿਖ ਰਹੀ ਸੀ ਟੋਪੀ ਧਾਰੀ 'ਮਿਸ਼ਰਾ ਜੀ'

# ਸਜਣਾ ਉਹ ਵਾਹਿਗੁਰੂ ਨਹੀਂ......

ਪੰਜਾਬੀਆਂ ਦੇ ਇਸ ਸੁਭਾਅ ਤੋਂ ਕੋਈ ਮੁਨਕਰ ਨਹੀਂ ਕਿ ਉਹ ਸੱਤੇ ਸਮੁੰਦਰਾਂ ਨੂੰ ਟੱਪਣਾ ਚਾਹੁੰਦੇ ਹਨ ਤੇ ਟੱਪਣਾ ਜਾਣਦੇ ਵੀ ਹਨ। ਸਦੀਆਂ ਤੋਂ ਪੰਜਾਬੀ ਚੰਗੀ ਜ਼ਿੰਦਗੀ ਅਤੇ ਰੁਮਾਂਚ ਵਾਸਤੇ ਭਰਮਣ ਕਰਦੇ ਰਹੇ ਹਨ। ਫਿਜੀ, ਮਲਾਇਆ, ਬਰਮਾ, ਅਸਟਰੇਲੀਆ, ਵਲੈਤ, ਕੈਨੇਡਾ, ਅਮਰੀਕਾ, ਇਰਾਨ, ਇਰਾਕ, ਗਲ ਕੀ ਤੁਸੀਂ ਕਿਸੇ ਵੀ ਮੁਲਕ ਦਾ ਨਾਮ ਲਵੋ, ਭਾਵੇਂ ਉਹ ਕਿਸੇ ਵੀ ਰਾਜਨੀਤਕ ਹਾਲਤ ਵਿਚ ਹੋਵੇ ਪੰਜਾਬੀ ਤੁਹਾਨੂੰ ਮਿਲ ਜਾਣਗੇ। 5-7 ਸਾਲਾਂ ਵਿਚ ਹੀ ਉਹ ਆਪਣੀ ਹੋਂਦ ਦਾ ਇਜ਼ਹਾਰ ਵੀ ਕਰਨ ਲਗ ਪੈਂਦੇ ਹਨ ਤੇ ਸਭ ਤੋਂ ਪਹਿਲੋਂ ਕਮਾਏ ਜਾਂ ਕਰਜ਼ੇ ਦੇ ਡਾਲਰਾਂ ਆਦਿ ਨਾਲ ਪਿੰਡ ਗੇੜਾ ਮਾਰਦੇ ਹਨ। ਗਲ਼ ਵਿਚ ਮੋਟੀ ਚੈਨੀ, ਮੁੰਦਰੀਆਂ ਨਾਲ ਭਰਿਆ ਹੱਥ ਤੇ ਸ਼ਾਮ ਨੂੰ ਠੇਕੇ ਦੀ ਪੇਟੀ ਇਕ ਨਿਵੇਕਲਾ ਅਸਰ ਛਡਦੀ ਹੈ। ਇੰਜ ਹੁੰਦੀ ਹੈ ਹੋਰਨਾਂ ਵਿਚ ਵੀ ਬਾਹਰ ਜਾਣ ਦੀ ਖਾਹਿਸ਼ ਤੇ ਇਕ ਅਟੁੱਟ ਲੜੀ ਲਗ ਜਾਂਦੀ ਹੈ।

ਇਸ ਲੋੜ ਨੂੰ ਬਹੁਤ ਸਾਰੇ ਲੋਕਾਂ ਨੇ ਸਮਝਿਆ ਤੇ ਆਪਣੀ ਸਮਰੱਥਾ ਤੇ ਯੋਜਨਾ ਅਨੁਸਾਰ ਆਪੋ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਅਜੋਕੇ ਸਮਿਆ ਵਿਚ ਕੌਣ ਨਹੀਂ ਜਾਣਦਾ ਉਸ ਨਾਟਕਕਾਰ ਨੂੰ ਜਾਂ ਉਸ ਪੁਰਾਣੇ ਸੋਹਣੇ ਗਾਇਕ ਨੂੰ ਜਾਂ ਫੇਰ ਮਸ਼ਹੂਰ ਇਕ ਗੀਤਕਾਰ ਨੂੰ ਜਿਹਨਾਂ ਪੁਰਾਣੇ ਸਮਿਆਂ ਵਿਚ ਬੰਦਿਆਂ ਤੋਂ ਸਿਰਫ 20-25 ਹਜ਼ਾਰ ਰੁਪਏ ਹੀ ਲਏ। ਹੌਲੀ ਹੌਲੀ ਰੇਟ ਵੱਧਦੇ ਗਏ ਤੇ ਹੋਰ ਕਿੱਤਿਆਂ ਦੇ ਲੋਕ ਵੀ ਹੱਥ ਰੰਗਦੇ ਗਏ। ਨਾਲੇ ਪੁੰਨ ਨਾਲੇ ਫਲੀਆਂ। ਭਲਾ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ਉਹ ਵੀ ਚੰਗਾ। ਇਹ ਤਾਂ ਸਨਮਾਨਯੋਗ ਗਲ ਹੈ। ਪੰਜਾਬ ਨੂੰ ਇਸ ਪਰਕ੍ਰਿਆ ਦਾ ਕਿਸੇ ਵੀ ਤਰ੍ਹਾਂ ਕੋਈ ਨੁਕਸਾਨ ਨਹੀਂ। ਪਰ ਕਈ ਵਾਰੀ ਇਸ ਵਿਚ ਲਾਲਚ ਦੀ ਸੀਮਾ ਵਧ ਜਾਂਦੀ ਹੈ।

ਇਕ ਦਿਨ ਮੇਰੇ ਇਕ ਮਿੱਤਰ ਨੇ ਆਪਣਾ ਵੀਜ਼ਾ ਲੈਣ ਦਿੱਲੀ ਜਾਣਾ ਸੀ। ਖਾਲੀ ਕਾਰ ਸੀ। ਅਸੀਂ ਵੀ ਮਾਰ ਪਲਾਕੀ ਬਹਿ ਗਏ। ਦਿੱਲੀ ਦੇ ਕਈ ਛੋਟੇ ਛੋਟੇ ਕੰਮ ਸਨ, ਸੋਚਿਆ ਦਿਨੇ ਕਰ ਲਵਾਂਗਾ। ਰਾਤ ਹਨ੍ਹੇ ਰੇ ਹੋਏ ਦਿੱਲੀ ਅੰਬੈਸੀ ਪਹੁੰਚੇ। ਕਾਰ 'ਚੋਂ ਨਾਲ ਗਿਆ ਖਾਸ ਸੇਵਾਦਾਰ

ਉਤਰਿਆ। ਚਾਦਰ ਵਿਛਾਈ ਤੇ 14 ਹੋਰ ਗੇਟ ਮੂਹਰੇ ਪਏ ਸੱਜਣਾਂ ਦੀ ਲਾਇਨ ਵਿਚ 15 ਨੰਬਰ ਬਣਕੇ ਸੌਂ ਗਿਆ। ਅਸੀਂ ਹੋਟਲ ਆ ਗਏ। ਮੈਂ ਸਵੇਰੇ ਸਵਖਤੇ ਬਸ ਫੜੀ ਤੇ ਧੂੰਏ ਦੇ ਸ਼ਹਿਰ ਦਿੱਲੀ ਦਾ ਨਜ਼ਾਰਾ ਲੁੱਟਦਾ ਸ਼ਾਮੀ 4-30 ਵਜੇ ਸਫਾਰਤਖਾਨੇ ਪਹੁੰਚ ਗਿਆ। ਦੋਸਤ ਮੇਰਾ ਮੈਨੂੰ ਉਡੀਕ ਰਿਹਾ ਸੀ। ਉਥੇ ਇਕ ਪਾਸੇ ਛੋਟੀ ਜਿਹੀ ਭੀੜ ਸੀ। ਇਕ ਚਿੱਟੇ ਕਪੜਿਆਂ ਵਾਲਾ ਰਾਗੀ ਉੱਚੀ ਉੱਚੀ ਬੋਲ ਰਿਹਾ ਸੀ। ‘ਇਹਨਾਂ ਦਾ ਕੀ ਵਿਗੜ ਜਾਂਦਾ ਇਹ ਤਾਂ ਬਚੜੇ ਸਨ। ਦੇਖੋ ਨਾ ਸਾਡਾ ਕਿੰਨ੍ਹਾਂ ਨੁਕਸਾਨ ਹੋ ਗਿਆ’। ਕਿਸੇ ਨੇ ਪੁੱਛਿਆ, ‘ਜਨਾਬ ਹੋਇਆ ਕੀ?’ ‘ਹੋਣਾ ਕੀ ਸੀ, ਸਾਡੇ ਤਿੰਨ ਗਰੁੱਪ ਸਨ, ਪਹਿਲੇ ਦੇ ਕਾਗਜ਼ ਦੇਖੇ ਪਾਸਪੋਰਟ ਚੈੱਕ ਕੀਤੇ , ਵੀਜ਼ੇ ਦੇ ਦਿੱਤੇ। ਦੂਜੇ ਗਰੁੱਪ ਨੂੰ ਆਖਿਆ ਕੀਰਤਨ ਕਰਕੇ ਦਿਖਾਓ, ਤਾਂ ਉਹ ਬੋਲੇ, ‘ਇਥੇ ਮਰਿਆਦਾ ਨਹੀਂ ਬਣਦੀ ਅਸੀਂ ਕੀਰਤਨ ਨਹੀਂ ਕਰਾਂਗੇ ’ ਤੀਜੇ ਗਰੁੱਪ ਨੂੰ ਫੇਰ ਇਹੋ ਸਵਾਲ ਕਰਤਾ, ਬਚੜੇ ਅਨਜਾਣ ਸਨ, ਭੁੱਲ ਗਏ ਕੀ ਕਹਿਣਾ, ਬਸ ਆਂਹਦੇ ‘ਜੀ ਕਿਥੇ ਕਰੀਏ? ਅਗਲਿਆਂ ਖਾਲੀ ਪਾਸਪੋਰਟ ਹਥ ਫੜਾ ਤੇ।’ ‘ਸਜਣਾ ਉਥੇ ਤਾਂ ਬੰਦੇ ਬੈਠੇ ਆ, ਵਾਹਿਗੁਰੂ ਤਾਂ ਹੈ ਨਹੀਂ ਕਿ ਤੁਹਾਡੀਆਂ ਮਿੰਨਤਾਂ ’ਚ ਆ ਕਿ ਪਸੀਚ ਜਾਊ’ ਮੂਹਰਿਓਂ ਖਰਾ ਜਵਾਬ ਮਿਲਿਆ। ਸਕਿੰਟਾਂ ਵਿਚ ਭੀੜ ਖਤਮ ਹੋ ਚੁੱਕੀ ਸੀ।

# ਮੱਖਾਂ ਤੂੰ ਨੀਂ ਗਿਆ ਲਾਹੌਰ?

ਵਾਂਡਾ, ਸ਼ਬਦ ਹੀ ਐਸਾ ਹੈ ਕਿ ਬੰਦੇ ਦਾ ਮਨ ਬਦੋ ਬਦੀ ਖਿੜ ਉਠਦਾ ਹੈ। ਹਰ ਕੋਈ ਵਾਂਡੇ ਜਾਣਾ ਚਾਹੁੰਦਾ ਹੈ। ਛੋਟੇ-ਛੋਟੇ ਬੱਚੇ ਹਮੇਸ਼ਾ ਉਡੀਕਦੇ ਰਹਿੰਦੇ ਹਨ ਕਿ ਕਦੋਂ ਮੌਕਾ ਮਿਲੇ ਤੇ ਵਾਂਡੇ ਜਾਈਏ। ਭਾਵੇਂ ਇਹ ਵਾਂਡਾ, ਨਾਨਕਾ ਘਰ ਹੋਵੇ, ਮਾਸੀ ਦਾ ਪਿੰਡ ਹੋਵੇ ਜਾਂ ਫੇਰ ਸ਼ਹਿਰ ਵਸਦੇ ਕਿਸੇ ਫੁੱਫੜ ਦੀ ਕੋਠੀ ਦੇਖਣ ਦਾ ਸੁਪਨਾ ਹੀ ਹੋਵੇ। ਛੋਟੇ ਹੁੰਦੇ ਅਸੀਂ ਵੀ ਹਮੇਸ਼ਾ ਵਾਂਡੇ ਜਾਣਾ ਲੋਚਦੇ ਰਹੇ ਹਾਂ। ਕਦੋਂ ਸਕੂਲੋਂ ਛੁੱਟੀਆਂ ਹੋਣਗੀਆਂ? ਇਸਦਾ ਕਦੇ ਪੂਰਾ ਹਿਸਾਬ ਨਹੀਂ ਸੀ ਲਗਾ, ਪਰ ਕਈ ਵਾਰੀ ਸਿਆਲ ਜਿਹੇ ਨੂੰ ਜਾਂ ਸਿਆਲ ਖੁਲਦੇ ਹੀ ਕਿਸੇ ਨਾ ਕਿਸੇ ਰਿਸ਼ਤੇ ਦਾਰੀ ’ਚ ਵਿਆਹ ਆ ਜਾਣਾ ਤਾਂ ਮਨ ਖੁਸ਼ ਹੋ ਜਾਣਾ। ਨਵੇਂ ਕਪੜੇ, ਨਵੇ ਂ ਜੁਤੇ ਤੇ ਆਨਾ ਦੁਆਨੀ ਖਰਚਣ ਨੂੰ ਵੀ ਮਿਲਣ ਦੀ ਆਸ ਹੁੰਦੀ ਸੀ। ਵਾਂਡੇ ਜਾਕੇ ਕਰਦੇ ਕੀ ਸੀ? ਇਹ ਵੀ ਕੋਈ ਮੈਅਨਾ ਨਹੀਂ ਸੀ ਰਖਦਾ। ਵਿਆਹ ਦਾ ਮਤਲਬ ਹੀ ਹੁੰਦਾ ਹੈ ਜਿਸਦਾ ਕੋਈ ਥਾਹ ਨਾ ਹੋਵੇ। ਜਿਸਦੀ ਕੋਈ ਵਿਊਂਤਬੰਦੀ ਨਾ ਹੋਵੇ। ਕਿਹਦਾ ਵਿਆਹ ਨਿਭਿਆ ਤੇ ਕਿਹਦਾ ਨਹੀਂ, ਸਾਡਾ ਇਸ ਨਾਲ ਸਾਰੋਕਾਰ ਨਹੀਂ ਸੀ ਬਸ ਸਾਡਾ ਮਤਲਬ ਤਾਂ ਵਾਂਡੇ ਜਾਣਾਂ ਹੁੰਦਾ ਸੀ।

ਪਰ ਹਮੇਸ਼ਾ ਇਕ ਸਮੱਸਿਆ ਰਹੀ ਹੈ ਕਿ ਵਾਂਡੇ ਜਾਣ ਲਈ ਕਿਸੇ ਦੀ ਉਂਗਲ ਫੜਨੀ ਪੈਂਦੀ ਸੀ, ਜਾਣੀ ਕੋਈ ਵੱਡਾ ਭਰਾ, ਚਾਚਾ, ਤਾਇਆ, ਮਾਮਾ, ਆਦਿ ਜ਼ਰੂਰ ਉਂਗਲੀ ਫੜਾਉਣ ਵਾਲਾ ਚਾਹੀਦਾ ਹੁੰਦਾ ਸੀ। ਕਈ ਵਾਰੀ ਵਾਂਡਾ ਰਹਿ ਹੀ ਕਿਸੇ ਦੀ ਉਂਗਲੀ ਨਾ ਮਿਲਣ ਕਰਕੇ ਜਾਂਦਾ ਸੀ।

ਪਿਛੇ ਜਿਹੇ ਸਾਨੂੰ ਲਾਹੌਰੋਂ ਸਦਾ ਆਇਆ ਸੀ। ਵੱਡਾ ਵਿਆਹ ਦੇਖਣ ਜਾਣਾ ਤਾਂ ਅਸੀਂ ਵੀ ਚਾਹੁੰਦੇ ਸੀ ਲਾਹੌਰ, ਪਰ ਇਥੇ ਉਂਗਲਾਂ ਬਹੁਤੀਆਂ ਸਨ ਤੇ ਮਾਮੇ ਘਟ ਸਨ। ਨਾਲੇ ਮਾਮਿਆਂ ਨੇ ਪਹਿਲੋਂ ਭਾਣਜੇ ਥੋੜੇ ਲਿਜਾਣੇ ਸਨ ਉਹਨਾਂ ਦੇ ਆਪਣੇ ਹੀ ਬਹੁਤ ਜ਼ੁਆਕ-ਜਲੇ ਸਨ। ਫਰਕ ਸਿਰਫ ਇਹ ਪਿਆ ਬਈ ਕੁਝ ਪਹਿਲੋਂ ਸਮਝ ਗਏ, ਕਈ ਕਪੜੇ ਪਾਕੇ ਸਮਝੇ ਤੇ ਕਈ ਵਿਚਾਰੇ ਤਾਂ ਉਂਗਲੀ ਖੜੀ ਕਰੀ ਰਹਿ ਗਏ।

ਪਰ ਤੁਸੀਂ ਹੁਣ ਫਿਕਰ ਨਾ ਕਰੋ, ਬਸ ਡੰਡ ਬੈਠਕਾਂ ਕੱਢਣੀਆਂ ਸ਼ੁਰੂ ਕਰ ਦਿਓ ਤੇ ਰੋਜ਼ ਸਵੇਰੇ ਉੱਠ ਕਿ 'ਕੋਡੀ' 'ਕੋਡੀ' ਕਰਿਆ ਕਰੋ, ਤੁਹਾਨੂੰ ਲੈ ਚਲਾਂਗੇ ਅਗਲੇਰੇ ਮਹੀਨੀਂ ਇਕ ਹੋਰ ਵਾਂਡੇ। ਫੇਰ ਭਾਵੇਂ ਤੁਸੀਂ ਉੱਥੋਂ ਮੁੜਿਓ ਵੀ ਨਾ। ਤੁਹਾਡਾ ਪੱਕਾ ਵਾਂਡਾ ਹੋ ਜੂ।

# ਸਫਲਤਾ ਦੀ ਕੁੰਜੀ

ਜਦੋਂ ਵੀ ਕੋਈ ਵਿਦਿਆਰਥੀ ਚਾਹੇ ਕਿ ਉਸ ਨੇ ਜ਼ਿਆਦਾ ਨੰਬਰ ਲੈਣੇ ਹਨ ਤਾਂ ਕਲਾਸ ਟੀਚਰ ਤੋਂ ਇਲਾਵਾ ਬਜ਼ਾਰ ਵਿਚ ਮਿਲਦੀ 'ਸਫਲਤਾ ਦੀ ਕੁੰਜੀ' ਜਾਂ 'ਗਾਇਡ' ਬਹੁਤ ਕੰਮ ਆਉਂਦੀ ਹੈ। ਇਸ ਵਿਚ ਲੇਖਕ ਨੇ ਹਰ ਪ੍ਰਸ਼ਨ ਦਾ ਉੱਤਰ ਬਹੁਤ ਹੀ ਸਰਲ, ਸਮਝਾਉਣ ਜਾਂ ਰੱਟਾ ਲਗਾਉਣ ਦੇ ਹਿਸਾਬ ਨਾਲ ਦਿੱਤਾ ਹੁੰਦਾ ਹੈ ਤੇ ਵਿਦਿਆਰਥੀ ਦੀ ਸਫਲਤਾ ਯਕੀਨੀ ਬਣ ਜਾਂਦੀ ਹੈ। ਪੰਜਾਬੀ ਸਾਹਿਤ ਦੇ ਲਿਖਾਰੀਆਂ ਨੂੰ ਵੀ ਇਹਨਾਂ ਗਾਇਡਾਂ ਦੀ ਲੋੜ ਹੈ ਤਾਂ ਕਿ ਉਹ ਵੀ ਸਫਲਤਾ ਦੀਆਂ ਪੌੜੀਆਂ ਚੜ੍ਹ ਸਕਣ। ਸਬਬ ਨਾਲ ਅਜ ਦੇ ਦੌਰ ਵਿਚ ਬਹੁਤ ਸਾਰੇ ਅਜਿਹੇ ਪੰਜਾਬੀ ਲਿਖਾਰੀ ਹਨ ਜੋ ਇਹ ਗਾਇਡਾਂ ਆਪਣੇ ਤਜ਼ਰਬੇ ਤੇ ਖੇਤਰ ਦੇ ਆਧਾਰ ਤੇ ਲਿਖ ਸਕਦੇ ਹਨ। ਸਾਰਿਆਂ ਦੀ ਪਛਾਣ ਕਰਨੀ ਤਾਂ ਮੁਸ਼ਕਲ ਹੈ ਪਰ ਕੁਝ ਕੁ ਲਈ ਸਲਾਹ ਪੇਸ਼ ਹੈ ਕਿ ਉਹ ਕਿਸ ਵਿਸ਼ੇ ਉਤੇ ਲਿਖ, ਆਪਣਾ ਵਿਸ਼ਾ ਪਛਾਣੋ ਤੇ ਕਰ ਦਿਓ ਭਲਾ ਪੰਜਾਬੀ ਲੇਖਕਾਂ ਦਾ

'ਆਲੋਚਕ ਕਿਵੇਂ ਪਟਾਈਏ'

'ਕਵਿਤਾ ਦਾ ਆਰਥਿਕ ਪੱਖ'

'ਕਹਾਣੀ ਦੀ ਕੂਟਿਨੀਤੀ'

'ਇਨਾਮ ਲਈ ਨਾਵਲ'

'ਸਾਹਿਤ ਸਭਾਵਾਂ ਨਾਲ ਯਾਰੀ'

'ਸਚੋ-ਸੱਚ, ਸੱਚ ਕਿਵੇਂ ਨਹੀਂ ਬੋਲਣਾ'

'ਸਾਹਿਤ ਦੀ ਪੂੜੀ'

'ਪਿਆਰ ਨਾਲ ਕਵਿਤਾ'

'ਵਿਦੇਸ਼ਾਂ ਵਿਚ ਭਗਤਾ ਚਾਰੀ'

'ਬਿੰਨ ਕਵੀਆਂ ਤੋਂ ਕਵੀ ਦਰਬਾਰ'

'ਵਾਰਤਕ ਤੋਂ ਕਵਿਤਾ ਦੀ ਕਿਤਾਬ'

'ਪੜ੍ਹਿਆ ਲਿਖਿਆ ਨਾ ਵਿਚਾਰੀਏ'

'ਭਾਵੁਕਤਾ ਰਹਿਤ ਮੀਟਰੀ ਗ਼ਜ਼ਲ'

ਇੰਜ ਹੋਰ ਵੀ ਬਹੁਤ ਸਾਰੇ ਵਿਸ਼ੇ ਹੋ ਸਕਦੇ ਹਨ। ਪ੍ਰਕਾਸ਼ਕਾਂ ਨੂੰ

ਬੇਨਤੀ ਹੈ ਕਿ ਰਾਸ਼ੀ ਲੈਕੇ ਇਹਨਾਂ ਵਿਸ਼ਿਆਂ ਦੇ ਮਾਹਰ ਲੇਖਕਾਂ ਨੂੰ ਮਿਲਣ।

# ਤੋਪ ਦੀ ਸਲਾਮੀ

ਜਦੋਂ ਵੀ ਕਿਸੇ ਮੁਲਕ ਦਾ ਵੱਡਾ ਆਦਮੀ ਦੂਸਰੇ ਮੁਲਕ ਆਵੇ ਤਾਂ ਉਸਨੂੰ ਤੋਪਾਂ ਦੀ ਸਲਾਮੀ ਦੇਣਾ ਇਕ ਚੰਗੀ ਰਸਮ ਮੰਨੀ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਵੱਡਾ ਆਦਮੀ ਇਹ ਸੰਸਾਰ ਛੱਡ ਕੇ ਦੂਸਰੇ ਸੰਸਾਰ ਵਿਚ ਚਲਾ ਜਾਵੇ ਤਾਂ ਉਸਨੂੰ ਵੀ ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ। ਇੱਕ, ਗਿਆਰਾਂ, ਇੱਕੀ ਜਾਂ ਇਕੱਤੀ ਤੋਪਾਂ ਦੀ ਸਲਾਮੀ ਆਹੁਦੇ ਅਨੁਸਾਰ ਦਿੱਤੀ ਜਾਂਦੀ ਹੈ। ਸਰਕਾਰੀ ਆਹੁਦਿਆਂ ਲਈ ਇਹ ਗਿਣਤੀ ਨਿਸਚਿਤ ਹੈ ਕਿ ਕਿਸ ਨੂੰ ਕਿੰਨੀਆਂ ਤੋਪਾਂ ਦੀ ਸਲਾਮੀ ਦੇਣੀ ਹੈ। ਪਰ ਮਸਲਾ ਉਦੋਂ ਪੈਦਾ ਹੁੰਦਾ ਹੈ ਜਦ ਕਲਾ ਜਾ ਸਾਹਿਤ ਦੇ ਵਿਸ਼ੇ ਦਾ ਕੋਈ ਵੱਡਾ ਆਦਮੀ ਇਸ ਸੰਸਾਰ ਤੋਂ ਤੁਰ ਜਾਵੇ।

ਸੰਤ ਸਿੰਘ ਸੇਖੋਂ ਇਕ ਵੱਡੇ ਲੇਖਕ ਹੋਏ ਹਨ। ਉਹਨਾਂ ਦੀ ਘਾਲਣਾ ਦਾ ਸਰਕਾਰ ਤੇ ਵੀ ਅਸਰ ਸੀ। ਚਾਹੇ ਉਹ ਸਾਰੀ ਉਮਰ ਰਾਜਸੱਤਾ ਦੇ ਵੀ ਚਾਹਵਾਨ ਰਹੇ ਸਨ, ਪਰ ਰਾਜ ਸੱਤਾ ਨੇ ਉਹਨਾਂ ਨੂੰ ਸਿਰਫ ਮਾਣਤਾਣ ਹੀ ਦਿਤਾ ਤਾਕਤ ਨਹੀਂ। ਇਸ ਲਈ ਜਦੋਂ ਉਹ ਪੂਰੇ ਹੋਏ ਤਾਂ ਉਹ ਵੀ ਤੋਪਾਂ ਦੀ ਸਲਾਮੀ ਦੇ ਹੱਕਦਾਰ ਬਣ ਗਏ। ਸੇਖੋਂ ਸਾਹਿਬ ਦੀ ਮ੍ਰਿਤਕ ਦੇਹ ਸ਼ਮਸ਼ਾਨ ਘਾਟ ਪਈ ਸੀ। ਕਿਸੇ ਯਾਦ ਕਰਾਇਆ ਕਿ ਤੋਪਾਂ ਦੀ ਸਲਾਮੀ ਦੇਣੀ ਬਣਦੀ ਹੈ। ਤੋਪਾਂ ਤਾਂ ਹੈ ਨਹੀਂ ਸੀ ਪਰ ਰਫਲਾਂ ਤਾਂ ਦਾਗੀਆਂ ਜਾ ਸਕਦੀਆਂ ਸਨ। ਪਰ ਕਿੰਨੀਆਂ ਗੋਲੀਆਂ? ਇਸ ਦਾ ਕਿਸੇ ਨੂੰ ਨਹੀਂ ਸੀ ਪਤਾ। ਕਿਸੇ ਨੇ ਤੀਰ-ਤੁੱਕੇ ਵਾਲਾ ਹਿਸਾਬ ਲਾਇਆ। ਮੰਤਰੀ ਦੀਆਂ ਇਕੱਤੀ ਹੁੰਦੀਆਂ, ਐਮ.ਐਲ.ਏ. ਦੀਆਂ ਗਿਆਰਾਂ, ਡੀ.ਸੀ. ਦੀਆਂ ਇੱਕੀ, ਸਰਕਾਰੀ ਅਫਸਰਾਂ ਦੀਆਂ ਸੱਤ, ਆਦਿ ਆਦਿ।

ਕੋਲ ਖੜਾ ਇਕ ਹੋਮ ਗਾਰਡੀਆ ਇਕ ਦਮ ਬੋਲ ਪਿਆ,'ਜੀ ਇਸ ਹਿਸਾਬ ਤਾਂ ਸੇਖੋਂ ਸਾਹਿਬ ਦੀਆਂ 253 ਬਣਦੀਆਂ।'

'ਉਹ ਕਿਵੇਂ?' ਕਿਸੇ ਪੁਛਿਆ।

'ਜੀ ਦੇਖੋ ਇਥੇ 2 ਮੰਤਰੀ, ਤਿੰਨ ਐਮ.ਐਲ.ਏ. ਤੇ ਕਈ ਅਫਸਰ ਆਏ ਹਨ, ਤੁਸੀਂ ਆਪੇ ਜੋੜ ਲਾ ਲੋ'। ਹੋਮ ਗਾਰਡੀਏ ਨੇ ਭੋਲੇ ਪਨ ਆਪਣਾ ਹਿਸਾਬ ਦਸ ਦਿੱਤਾ।

ਜੋੜ ਲੱਗਦਾ, ਤਦ ਤਕ ਸੇਖੋਂ ਸਾਹਿਬ ਅਗਨ ਭੇਟ ਹੋ ਚੁੱਕੇ ਸਨ।

# ਜਾਂ ਤਾਂ ਮੱਘਦਾ ਸੂਰਜ ਬਣਜਾ

ਘਸਮੈਲੇ ਹੋਏ ਚਿੱਟੇ ਕੱਪੜੇ, ਸਰਦੀਆਂ ਵਿੱਚ ਪੈਂਟ ਕਮੀਜ਼ ਤੇ ਗਰਮੀਆਂ ਵਿੱਚ ਕਦੇ ਕਦੇ ਪਜ਼ਾਮਾ ਨੁਮਾ ਪਾਈ ਅਕਸਰ ਪੰਜਾਬੀ ਭਵਨ ਆ ਧਮਕਦਾ ਹੈ। ਬੜਾ ਹੀ ਖੁਸ਼ ਹੋ ਕੇ ਮਿਲਦਾ, ਨਿਮਰਤਾ ਬਦੋ-ਬਦੀ ਉਸਦੇ ਚਿਹਰੇ ਤੇ ਗੱਲਾਂ ਵਿੱਚੋਂ ਡੁੱਲ ਡੁੱਲ ਪੈਂਦੀ। ਉਸਦੀ ਮੁਸਕਰਾਹਟ ਵਿੱਚ ਵੀ ਤਰਲਾ ਤਰਲਾਅ ਰਿਹਾ ਹੁੰਦਾ। ਉਹ ਤੁਹਾਨੂੰ ਮਾਣ ਦਿੰਦਾ ਹੋਇਆ ਵੀ ਅਦਨਾ ਜਿਹਾ ਮਹਿਸੂਸ ਕਰੀ ਜਾਏਗਾ। ਪਿਛੇ ਜਿਹੇ ਕਿਸੇ ਪ੍ਰਵਾਸੀ ਪੱਤਰਕਾਰ /ਲੇਖਕ ਦਾ ਸਨਮਾਨ ਹੋ ਰਿਹਾ ਸੀ। ਦਿਨ ਦਾ ਨਿੱਘ ਮਾਨਣਯੋਗ ਸੀ। ਬਹੁਤ ਸਾਰੇ ਲੇਖਕ ਨੁਮਾ ਲੋਕ ਆਏ ਹੋਏ ਸਨ। ਸ਼ੁਹਰਤ ਦੇ ਭੁੱਖੇ ਲੋਕੀਂ ਲੋਈਆਂ, ਸ਼ਾਲ ਤੇ ਸਨਮਾਨ ਚਿੰਨ੍ਹ ਚੁੱਕੀ ਫਿਰਦੇ ਸਨ। ਪੰਜਾਬੀ ਭਵਨ ਦਾ ਸੈਮੀਨਾਰ ਹਾਲ ਹਾਲੋ-ਬੇਹਾਲ ਹੋਇਆ ਫਿਰਦਾ ਸੀ। ਕੈਮਰਿਆਂ ਦੀਆਂ ਫਲੈਸ਼ਾਂ ਦੀ ਚੀਰਵੀਂ ਛਟਕਾਰ ਵੀਡਿਓ ਲਾਈਟਾਂ ਦੀ ਤੇ ਜ਼ ਤਰਾਰ ਰੋਸ਼ਨੀ ਹਾਲ ਗਰਮ ਕਰ ਰਹੀ ਸੀ। ਸਿਫ਼ਤਾਂ ਦੇ ਪੁਲ ਬੰਨੇ ਜਾ ਰਹੇ ਸਨ। ਬਦੋ-ਬਦੀ ਸਮਾਜਿਕ ਤੇ ਆਤਮਿਕ ਰਿਸ਼ਤੇ ਜੋੜੇ ਜਾ ਰਹੇ ਸਨ। ਭਾਵੁਕਤਾ ਦੇ ਸੁੱਕੇ ਦਰਿਆ ਵਹਾਏ ਜਾ ਰਹੇ ਸਨ।

ਇਹੋ ਜਿਹੇ ਮਾਹੌਲ ਵਿੱਚ ਮੇਰੇ ਵਰਗੇ ਲਈ ਖੜੋਨਾ, ਸੁਨਣਾ ਤੇ ਜਰਨਾ ਜ਼ਰਾ ਮੁਸ਼ਕਿਲ ਸੀ। ਕੁਝ ਸਾਹ ਲੈਣ ਦੇ ਬਹਾਨੇ ਬਾਹਰ ਆ ਗਿਆ। ਬਾਹਰ ਉਹ ਸਭ ਸਨ ਜੋ ਲੋਈਆਂ, ਸ਼ਾਲ ਜਾਂ ਸਨਮਾਨ ਚਿੰਨ੍ਹ ਨਹੀਂ ਸੀ ਲੈ ਕੇ ਆਏ। ਮੁਫਤ ਦੀ ਚਾਹ ਦੇ ਸ਼ੋਕੀਨ ਤੇ ਐਤਵਾਰ ਦੀ ਵਿਹਲ ਦੂਰ ਕਰਨ ਲਈ ਇਹਨਾਂ ਕੋਲ ਪੰਜਾਬੀ ਭਵਨ ਵਧੀਆ ਥਾਂ ਹੈ। 'ਜੌਹਲ ਸਾਹਿਬ ਮੇਰਾ ਵੀ ਸਨਮਾਨ ਕਰ ਦਿਓ, ਦੇਖੋ ਮੈਂ ਪਿਛਲੇ 50 ਸਾਲ ਤੋਂ ਲਿਖਦਾ ਆ ਰਿਹਾ, ਕੋਈ ਸਕੂਲ ਨਹੀਂ ਛਡਿਆ ਜਿੱਥੇ ਮੇਰਾ ਹਾਸੇ ਦਾ ਘੋਟਣਾ ਨਾ ਗਾਇਆ ਗਿਆ ਹੋਵੇ। ਕਰੋ ਕਈ ਉਪਰਾਲਾ?' ਲੱਕੜੀ ਦੇ ਮੁੱਢ ਤੇ ਬੈਠੇ ਕਵੀ ਨੇ ਚਾਹ ਦਾ ਘੁੱਟ ਭਰਦੇ ਮੈਨੂੰ ਸੁਆਲ ਕੀਤਾ। ਅਚਾਨਕ ਹੀ ਮੇਰੇ ਮੂਹੋਂ ਨਿਕਲਿਆ,'ਕਵੀ ਜੀ! ਦੁਨੀਆਂ ਤਾਂ ਚੜ੍ਹਦੇ ਸੂਰਜ ਨੂੰ ਹੀ ਸਨਮਾਨ ਕਰਦੀ ਆ, ਜਾਂ ਫਿਰ ਮੱਘਦੇ ਸੂਰਜਾਂ ਦਾ। ਕਿੱਥੇ ਹਾਲ ਅੰਦਰਲੇ ਮੱਘਦੇ ਸੂਰਜ ਤੇ ਕਿੱਥੇ ਤੁਸੀਂ 50 ਸਾਲਾਂ ਤੋਂ

ਸੁਲਘਦੇ ਸੂਰਜ।'

ਸ਼ਾਇਦ ਕਵੀ ਨੂੰ ਗੱਲ ਸਮਝ ਪੈ ਗਈ। ਕਈ ਸਾਲ ਬੀਤ ਗਏ ਹਨ। ਕਈ ਵਾਰ ਮਿਲਿਆ ਹੈ ਪਰ ਉਸ ਕਦੇ ਮੁੜ ਗੱਲ ਨਹੀਂ ਕੀਤੀ ਸਨਮਾਨ ਦੀ, ਭਾਵੇਂ ਉਸਦੇ ਹਾਸੇ ਵਿੱਚ ਤਰਲੇ ਦੇ ਨਾਲ ਨਾਲ ਸੁਲਘਦੇ ਦਾ ਪਰਛਾਵਾਂ ਵੀ ਵਿਖਣ ਲੱਗ ਗਿਆ ਹੈ।

# ਅਹੁਦੇਦਾਰੀਆਂ-ਕ੍ਰਿਤਾਂ ਮਾਰੀਆਂ

ਜ਼ਰਾ ਚਾਰੇ ਪਾਸੇ ਨਜ਼ਰ ਦੁੜਾਓ, ਦੇਖੋ ਕੀ ਹੋ ਰਿਹਾ ਹੈ? ਕਿਹੜਾ ਸਿਆਸਤਦਾਨ ਸਭ ਤੋਂ ਵਧ ਸਫ਼ਲ ਹੈ? ਕਿਸਦੇ ਘਰ ਲੋਕਾਂ ਦੀ ਰੌਣਕ ਲੱਗੀ ਰਹਿੰਦੀ ਹੈ? ਕਿਸਦੇ ਕਹੇ ਤੇ ਪੁਲਿਸ ਤੇ ਪ੍ਰਸ਼ਾਸਨ ਫਟਾ ਫਟ ਕੰਮ ਕਰੀ ਜਾ ਰਹੇ ਹਨ? ਕਿਸਦੇ ਨਾਮ ਦਾ ਸਿੱਕਾ ਉਸਦੀ ਗੈਰਹਾਜ਼ਰੀ ਵਿਚ ਵੀ ਚਲਦਾ ਹੈ? ਹੁਣ ਉਸ ਦਾ ਇਤਿਹਾਸ ਫੋਲੋ। ਉਸਨੇ ਹੁਣ ਤਕ ਕੀ ਕੀ ਕੀਤਾ ਹੈ? ਕਿਸੇ ਵੀ ਸਿਆਸਤਦਾਨ ਦਾ, ਜਿਸਨੂੰ ਤੁਸੀਂ ਸਫ਼ਲ ਮੰਨਦੇ ਹੋ, ਖਾਤਾ ਖੋਹਲ ਲਵੋ ਤਾਂ ਇਕ ਗਲ ਬੜੀ ਹੀ ਰੌਚਿਕ ਦਿਖਾਈ ਦੇਵੇਗੀ। ਉਹ ਆਹੁਦੇਦਾਰ, ਸਿਰਜਕ ਜਾਂ ਕਰਤਾ ਧਰਤਾ ਤਾਂ ਕਈ ਸਭਾਵਾਂ, ਸੁਸਾਇਟੀਆਂ ਜਾਂ ਪਾਰਟੀਆਂ ਦਾ ਹੋਵੇਗਾ ਪਰ ਕਦੇ ਪ੍ਰਬੰਧਕ ਨਹੀਂ। ਦੇਖਣ ਨੂੰ ਤਾਂ ਇਹ ਗਲ ਮਾਮੂਲੀ ਲੱਗਦੀ ਹੈ ਪਰ ਇੰਨੀ ਮਾਮੂਲੀ ਨਹੀਂ ਹੈ। ਪ੍ਰਬੰਧਕ ਹੋਣਾ ਕਿਸੇ ਲੀਡਰ ਦੀ ਮਜ਼ਬੂਰੀ ਤਾਂ ਹੋ ਸਕਦੀ ਹੈ ਖੁਸ਼ੀ ਨਹੀਂ। ਜੇਕਰ ਉਹ ਆਪ ਹੀ ਪ੍ਰਬੰਧਕ ਹੋਵੇਗਾ ਤਾਂ, ਸਮਾਗਮ ਲਈ ਦਰੀਆਂ ਦਾ ਇੰਤਜ਼ਾਮ ਤੋਂ ਲੈਕੇ ਚਾਹ ਪਾਣੀ ਦੇ ਪ੍ਰਬੰਧ ਤੋਂ ਹੁੰਦੇ ਹੋਏ ਮੁਖ ਮਹਿਮਾਨਾਂ ਲਈ ਹਾਰ ਲੈਕੇ ਆਉਣ ਤਕ, ਸਟੇਜ ਤੇ ਮਾਇਕ ਨੂੰ ਠੀਕ ਘੰਟਾ ਪਹਿਲੋਂ ਆਪ ਟੈਸਟ ਕਰਨ ਤੀਕ, ਜੇਬ ਨੂੰ ਬਾਰ ਬਾਰ ਹਲਕੀ ਕਰਦੇ ਰਹਿਣ ਤਕ, ਸਭ ਪ੍ਰਬੰਧ ਆਪ ਕਰਨੇ ਪੈਂਦੇ ਹਨ। ਜਦ ਸਮਾਗਮ ਦੇ ਸ਼ੁਰੂ ਹੋਣ ਦਾ ਮੌਕਾ ਹੁੰਦਾ ਹੈ ਤਾਂ ਆਪ ਤਾਂ ਮੁੱਖ ਮਹਿਮਾਨ ਬਣਿਆ ਨਹੀਂ ਜਾ ਸਕਦਾ, ਆਪ ਹੀ ਆਪਣੇ ਗਲਾਂ 'ਚ ਹਾਰ ਪਵਾਏ ਨਹੀਂ ਜਾ ਸਕਦੇ। ਕਈ ਵਾਰੀ ਤਾਂ ਉਧਰੋਂ ਉਦਘਾਟਨ ਹੋ ਰਿਹਾ ਹੁੰਦਾ ਹੈ। ਫੋਟੋਆਂ ਖਿੱਚੀਆਂ ਜਾ ਰਹੀਆਂ ਹੁੰਦੀਆਂ ਹਨ ਤੇ ਪ੍ਰਬੰਧਕ ਕਿਸੇ ਰਿਕਸ਼ੇ ਵਾਲੇ ਨਾਲ ਥੋੜਾ ਪਰ੍ਹੇ ਝਗੜ ਰਿਹਾ ਹੁੰਦਾ ਹੈ।

ਕੁਦਰਤੀ ਹੈ ਕਿ ਇਸ ਅਸੂਲ ਦਾ ਅਸਰ ਹਰ ਕਿਸਮ ਦੇ ਪ੍ਰਬੰਧਕੀ ਅਹੁਦੇਦਾਰ ਉਤੇ ਪੈਂਦਾ ਹੋਵੇ, ਚਾਹੇ ਉਹ ਬੈਂਕ ਦਾ ਮੈਨੇਜਰ ਹੋਵੇ ਜਾਂ ਕਿਸੇ ਸਾਹਿਤ ਸਭਾ ਦਾ ਪ੍ਰਧਾਨ ਜਾਂ ਸਕੱਤਰ। ਹਰ ਵੇਲੇ ਪਹਿਲੋਂ ਤਾਂ ਸਮਾਗਮ ਰਚਾਉਣ ਦੀ ਤੋੜ ਲਗੀ ਰਹਿੰਦੀ ਹੈ ਫੇਰ ਉਸ ਨੂੰ ਸਿਰੇ ਚੜ੍ਹਾਉਣ ਦੀ ਤੇ ਫੇਰ ਅਖ਼ਬਾਰਾਂ ਵਿਚ ਛਪਵਾਉਣ ਦੀ। ਇਸ ਸਾਰੀ

ਪ੍ਰਕਿਰਿਆ ਵਿਚ ਉਸ ਵਿਚਲਾ ਲੇਖਕ ਕਿਤੇ ਦੂਰ ਰਹਿ ਜਾਂਦਾ ਹੈ। ਜੇ ਮੇਰੀ ਗੱਲ ਦਾ ਯਕੀਨ ਨਹੀਂ ਤਾਂ ਮਸ਼ਹੂਰ ਹੋਏ ਲੇਖਕਾਂ ਤੇ ਆਹੁਦੇਦਾਰਾਂ ਉਤੇ ਨਜ਼ਰ ਮਾਰੋ ਇੱਕ। ਤੁਹਾਨੂੰ  ਆਪੇ ਸਮਝ ਆ ਜਾਵੇਗੀ। ਸਭ ਤੋਂ ਸਿਤਮ ਦੀ ਗੱਲ ਹੈ ਕਿ ਆਹੁਦੇਦਾਰ ਭਾਵੇਂ ਆਪਣੀ ਸ਼ਕਤੀ ਦੇ ਜ਼ੋਰ ਤੇ ਮਲੋ ਮੱਲੀ ਲੇਖਕ ਬਣੀ ਜਾਵੇ ਜਾਂ ਛਪੀ ਜਾਵੇ ਸਾਡੇ ਲੋਕ ਉਸਨੂੰ ਹਮੇਸ਼ਾ ਹੀ ਉਸਦੇ ਆਹੁਦੇ ਨਾਲ ਜੋੜ ਕਿ ਵੇਖਣ ਦੇ ਆਦੀ ਹੋ ਜਾਂਦੇ ਹਨ। ਰਚਨਾ ਉਸਦੀ ਉਹ ਹੀ ਦੂਰ ਸੁੱਟ ਦਿੰਦੇ ਹਨ। ਮੈਂ ਇਕ ਐਸੇ ਪ੍ਰਮੁੱਖ ਸਭਾ ਦੇ ਸਕੱਤਰ ਨੂੰ ਜਾਣਦਾ ਹਾਂ ਜੋ ਖੁਦ ਵੀ ਲਿਖਦਾ ਹੈ ਤੇ ਸੰਪਾਦਤ ਕਰ ਕਰ ਕਿ ਹਰ ਸਾਲ ਕਿਤਾਬਾਂ ਛਪਵਾਈ ਜਾਂਦਾ ਹੈ। ਪਰ ਜਦੋਂ ਵੀ ਉਸਦੀ ਕਿਤੇ ਗਲ ਚੱਲਦੀ ਹੈ ਤਾਂ ਸਭਾ ਦੀ ਸਿਆਸਤ ਦੀ ਜਾਂ ਉਸ ਵਲੋਂ ਲਏ ਕਲਮ ਕੱਲੇ ਫੈਂਸਲਿਆਂ ਦੀ ਹੀ ਚੱਲਦੀ ਹੈ। ਕਦੇ ਉਸਦੀ ਗੈਰਹਾਜ਼ਰੀ ਵਿਚ ਉਸਨੂੰ ਲੇਖਕ ਬਣਦੇ ਨਹੀਂ ਦੇਖਿਆ। ਭਾਵੇਂ ਇਸ ਵਿਚ ਉਸਦਾ ਕਸੂਰ ਨਹੀਂ ਪਰ ਉਸਦੀ ਪ੍ਰਬੰਧਕੀ ਹੋਣ ਦੀ ਲਾਲਸਾ ਨੇ ਉਸਨੂੰ ਲੇਖਕ ਹੋਣੋ ਬਚਾਈ ਰੱਖਣਾ ਹੈ। ਪਤਾ ਨਹੀਂ ਇਸ ਵਿਚ ਕਿਸ ਦਾ ਭਲਾ ਹੈ। ਲੇਖਕ ਦਾ ਜਾਂ ਪਾਠਕ ਦਾ ਪਰ ਕਾਸ਼! ਇਹ ਪ੍ਰਬੰਧਕੀ ਆਹੁਦੇਦਾਰੀਆਂ ਨਾ ਹੁੰਦੀਆਂ।

# ਲਕਸ਼ਮਣ ਰੇਖਾ

ਇਤਿਹਾਸ ਜਾਂ ਮਿਥਿਹਾਸ ਅਨੁਸਾਰ ਦੁੱਖ ਜਾਂ ਸੁੱਖ ਦੀ ਪ੍ਰਾਪਤੀ ਕਿਸੇ ਰੇਖਾ ਨੂੰ ਜਾਂ ਸੀਮਾ ਨੂੰ ਪਾਰ ਕਰਨ ਨਾਲ ਹੀ ਹੁੰਦੀ ਹੈ। ਇਹ ਮਨੁੱਖ ਤੇ ਨਿਰਭਰ ਨਹੀਂ ਕਰਦਾ ਕਿ ਉਸ ਨੇ ਕੀ ਸੋਚਿਆ ਹੈ, ਮਨੁੱਖ ਤਾਂ ਹਮੇ ਸ਼ ਹੀ ਸੁੱਖ ਦੀ ਪ੍ਰਾਪਤੀ ਦਾ ਚਾਹਵਾਨ ਰਿਹਾ ਹੈ ਤੇ ਰਹਿਣਾ ਹੈ। ਇਹ ਤਾਂ ਕਿਸੇ ਸੀਮਾ ਨੂੰ ਪਾਰ ਕਰਨ ਤੋਂ ਬਾਅਦ ਹੀ ਪਤਾ ਚਲਦਾ ਹੈ ਕਿ ਕੀ ਮਿਲਿਆ। ਇਹ ਰੇਖਾਵਾਂ ਕੌਣ ਪਾਰ ਕਰਦੇ ਹਨ? ਮਨੁੱਖ ਦੀਆਂ ਸਭ ਕਿਸਮਾਂ ’ਚੋਂ ਕਠੋਰ ਮਨ ਵਾਲੀ ਕਿਸਮ ਆਪਣੀ ਮਰਜ਼ੀ ਕਰਕੇ ਕੋਈ ਨਾ ਕੋਈ ਰੇਖਾ ਪਾਰ ਕਰਦੀ ਹੀ ਰਹਿੰਦੀ ਹੈ। ਇਹ ਰੇਖਾ ਮੁੱਖ ਤੌਰ ਤੇ ਲਾਲਚੀ ਮਨ ਦੀ ਉਪਜ ਗਿਣੀ ਜਾਂਦੀ ਹੈ। ਇਸ ਵਿਚ ਦੁੱਖ ਤੇ ਸੁੱਖ ਦੀ ਪ੍ਰਾਪਤੀ ਅੱਧੋ ਅੱਧ ਹੁੰਦੀ ਹੈ। ਮਸਲਨ ਕਿਸੇ ਵੀ ਜ਼ਮੀਨ  ਤੇ ਕਬਜ਼ਾ, ਸੁੱਖ ਵੀ ਦੇ ਸਕਦਾ ਹੈ ਤੇ ਦੁੱਖ ਵੀ।

ਦੂਸਰੀ ਮਨੁੱਖ ਦੀ ਕਿਸਮ ਹੈ ਕੋਮਲ ਮਨ ਵਾਲੀ ਜੋ ਇਹ ਰੇਖਾ, ਅਗਿਆਨਤਾ ਜਾਂ ਭਾਵੁਕਤਾ ਦੇ ਦੌਰ ਵਿਚ ਪਾਰ ਕਰਦੀ ਹੈ। ਕੋਮਲ ਮਨ ਅਕਸਰ ਕਵੀ ਦਾ ਹੁੰਦਾ ਹੈ ਤੇ ਪੰਜਾਬੀ ਵਿਚ ਕੋਮਲ ਮਨ ਦੇ ਕਵੀ ਤੇ ਕਵਿਤਰੀਆਂ ਦੀ ਕੋਈ ਘਾਟ ਨਹੀਂ। ’47 ਦੀ ਆਜ਼ਾਦੀ ਤੋਂ ਬਾਅਦ ਕਿੰਨੇ ਹੀ ਅਜਿਹੇ ਕਵੀ ਹੋਏ ਹਨ ਜੋ ਆਪਣੀ ਜਵਾਨੀ ਵੇਲੇ ਤੋਂ ਲੈਕੇ ਬੁਢਾਪੇ ਤਕ ਕਵਿਤਰੀਆਂ ਨੂੰ ਨਾਲ ਲੈ ਕੇ ਚੱਲਣ ਦੀ ਲਕਸ਼ਮਣ ਰੇਖਾ ਪਾਰ ਕਰਦੇ ਰਹੇ ਸਨ ਤੇ ਕਰ ਰਹੇ ਹਨ। ਕਈ ਕਵੀ ਤਾਂ ਇਹ ਰੇਖਾ ਕਈ ਕਈ ਵਾਰੀ ਪਾਰ ਕਰ ਚੁੱਕੇ ਹਨ। ਇਸ ਵਿਚ ਸਿਰਫ ਕਸੂਰ ਕਵੀ ਦਾ ਹੀ ਨਹੀਂ ਹੁੰਦਾ, ਰੇਖਾ ਤੋਂ ਪਾਰ ਬੈਠੀ ‘ਹਾਂ ਵਰਗੀ ਚੁੱਪ’ ਦਾ ਵੀ ਹੁੰਦਾ ਹੈ। ਰੇਖਾ ਤਾਂ ਹੋਰ ਲੇਖਕ ਵੰਨਗੀਆਂ ਵੀ ਪਾਰ ਕਰਦੀਆਂ ਹਨ ਪਰ ਇਥੇ ਗਿਣਨਯੋਗ ਹਾਲੇ ਸਿਰਫ ਕਵੀ ਹੀ ਹਨ। ਪਰ ਇਕ ਗਲ ਸ਼ਰਤੀਆ ਹੈ ਕਿ ਜੇਕਰ ਇਹ ਰੇਖਾਵਾਂ ਪਾਰ ਕਰਨ ਵਾਲੇ ਨਾ ਹੋਣ ਤਾਂ ਪੰਜਾਬੀ ਵਿਚ ਕਵਿਤਾ ਵਿਚ ਆ ਰਿਹਾ ਨਿਖਾਰ ਨਾ ਆਉਂਦਾ। ਵੱਡੇ ਵੱਡੇ ਮੁਸ਼ਾਇਰੇ ‘ਮੁਕੱਰਰ’ ਤੋਂ ਵਾਂਝੇ ਰਹਿ ਜਾਂਦੇ। ਇਸੇ ਲਈ ਚਲੋ ਰਲ ਕਿ ਕਰੀਏ ਦੁਆ ਕਿ ਰੇਖਾਵਾਂ ਪਾਰ ਹੁੰਦੀਆਂ ਰਹਿਣ ਤੇ ਪੰਜਾਬੀ ਕਵਿਤਾ ਨੂੰ ਉਤਸ਼ਾਹ ਮਿਲਦਾ ਰਹੇ।

# ਅਜ ਦੇ ਬੀਰਬਲ

ਬੀਰਬਲ ਦਾ ਨਾਮ ਸੁਨਣ ਵਿਚ ਆਉਂਦੇ ਹੀ ਕਿਸੇ ਸਿਆਣੇ, ਚਤੁਰ ਤੇ ਸਕੀਮੀਂ ਬੰਦੇ ਦਾ ਚਿਹਰਾ ਉਭਰਨ ਲੱਗਦਾ ਹੈ। ਪੁਰਾਤਨ ਕਲਾ ਚਿਤਰਾਂ ਵਿਚ ਬੀਰਬਲ ਦੇ ਸੁੰਦਰ ਵਸਤਰ ਪਾਏ ਹੋਏ ਹਨ, ਕੱਛ ਵਿਚ ਵਹੀ ਨੁਮਾ ਕਿਤਾਬ ਲਈ ਹੁੰਦੀ ਹੈ। ਅੱਖਾਂ ਵਿਚ ਖਾਸ ਕਿਸਮ ਦੀ ਦੇਖਣੀ ਤੇ ਮਾਣ ਨਾਲ ਆਕੜੀ ਹੋਈ ਧੌਣ।

ਕਹਿੰਦੇ ਹਨ ਜਦੋਂ ਬੀਰਬਲ, ਮਾਹਰਾਜੇ ਦੇ ਦਰਬਾਰ ਵਿਚ ਆਉਂਦਾ ਸੀ ਤਾਂ ਸਭ  ਹੋਰ 'ਰਤਨਾਂ' ਦੀ ਕੋਸ਼ਿਸ਼ ਹੁੰਦੀ ਸੀ ਕਿ ਅਜ ਕਿਸੇ ਨਾ ਕਿਸੇ ਗਲੋਂ ਬੀਰਬਲ ਨੂੰ ਫਸਾਇਆ ਜਾਵੇ। ਉਸ ਵਕਤ ਕਿਸੇ ਕੰਮ ਜਾਂ ਗੱਲ ਦੀ ਪੂਰਤੀ ਹੀਰੇ ਆਦਿ ਦੇ ਇਨਾਮ ਦੁਆਂਉਦੀ ਸੀ ਤੇ ਪੂਰਤੀ ਨਾ ਹੋਣੀ ਸਿੱਧਾ ਫਾਂਸੀ ਦਾ ਤਖ਼ਤਾ ਦਿਖਾਉਂਦੀ ਸੀ।

ਪਰ ਬੀਰਬਲ ਇਸ ਸਭ ਕਾਸੇ ਤੋਂ ਨਿਛੋਹ ਨਹੀਂ ਸੀ। ਉਸਨੂੰ ਪਤਾ ਸੀ ਕਿ ਇਨਾਮ ਲੈਣ ਨਾਲੋਂ, ਫਾਂਸੀ ਤੋਂ ਕਿਵੇਂ ਬਚਣਾ ਹੈ। ਇਹ ਬੀਰਬਲ ਦੀ ਸਿਆਣਪ ਹੀ ਸੀ ਕਿ ਉਹ ਇੰਨ੍ਹਾਂ ਲੰਮਾ ਸਮਾਂ ਕਟ ਗਿਆ। ਇਥੇ ਇਹ ਵੀ ਮੰਨਣਾ ਪਊ ਕਿ ਹਰ ਰਾਜੇ ਦੀ ਮਜਬੂਰੀ ਹੁੰਦੀ ਹੈ ਸਲਾਹਕਾਰ ਰੱਖਣੇ, ਪਰ ਬੀਰਬਲ ਕਿਸੇ ਕਿਸੇ ਨੂੰ ਹੀ ਮਿਲਦੇ ਹਨ। ਅਜ ਭਾਵੇਂ ਬੀਰਬਲ ਉਂਨ੍ਹੀ ਗਿਣਤੀ 'ਚ ਨਹੀਂ ਜੰਮਦੇ ਜਿੰਨੇ ਰਾਜੇ (ਆਜੋਕੇ ਆਹੁਦੇਦਾਰ, ਅਫਸਰ, ਵੀ.ਸੀ., ਡੀ.ਸੀ., ਮੰਤਰੀ ਆਦਿ) ਪੈਦਾ ਹੋ ਰਹੇ ਹਨ। ਹਰ ਇਕ ਦੀ ਲੋੜ ਹੈ ਕਿ ਇਕ ਬੀਰਬਲ ਉਹਨਾਂ ਦੇ ਕੋਲ ਵੀ ਹੋਵੇ । ਜਿਸ ਤੋਂ ਉਹ ਸਲਾਹ ਲੈ ਸਕਣ, ਗੁਪਤਚਰ ਵਾਂਗੂੰ ਉਸਨੂੰ ਵਰਤ ਸਕਣ, ਆਪਣੇ ਵਿਰੋਧੀਆਂ ਨੂੰ ਲੜਾ ਸਕਣ ਤੇ ਲੋੜ ਪੈਣ ਤੇ ਉਸਨੂੰ ਫਾਂਸੀ (ਬਰਤਰਫ) ਵੀ ਦੇ ਸਕਣ।

ਇਸੇ ਲੋੜ ਤੋਂ ਪੈਦਾ ਹੁੰਦੇ ਹਨ ਅਨੇਕਾਂ ਬੀਰਬਲ ਜੋ ਮੈਟਰਿਕ ਪਾਸ ਤੋਂ ਲੈਕੇ ਪੀ.ਐਚ.ਡੀ. ਫੇਲ੍ਹ ਤਕ ਹੁੰਦੇ ਹਨ ਤੇ ਇਹ ਕਿਸਮ ਯੂਨੀਵਰਸਿਟੀਆਂ ਵਿਚ ਆਮ ਪਾਈ  ਜਾਂਦੀ ਹੈ।  ਇਹਨ੍ਹਾਂ  ਨੂੰ ਨਵੇਂ ਨਵੇ ਂ ਅਜੀਬ ਨਾਵਾਂ ਵਾਲੇ ਆਹੁਦੇ ਬਣਾ ਕਿ ਦਿੱਤੇ ਜਾਂਦੇ ਹਨ। ਇਹ ਵੱਡੇ ਸਾਹਿਬਾਂ ਦੇ ਹੁਕਮਾਂ ਦੀ ਤਾਮੀਲ ਕਰਵਾਂਦੇ ਹਨ, ਭਾਵੇਂ ਹੁਕਮ ਵੀ

ਅੰਦਰਖਾਤੇ ਇਹਨਾਂ ਦੀ ਹੀ ਸਲਾਹ ਹੁੰਦੇ ਹਨ। ਇਹਨਾਂ ਦਾ ਸਮਾਂ ਖਤਮ ਉਦੋਂ ਹੀ ਹੁੰਦਾ ਹੈ ਜਦੋਂ ਵੱਡਾ ਸਾਹਿਬ ਕਿਸੇ ਕੁੜਕੀ ਵਿਚ ਫਸ ਜਾਵੇ।

ਕਈ ਅਨਪੜ੍ਹ ਜਾਂ ਫੇਰ ਬਹੁਤ ਹੀ ਕਾਨੂੰਨੀ ਕਿਸਮ ਦੇ ਬੀਰਬਲ ਹੁੰਦੇ ਹਨ। ਇਹ ਸਿਆਸਤ ਦੇ ਗਲਿਆਰਿਆਂ ਵਿਚ ਪਾਏ ਜਾਂਦੇ ਹਨ। ਇਹਨਾਂ ਦਾ ਕੰਮ ਕੋਟੇ ਸ਼ੋਟੇ ਲੈਣਾ ਦੇਣਾ ਹੁੰਦਾ ਹੈ। ਜਦੋਂ ਇਹਨਾਂ ਦੇ ਰਾਜੇ ਕਿਸੇ ਘਪਲੇ ਵਿਚ ਫਸ, ਤਿਆਗ ਪੱਤਰ ਦਿੰਦੇ ਹਨ ਤਾਂ ਇਹ ਬੀਰਬਲ ਝੱਟ ਦੂਜੇ ਰਾਜੇ ਕੋਲ ਜਾ ਹਾਜ਼ਰ ਹੁੰਦੇ ਹਨ। ਵੈਸੇ ਇਹ ਸਭ ਕੁਝ ਅਚਾਨਕ ਨਹੀਂ ਹੁੰਦਾ। ਥੋੜਾ ਬਹੁਤ ਅਰਥਚਾਰਾ ਇਹਨਾਂ ਦਾ ਸਾਰਿਆਂ ਨਾਲ ਹੀ ਚਲਦਾ ਹੁੰਦਾ ਹੈ।

ਸਭ ਤੋਂ ਖਤਰਨਾਕ ਹਨ ਆਪਣੇ ਆਪ ਨੂੰ ਬੁਧੀਜੀਵੀ ਕਹਾਉਣ ਵਾਲੇ ਬੀਰਬਲ। ਇਹ ਆਪਣੇ ਆਪ ਨੂੰ ਸਿੱਧਾ ਲੋਕਾਂ ਦੇ ਸਲਾਹਕਾਰ ਸਮਝਦੇ ਹਨ ਤੇ ਇਹ ਉਪਰੋਂ ਉਪਰੋਂ ਹਰ ਇਕ ਨੂੰ ਡਰਾਵੇ ਦਿੰਦੇ ਹਨ ਤੇ ਅਕਲ ਦੇ ਫਤਵੇ ਜਾਰੀ ਕਰਦੇ ਹਨ, ਪਰ ਜਿਵੇਂ ਹੀ ਕਿਸੇ ਸੰਸਥਾ ਦੀ ਚੇਅਰਮੈਨੀ ਮਿਲ ਜਾਵੇ, ਇਹ ਝੱਗ ਵਾਂਗ ਬਹਿ ਜਾਂਦੇ ਹਨ ਤੇ ਕਿਤੇ ਰੜਕਦੇ ਵੀ ਨਹੀਂ।

# ਚੂਹੇ ਦਾ ਬੁੱਤ

ਕਿਸੇ ਨੇ ਕਿਹਾ ਸੀ, 'ਪੁੱਟਿਆ ਪਹਾੜ ਤੇ ਨਿਕਲਿਆ ਚੂਹਾ'। ਇੰਨੀ ਮਿਹਨਤ ਤੋਂ ਬਾਅਦ ਇਕ ਚੂਹੇ ਦਾ ਮਿਲਣਾ ਸਮਝ ਨਹੀਂ ਲਗਦੀ ਕਿ, ਪ੍ਰਾਪਤੀ ਹੈ ਜਾਂ ਨਿਰਾਸ਼ਾ। ਸੋਚਣ ਵਾਲੀ ਗੱਲ ਹੈ ਕਿ, ਇਹ ਚੂਹਾ ਹੈ ਕੀ ਸ਼ੈਅ? ਕਿਹੜੀ ਕਿਸਮ ਦਾ ਹੈ ਤੇ ਪਹਾੜ ਦੇ ਐਨ ਥੱਲੇ ਕਿਵੇਂ ਪਹੁੰਚਿਆ। ਜੇਕਰ ਇਹ ਇੰਨੀ ਲੰਮੀ ਖੁੱਡ ਪੁੱਟ ਕਿ ਪਹੁੰਚਿਆ ਹੈ ਤਾਂ ਜ਼ਰੂਰ ਇਹ ਇਕ ਮਿਹਨਤੀ ਤੇ ਕੀਮਤੀ ਚੂਹਾ ਹੈ। ਜੇਕਰ ਇਹ ਕਿਸੇ ਕੁਦਰਤੀ ਆਫ਼ਤ ਰਾਹੀਂ, ਜਿਵੇਂ ਤੂਫਾਨ, ਭੂਚਾਲ ਆਦਿ ਨਾਲ ਥੱਲੇ ਗਿਆ ਤਾਂ ਇੰਨਾ ਲੰਮਾ ਸਮਾਂ ਗਰਮੀ ਵਿਚ ਦੱਬੇ ਰਹਿਣ ਦੇ ਬਾਵਜੂਦ ਸਹੀ ਸਲਾਮਤ, ਪਛਾਨਣ ਯੋਗ ਕਿਵੇਂ ਰਿਹਾ। ਵਿਗਿਆਨੀ ਦਸਦੇ ਹਨ ਕਿ ਧਰਤੀ ਥਲਿਓਂ ਗਰਮ ਹੈ ਤੇ ਕੋਈ ਵੀ ਚੂਹੇ ਵਰਗੀ ਚੀਜ਼ ਛੇਤੀ ਹੀ ਖਰਾਬ ਹੋ ਜਾਂਦੀ ਹੈ। ਮੈਂ ਬਹੁਤ ਹੈਰਾਨ ਹਾਂ ਕਿ ਸਾਹਿਤਕਾਰਾਂ, ਲੇਖਕਾਂ ਜਾਂ ਇਸ ਕਹਾਵਤ ਦੇ ਰਚੇਤਾ ਨੂੰ ਇਹ ਚੂਹਾ ਕਿਵੇਂ ਮਿਲਿਆ। ਗੱਲ ਮੇਰੇ ਦਿਲ ਨੂੰ ਨਹੀਂ ਲਗਦੀ। ਇਸ ਸੁਆਲ ਦੇ ਜੁਆਬ ਦੀ ਹਮੇਸ਼ਾਂ ਤਲਾਸ਼ ਵਿਚ ਰਿਹਾ ਹਾਂ।

ਪਰ ਹੁਣ ਮੈਨੂੰ ਇਸਦਾ ਸਹੀ ਜੁਆਬ ਲਗਪਗ ਮਿਲ ਹੀ ਗਿਆ। ਸਾਡੇ ਸ਼ਹਿਰ ਵਿਚ ਇਕ ਪ੍ਰੋਫੈਸਰ ਨੁਮਾ ਰਿਟਾਇਰਡ ਆਦਮੀ ਹੈ। ਇਸਦਾ ਕੰਮ ਹੈ ਹਮੇਸ਼ਾ ਬੋਲਦੇ ਰਹਿਣਾ। ਮੱਧ-ਬੁੱਧੀ ਲੋਕ ਇਸਨੂੰ ਬਹੁਤ ਵੱਡਾ ਵਿਦਵਾਨ ਮੰਨਦੇ ਹਨ। ਇਸਨੇ ਕਦੇਕਿਸੇ ਦੇ ਫਾਇਦੇ ਦੀ ਗੱਲ ਨਹੀਂ ਕੀਤੀ। ਇਹ ਇਕ ਮਿੰਟ ਵਿਚ ਤੁਹਾਡੇ ਹੱਕ ਵਿਚ ਬੋਲੇਗਾ 'ਤੇ ਤੁਸੀਂ ਜ਼ਰਾ ਦੂਰ ਹੋਵੋ ਝੱਟ ਤੁਹਾਨੂੰ ਘਟੀਆ ਹੋਣ ਦਾ ਸਰਟੀਫਿਕੇਟ ਦੇ ਦੇਵੇਗਾ। ਪਹਿਲੋਂ ਪਹਿਲੋਂ ਤਾਂ ਲੋਕ ਇਸਦਾ ਗੁੱਸਾ ਕਰਦੇ ਸਨ। ਪਰ ਹੁਣ ਲੋਕ ਇਸ ਮਿਕਨਾਤੀਸੀ ਸ਼ਖ਼ਸੀਅਤ ਦੇ ਬੋਲਾਂ ਦੇ ਆਦੀ ਹੋ ਗਏ ਹਨ। ਜਦੋਂ ਉਹ ਸਟੇਜ ਤੇ ਜਾਂ ਕਿਸੇ ਸਭਾ ਵਿਚ ਬਿਨਾਂ ਸਿਰ ਪੈਰ ਤੋਂ ਬੋਲ ਰਿਹਾ ਹੁੰਦਾ ਹੈ ਤਾਂ ਲੋਕ ਆਪਣੇ ਕੰਨਾਂ ਵਿਚ ਖਿਆਲੀ ਰੂੰ ਦੇ ਲੈਂਦੇ ਹਨ। ਕਈ ਸਾਲ ਅਸੀਂ ਉਸਦੀਆਂ ਗੱਲਾਂ ਨੂੰ ਵੀ ਚੂਹਾ ਲੱਭਣ ਵਾਂਗ ਹੀ ਸਮਝਦੇ ਰਹੇ।

ਪਿਛਲੇ ਦਿਨੀਂ ਇਕ ਸਮਾਗਮ ਦੌਰਾਨ ਜਦੋਂ ਸਭਾਪਤੀ ਨੇ ਨਾਮ ਲੈਕੇ ਇਸਨੂੰ ਦੋ ਮਿੰਟ ਲਈ ਸਟੇਜ ਤੇ ਬੁਲਾਇਆ। ਨਾਂਹ ਨਾ ਕਰਨ ਵਰਗੀ ਨਾਂਹ-ਨੁੱਕਰ ਕਰਦਾ ਸ਼ਬਦ ਘੁਮੇਟਣੀਆ  ਸਟੇਜ ਤੇ ਆ ਗਿਆ, ਜੋ ਉਸ ਭਾਸ਼ਨ ਦਿੱਤਾ ਕੁਝ ਇਸ ਤਰ੍ਹਾਂ ਸੀ,'ਦੋ ਮਿੰਟ ਮੈਂ ਨਹੀਂ ਬੋਲ ਸਕਦਾ ਮੈਨੂੰ ਅਗਰ ਦੋ ਮਿੰਟ ਬੁਲਾਣਾ ਹੋਵੇ ਤਾਂ ਇਕ ਦਿਨ ਪਹਿਲੋਂ ਦਸੋ, ਮੈਂ ਤਿਆਰੀ ਕਰਕੇ ਹੀ ਬੋਲ ਸਕਦਾ ਹਾਂ। ਹਾਂ ਬਿੰਨਾਂ ਤਿਆਰੀ ਤੋਂ ਮੈਂ ਦੋ ਘੰਟੇ ਬੋਲ ਸਕਦਾ ਹਾਂ। ਇਹ ਬਸ ਇਵੇਂ ਹੈ ਜਿਵੇਂ ਪਹਾੜ ਵਿਚ ਇਕ ਬੁੱਤ ਦਬਿਆ ਹੋਵੇ। ਜਿਸਨੇ ਇਕ ਦਿਨ ਸੋਚ ਲਿਆ ਕਿ ਬੁੱਤ ਕਿੱਥੇ ਹੈ ਉਹ ਦੋ ਮਿੰਟ ਵਿਚ ਬੁੱਤ ਕੱਢ ਲਏਗਾ ਤੇ ਜਿਸਨੂੰ ਤੁਸੀਂ ਝੱਟ ਦੇਣੀ ਬੁੱਤ ਕੱਢਣ ਲਈ ਆਖੋਗੇ, ਉਹ ਤਾਂ ਦੋ ਘੰਟੇ ਪਹਾੜ ਦੇ ਪੱਥਰ ਹੀ ਆਸੇ ਪਾਸੇ ਸੁਟੇਗਾ, ਬੁੱਤ ਉਸ ਨੂੰ ਨਹੀਂ ਲੱਭੇਗਾ। ਸੋ ਦੋਸਤੋ ਜੇਕਰ ਬੁੱਤ ਲਭਣਾ ਤਾਂ ਫੇਰ ਸਹੀ, ਜੇ ਫੇਰ ਨਹੀਂ ਤਾਂ........' ਤੇ ਉਹ ਘੱਟੋ ਘੱਟ 1 ਘੰਟੇ ਦਾ ਲੈਕਚਰ ਦੇ ਗਿਆ। ਮੇਰੇ ਨਾਲ ਬੈਠਾ ਇਕ ਕਵੀ ਬੋਲਿਆ 'ਦੇਖ ਕਿਵੇਂ ਪਹਾੜ ਦੇ ਪੱਥਰ ਪਾਸੇ ਸੁੱਟੀ ਜਾ ਰਿਹਾ ਹੈ।'

ਪਰ ਮੈਨੂੰ ਉਸਦਾ ਭਾਸ਼ਨ ਸੁਣ ਕਿ ਸਮਝ ਲਗ ਚੁੱਕੀ ਸੀ ਕਿ ਪਹਾੜ ਦੇ ਹੇਠਾਂ ਚੂਹਾ ਨਹੀਂ, ਬੁੱਤ ਹੈ ਤੇ ਹੋ ਸਕਦਾ ਉਹ ਬੁੱਤ ਹੋਵੇ ਵੀ ਚੂਹੇ ਦਾ ਹੀ। ਕਿਉਂਕਿ ਸਾਡੇ ਬਜ਼ੁਰਗ, ਜਿਨ੍ਹਾਂ ਨੇ 'ਪੁੱਟਿਆ ਪਹਾੜ ਤੇ ਨਿਕਲਾ ਚੂਹਾ' ਕਹਾਵਤ ਘੜੀ ਸੀ ਐਨੇ ਝੂਠੇ ਨਹੀਂ ਹੋ ਸਕਦੇ, ਜ਼ਰੂਰ ਉਨ੍ਹਾਂ ਨੂੰ ਲਭਿਆ ਵੀ ਚੂਹੇ ਦਾ ਬੁੱਤ ਹੀ ਹੋਵੇਗਾ, ਬਸ ਉਹ ਜਨਤਾ ਦਾ ਦਿਲ ਰੱਖ ਗਏ।

ਅਜੇ ਤਾਂ ਬਹੁਤ ਕੁਝ ਅਣਛੋਹਿਆ ਹੈ ....